17-DEC-PAGE-1.qxd 12/16/2022 8:58 PM Page 1


ਸ਼ਨੀਵਾਰ, 17 ਦਸੰਬਰ, 2022

2 ਪੋਹ { ਨਾਨਕਸ਼ਾਹੀ 554 / ਬਿਕਰਮੀ 2079

ਜਿਲਦ/VOL. : 71

ਅੰਕ/NO. : 197

# ਨਵਾਂ ਜ਼ਮਾਨਾ

DAILY NAWAN ZAMANA • SATURDAY, 17 DECEMBER, 2022

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.L.)-00068/57 | E-mail : nawanzamana@gmail.com | www.nawanzamana.in | ਸਫ਼ੇ : 12


# ਸਰਕਾਰ ਘੂਕ ਸੁੱਤੀ ਪਈ, ਚੀਨ ਵੱਲੋਂ ਜੰਗ ਦੀ ਤਿਆਰੀ : ਰਾਹੁਲ

**ਦੌਸਾ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਚੀਨ ਸਪੱਸ਼ਟ ਤੌਰ 'ਤੇ ਅਰੁਣਾਚਲ ਤੇ ਲੱਦਾਖ ਵਾਲੇ ਪਾਸੇ ਜੰਗ ਦੀ ਤਿਆਰੀ ਕਰ ਰਿਹਾ ਹੈ ਅਤੇ ਘੂਕ ਸੁੱਤੀ ਭਾਰਤ ਸਰਕਾਰ ਇਸਨੂੰ ਪ੍ਰਵਾਨ ਨਹੀਂ ਕਰ ਰਹੀ। ਉਨ੍ਹਾ ਕਿਹਾ—ਮੈਂ ਇਹ ਪਿਛਲੇ ਦੋ-ਤਿੰਨ ਸਾਲ ਤੋਂ ਕਹਿ ਰਿਹਾਂ ਹਾਂ ਕਿ ਚੀਨ ਜੰਗ ਦੀ ਤਿਆਰੀ ਕਰ ਰਿਹਾ ਹੈ ਪਰ ਸਰਕਾਰ ਖਤਰੇ ਨੂੰ ਲੁਕੋ ਰਹੀ ਹੈ ਜਾਂ ਨਜ਼ਰਅੰਦਾਜ਼ ਕਰ ਰਹੀ ਹੈ। ਪਰ ਖਤਰੇ ਨੂੰ ਅਣਡਿੱਠ ਤੇ ਅਣਗੌਲਿਆ ਨਹੀਂ ਜਾ ਸਕਦਾ, ਕਿਉਂਕਿ ਚੀਨ ਪੂਰੀ ਤਿਆਰੀ ਕਰ ਰਿਹਾ ਹੈ। ਰਾਹੁਲ ਨੇ ਕਿਹਾ ਕਿ ਉਨ੍ਹਾਂ ਦੇ ਹਥਿਆਰ ਦੇਖੋ। ਇਹ ਘੁਸਪੈਠ ਵਾਲੇ ਨਹੀਂ, ਜੰਗ ਵਾਲੇ ਹਨ। ਸਰਕਾਰ ਸ਼ਾਇਦ ਇਸਨੂੰ ਪ੍ਰਵਾਨ ਨਹੀਂ ਕਰ ਸਕਦੀ। ਜੋ ਹੋ ਰਿਹਾ ਹੈ ਉਸਨੂੰ ਸਮਝਣ ਦੀ ਲੋੜ ਹੈ।

ਚੀਨ ਬਾਰੇ ਸਵਾਲ ਪੁੱਛੇ ਜਾਣ ਤੋਂ ਪਹਿਲਾਂ ਰਾਹੁਲ ਨੇ ਕਿਹਾ—ਪ੍ਰੈੱਸ ਕਾਨਫਰੰਸ ਤੋਂ ਪਹਿਲਾਂ ਮੈਂ ਕਾਂਗਰਸ ਆਗੂਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੋਈ ਪੱਤਰਕਾਰ ਮੈਨੂੰ ਚੀਨ ਬਾਰੇ ਸਵਾਲ ਨਹੀਂ ਕਰੇਗਾ। ਪੱਤਰਕਾਰ ਸਚਿਨ ਪਾਇਲਟ, ਅਸ਼ੋਕ ਗਹਿਲੋਤ ਤੇ ਚੋਣਾਂ ਬਾਰੇ ਸਵਾਲ ਕਰਨਗੇ, ਪਰ ਚੀਨ ਬਾਰੇ ਨਹੀਂ। 9 ਦਸੰਬਰ ਨੂੰ ਅਰੁਣਾਚਲ ਦੇ ਤਵਾਂਗ ਸੈਕਟਰ ਵਿਚ ਭਾਰਤੀ ਤੇ ਚੀਨੀ ਫੌਜੀਆਂ ਵਿਚਾਲੇ ਝੜਪ ਵਿਚ ਦੋਹਾਂ ਧਿਰਾਂ ਦੇ ਜਵਾਨ ਜ਼ਖਮੀ ਹੋ ਗਏ ਸਨ। ਅਪੋਜ਼ੀਸ਼ਨ ਇਸ ਬਾਰੇ ਸੰਸਦ ਵਿਚ ਬਹਿਸ ਦੀ ਮੰਗ ਕਰ ਰਹੀ ਹੈ ਪਰ ਇਸਦੀ ਆਗਿਆ ਨਹੀਂ ਮਿਲ ਰਹੀ।



ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਪੱਠੇ ਕੁਤਰਦੇ ਹੋਏ।

ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ਫਾਸ਼ੀ ਪਾਰਟੀ ਨਹੀਂ ਹੈ ਅਤੇ ਇਸ ਵਿਚ ਹਰ ਕੋਈ ਰਾਇ ਦੇ ਸਕਦਾ ਹੈ। ਵਰਕਰਾਂ ਦੀ ਰਾਇ ਸੁਣੀ ਜਾਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਇਹ ਗਲਤ ਬਿਆਨੀਆ ਹੈ ਕਿ ਕਾਂਗਰਸ ਟੁੱਟ ਰਹੀ ਹੈ। ਭਾਜਪਾ ਢੱਠੇਗੀ ਤੇ ਕਾਂਗਰਸ ਹੀ ਢਾਹੇਗੀ। ਆਗੂਆਂ ਦੇ ਕਾਂਗਰਸ ਛੱਡਣ ਬਾਰੇ ਉਨ੍ਹਾ ਕਿਹਾ ਕਿ ਅਜਿਹੇ ਆਗੂ ਭਾਜਪਾ ਨਾਲ ਲੜਨਾ ਨਹੀਂ ਚਾਹੁੰਦੇ। ਰਾਹੁਲ ਗਾਂਧੀ ਨੇ ਇਹ ਵੀ ਕਿਹਾ—ਮੈਂ ਨਹੀਂ ਕਹਿੰਦਾ ਕਿ ਕਾਂਗਰਸ ਨੇ ਬੀਤੇ ਵਿਚ ਗਲਤੀਆਂ ਨਹੀਂ ਕੀਤੀਆਂ। ਮੇਰੇ ਸਣੇ ਹੋਰ ਆਗੂ ਲੋਕਾਂ ਤੋਂ ਦੂਰ ਹੋ ਗਏ ਸੀ। ਇਹ ਦੂਰੀ ਜਿਸਮਾਨੀ ਨਹੀਂ ਸਗੋਂ ਦੁਖਦਾਈ ਦੂਰੀ ਹੈ। ਆਪਣੀ ਯਾਤਰਾ ਵਿਚ ਅਸੀਂ ਲੋਕਾਂ ਦਾ ਇਹ ਦੁੱਖ ਮਹਿਸੂਸ ਕਰ ਰਹੇ ਹਾਂ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ, ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਅਤੇ ਸੂਬਾ ਕਾਂਗਰਸ ਪ੍ਰਧਾਨ ਪ੍ਰਤਿਭਾ ਸਿੰਘ ਸ਼ੁੱਕਰਵਾਰ ਰਾਜਸਥਾਨ ਵਿਚ ਰਾਹੁਲ ਗਾਂਧੀ ਦੇ ਨਾਲ 'ਭਾਰਤ ਜੋੜੋ ਯਾਤਰਾ' ਵਿਚ ਸ਼ਾਮਲ ਹੋਏ, ਜਿਸ ਦਾ ਸੌਵਾਂ ਦਿਨ ਸੀ।

## ਸਰਹਾਲੀ ਥਾਣੇ 'ਤੇ ਹਮਲੇ ਦਾ ਮਾਮਲਾ ਹੱਲ ਕਰ ਲੈਣ ਦਾ ਦਾਅਵਾ



**ਚੰਡੀਗੜ੍ਹ/ਤਰਨ ਤਾਰਨ (ਗੁਰਜੀਤ ਬਿੱਲਾ/ਪ੍ਰਿਤਪਾਲ ਸਿੰਘ)** : ਤਰਨ ਤਾਰਨ 'ਚ ਸਰਹਾਲੀ ਥਾਣੇ 'ਤੇ 9 ਦਸੰਬਰ ਨੂੰ ਰਾਤ 11.18 ਵਜੇ ਦੇ ਕਰੀਬ ਰਾਕਟ ਪ੍ਰੋਪੇਲਡ ਗ੍ਰਨੇਡ (ਆਰ ਪੀ ਜੀ) ਹਮਲੇ 'ਚ ਪੰਜਾਬ ਪੁਲਸ ਨੇ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ 'ਚੋਂ ਇੱਕ ਮੁਲਜ਼ਮ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਗਿਆ ਹੈ। ਮੁਲਜ਼ਮਾਂ 'ਚ 2 ਨਾਬਾਲਗ ਹਨ। ਪੁੱਛਗਿੱਛ 'ਚ ਸਾਹਮਣੇ ਆਇਆ ਕਿ ਕੈਨੇਡਾ ਬੈਠੇ ਗੈਂਗਸਟਰ ਲਖਬੀਰ ਲੰਡਾ ਨੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦੇ ਕਹਿਣ 'ਤੇ ਇਹ ਹਮਲਾ ਕਰਾਇਆ ਸੀ। ਮਾਮਲੇ ਵਿਚ ਹੁਣ ਤੱਕ ਛੇ ਜਣੇ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ।

ਡੀ ਜੀ ਪੀ ਗੌਰਵ ਯਾਦਵ ਨੇ ਸ਼ੁੱਕਰਵਾਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਮਲੇ ਦੀ ਸਾਜ਼ਿਸ਼ ਵਿਦੇਸ਼ ਰਹਿੰਦੇ ਲੋੜੀਂਦੇ ਅੱਤਵਾਦੀ ਲਖਬੀਰ ਸਿੰਘ ਉਰਫ ਲੰਡਾ ਹਰੀਕੇ, ਸਤਬੀਰ ਸਿੰਘ ਉਰਫ ਸੱਤਾ ਅਤੇ ਗੁਰਦੇਵ ਉਰਫ ਜੈਸਲ ਵੱਲੋਂ ਗੋਇੰਦਵਾਲ ਸਾਹਿਬ ਜੇਲ੍ਹ 'ਚ ਬੰਦ ਅਜਮੀਤ ਸਿੰਘ ਦੀ ਮਦਦ ਨਾਲ ਰਚੀ ਗਈ ਸੀ।

ਦੋ ਨਾਬਾਲਗਾਂ ਦੀ ਗ੍ਰਿਫਤਾਰੀ ਤੋਂ ਇਲਾਵਾ ਗ੍ਰਿਫਤਾਰ ਕੀਤੇ ਗਏ ਮਡਿਊਲ ਦੇ ਬਾਕੀ ਚਾਰ ਮੈਂਬਰਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਗੋਪੀ ਨੰਬਰਦਾਰ (18) ਵਾਸੀ ਨੌਸ਼ਹਿਰਾ ਪੰਨੂਆਂ, ਗੁਰਲਾਲ ਸਿੰਘ ਉਰਫ ਗਹਿਲਾ (19) ਵਾਸੀ ਚੋਹਲਾ ਸਾਹਿਬ, ਸੁਰਲਾਲਪਾਲ ਸਿੰਘ ਉਰਫ ਗੁਰਲਾਲ ਉਰਫ ਲਾਲੀ (21) ਵਾਸੀ ਪਿੰਡ ਠੱਠੀਆਂ ਮਹੰਤਾਂ ਅਤੇ ਜੋਬਨਪ੍ਰੀਤ ਸਿੰਘ ਉਰਫ ਜੋਬਨ (18) ਵਾਸੀ ਨੌਸ਼ਹਿਰਾ ਪੰਨੂਆਂ ਵਜੋਂ ਹੋਈ ਹੈ। ਗੋਪੀ ਨੰਬਰਦਾਰ, ਜੋ ਕਿਸੇ ਹੋਰ ਕੇਸ 'ਚ ਗ੍ਰਿਫ਼ਤਾਰ ਸੀ, ਨੂੰ ਨਾਬਾਲਗ ਹੋਣ ਕਰਕੇ ਜ਼ਮਾਨਤ ਦੇ ਦਿੱਤੀ ਗਈ ਸੀ। 22 ਨਵੰਬਰ, 2022 ਨੂੰ ਆਪਣੀ ਰਿਹਾਈ ਤੋਂ ਇਕ ਦਿਨ ਬਾਅਦ ਉਹ 18 ਸਾਲ ਦਾ ਹੋ ਗਿਆ ਸੀ ਅਤੇ ਫਿਰ ਵਿਦੇਸ਼-ਅਧਾਰਤ ਹੈਂਡਲਰਾਂ ਦੇ ਸੰਪਰਕ ਵਿੱਚ ਆ ਗਿਆ। ਵਿਦੇਸ਼-ਅਧਾਰਤ ਹੈਂਡਲਰਾਂ ਨੇ ਖੇਪ ਦੀ ਪ੍ਰਾਪਤੀ ਅਤੇ ਸੰਪਰਕ ਸਥਾਪਤ ਕਰਨ ਲਈ ਕੱਟ-ਆਊਟ ਅਤੇ ਡੈੱਡ ਲੈਟਰ ਬਾਕਸ (ਡੀ ਐੱਲ ਬੀ) ਤਕਨੀਕਾਂ ਦੀ ਵਰਤੋਂ ਕੀਤੀ ਤਾਂ ਜੋ ਮਡਿਊਲ ਦੇ ਮੈਂਬਰਾਂ ਨੂੰ ਹੈਂਡਲਰਾਂ ਦੁਆਰਾ ਸਿੱਧੇ ਤੌਰ 'ਤੇ ਕੰਮ ਸੌਂਪੇ ਜਾ ਸਕਣ। ਇੱਥੋਂ ਤੱਕ ਕਿ ਸਬ-ਮਡਿਊਲਾਂ ਦੀ ਪਛਾਣ ਵੀ ਦੂਜੇ ਸਬ-ਮਡਿਊਲਾਂ ਤੋਂ ਲੁਕੀ ਰਹੀ।

ਪੁਲਸ ਟੀਮਾਂ ਨੇ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਕਬਜ਼ੇ 'ਚੋਂ ਗੋਲੀ ਸਿੱਕੇ ਸਮੇਤ ਦੋ .32 ਬੋਰ ਅਤੇ ਇੱਕ .30 ਬੋਰ ਪਿਸਤੌਲ, ਇੱਕ ਹੈਂਡ ਗ੍ਰਨੇਡ ਪੀ-86 ਅਤੇ ਅਪਰਾਧ 'ਚ ਵਰਤਿਆ ਗਿਆ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਹਮਲੇ ਨੂੰ ਅੰਜਾਮ ਦੇਣ ਲਈ ਸੋਵੀਅਤ ਯੁੱਗ ਦੇ 70 ਐੱਮ ਐੱਮ ਬੋਰ ਦੇ ਆਰ ਪੀ ਜੀ-26 ਹਥਿਆਰ ਦੀ ਵਰਤੋਂ ਕੀਤੀ ਗਈ, ਜਿਸ ਨੂੰ 10 ਦਸੰਬਰ ਨੂੰ ਪਹਿਲਾਂ ਹੀ ਬਰਾਮਦ ਕਰ ਲਿਆ ਗਿਆ ਸੀ। ਇਹ ਹਥਿਆਰ, ਜਿਸ ਦੀ ਵਰਤੋਂ ਅਫਗਾਨਿਸਤਾਨ 'ਚ ਮੁਜਾਹਦੀਨ ਦੁਆਰਾ ਕੀਤੀ ਜਾਂਦੀ ਸੀ, ਸਰਹੱਦ ਪਾਰ ਤੋਂ ਮੰਗਵਾਇਆ ਗਿਆ ਸੀ।

ਡੀ ਜੀ ਪੀ ਨੇ ਦੱਸਿਆ ਕਿ ਤਰਨ ਤਾਰਨ ਪੁਲਸ ਨੇ ਪੰਜਾਬ ਪੁਲਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨਾਲ ਤਾਲਮੇਲ ਕਰਕੇ ਤਕਨੀਕੀ ਅਤੇ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਬਾਰੀਕੀ ਨਾਲ ਜਾਂਚ ਕੀਤੀ। ਗਰਾਊਂਡ ਇਨਵੈਸਟੀਗੇਸ਼ਨ ਦੀ ਅਗਵਾਈ ਐੱਸ ਐੱਸ ਪੀ ਤਰਨ ਤਾਰਨ ਗੁਰਮੀਤ ਚੌਹਾਨ ਅਤੇ ਉਨ੍ਹਾ ਦੀ ਟੀਮ ਨੇ ਕੀਤੀ, ਜਿਸ ਤੋਂ ਪਤਾ ਲੱਗਿਆ ਕਿ ਹਮਲੇ 'ਚ ਗੋਪੀ ਨੰਬਰਦਾਰ ਅਤੇ ਗੁਰਲਾਲ

● ਬਾਕੀ ਸਫ਼ਾ 2 'ਤੇ

## ਆਧਾਰ ਨਾਲ ਲਿੰਕ ਨਾ ਹੋਣ 'ਤੇ ਵੋਟ ਨਹੀਂ ਕੱਟੇਗੀ

**ਨਵੀਂ ਦਿੱਲੀ** : ਸਰਕਾਰ ਨੇ ਸ਼ੁੱਕਰਵਾਰ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਵੋਟਰ ਪਛਾਣ ਪੱਤਰ ਨਾਲ ਆਧਾਰ ਨੂੰ ਲਿੰਕ ਨਹੀਂ ਕੀਤਾ ਹੈ, ਉਨ੍ਹਾਂ ਦੇ ਨਾਂ ਵੋਟਰ ਸੂਚੀ ਤੋਂ ਨਹੀਂ ਹਟਾਏ ਜਾਣਗੇ। ਕਾਨੂੰਨ ਮੰਤਰੀ ਕਿਰਨ ਰਿਜੀਜੂ ਨੇ ਲੋਕ ਸਭਾ 'ਚ ਸਵਾਲ ਦੇ ਲਿਖਤੀ ਜਵਾਬ 'ਚ ਕਿਹਾ ਕਿ ਚੋਣ ਕਾਨੂੰਨ (ਸੋਧ) ਐਕਟ, 2021 ਇਹ ਵਿਵਸਥਾ ਕਰਦਾ ਹੈ ਕਿ ਵੋਟਰ ਆਪਣਾ ਆਧਾਰ ਨੰਬਰ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਮੁਹੱਈਆ ਕਰਵਾਏ ਪਰ ਇਹ ਲਾਜ਼ਮੀ ਨਹੀਂ ਸਗੋਂ ਸਵੈਇੱਛਤ ਹੈ।

## ਦਰਿਆਈ ਘੋੜੇ ਦੇ ਮੂੰਹ 'ਚੋਂ ਜਿਊਂਦਾ ਬਾਹਰ ਆਇਆ 2 ਸਾਲ ਦਾ ਮਾਸੂਮ



**ਯੁਗਾਂਡਾ**: ਅਫਰੀਕਾ ਦੇ ਯੁਗਾਂਡਾ ਦੀ ਇੱਕ ਘਟਨਾ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ, ਜਿੱਥੇ ਇੱਕ 2 ਸਾਲ ਦੇ ਬੱਚੇ ਨੂੰ ਦਰਿਆਈ ਘੋੜੇ ਨੇ ਨਿਗਲ ਲਿਆ। ਹਾਲਾਂਕਿ ਜਦ ਉਥੇ ਮੌਜੂਦ ਵਿਅਕਤੀ ਨੇ ਉਸ ਦੇ ਪੱਥਰ ਮਾਰਨੇ ਸ਼ੁਰੂ ਕੀਤੇ ਤਾਂ ਹੀਪੋ ਨੇ ਉਸ ਨੂੰ ਬਾਹਰ ਉਗਲ ਦਿੱਤਾ। ਚੰਗੀ ਗੱਲ ਇਹ ਰਹੀ ਕਿ ਘਟਨਾ 'ਚ ਬੱਚਾ ਜਿਊਂਦਾ ਬਚ ਗਿਆ। 'ਕੈਪੀਟਲ ਐਫ ਐਮ ਯੁਗਾਂਡਾ' ਅਨੁਸਾਰ ਇਹ ਬੱਚਾ ਕੈਟਵੇ ਕਬਾਟੋਰੋ ਦੇ ਸ਼ਹਿਰ ਦੀ ਇੱਕ ਝੀਲ ਕਿਨਾਰੇ ਘਰ ਕੋਲ ਖੇਡ ਰਿਹਾ ਸੀ, ਉਸੇ ਸਮੇਂ ਭੁੱਖੇ ਦਰਿਆਈ ਘੋੜੇ ਨੇ ਉਸ ਨੂੰ ਆਪਣੇ ਜਬਾੜ੍ਹਿਆਂ 'ਚ ਪਾ ਲਿਆ। ਇਸ ਤੋਂ ਪਹਿਲਾਂ ਕਿ ਹੀਪੋ ਬੱਚੇ ਨੂੰ ਪੂਰੀ ਤਰ੍ਹਾਂ ਨਿਗਲਦਾ, ਉਥੇ ਮੌਜੂਦ ਇੱਕ ਵਿਅਕਤੀ ਨੇ ਸਮਝਦਾਰੀ ਦਿਖਾਈ ਅਤੇ ਜਾਨਵਰ ਦੇ ਪੱਥਰ ਮਾਰਨ ਲੱਗਾ। ਇਸ ਨਾਲ ਹੀਪੋ ਨੇ ਬੱਚੇ ਨੂੰ ਬਾਹਰ ਉਗਲ ਦਿੱਤਾ। ਇਸ ਤੋਂ ਬਾਅਦ ਬੱਚੇ ਨੂੰ ਤੁਰੰਤ ਇਲਾਜ ਲਈ ਨੇੜੇ ਦੇ ਸ਼ਹਿਰ ਬਵੇਰਾ (ਕਾਂਗੋ) ਸਥਿਤ ਇੱਕ ਹਸਪਤਾਲ 'ਚ ਲਿਆਂਦਾ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ।

## ਨੀਟ ਯੂ ਜੀ ਪ੍ਰੀਖਿਆ 7 ਮਈ ਨੂੰ

**ਨਵੀਂ ਦਿੱਲੀ** : ਕੌਮੀ ਪ੍ਰੀਖਿਆ ਏਜੰਸੀ (ਐੱਨ ਟੀ ਏ) ਨੇ ਸ਼ੁੱਕਰਵਾਰ ਕਿਹਾ ਕਿ ਮੈਡੀਕਲ ਕੋਰਸਾਂ ਵਿਚ ਦਾਖਲੇ ਲਈ ਨੀਟ-ਯੂ ਜੀ (ਕੌਮੀ ਯੋਗਤਾ ਕਮ ਦਾਖਲਾ ਪ੍ਰੀਖਿਆ-ਅੰਡਰਗਰੈਜੂਏਟ) ਪ੍ਰੀਖਿਆ 7 ਮਈ 2023 ਨੂੰ ਕਰਵਾਈ ਜਾਵੇਗੀ। ਏਜੰਸੀ ਨੇ ਐਲਾਨ ਕੀਤਾ ਕਿ ਕੇਂਦਰੀ ਯੂਨੀਵਰਸਿਟੀ ਸਾਂਝੀ ਦਾਖਲਾ ਪ੍ਰੀਖਿਆ (ਸੀ ਯੂ ਈ ਟੀ) ਦਾ ਦੂਜਾ ਐਡੀਸ਼ਨ 21 ਤੋਂ 31 ਮਈ 2023 ਤੱਕ ਹੋਵੇਗਾ।

## ਛੱਤ ਡਿਗਣ ਨਾਲ ਮਜ਼ਦੂਰ ਦੀ ਮੌਤ

**ਪਟਿਆਲਾ** : ਬਿਸ਼ਨ ਨਗਰ ਦੀ ਗਲੀ ਨੰਬਰ-7 'ਚ ਸ਼ੁੱਕਰਵਾਰ ਤੜਕੇ 4.30 ਵਜੇ ਘਰ ਦੀ ਛੱਤ ਡਿੱਗਣ ਕਾਰਨ 25 ਸਾਲਾ ਸੁਰਜੀਤ ਸਿੰਘ ਉਰਫ ਰਾਜਵੀਰ ਸਿੰਘ ਦੀ ਮੌਤ ਹੋ ਗਈ। ਉਹ ਇਥੇ ਕਿਰਾਏਦਾਰ ਸੀ ਅਤੇ ਮਜ਼ਦੂਰੀ ਕਰਦਾ ਸੀ। ਮਕਾਨ ਮਾਲਕ ਤੇਲੂ ਰਾਮ ਮੁਤਾਬਕ ਲੈਂਟਰ ਕਾਫੀ ਸਾਲ ਪੁਰਾਣਾ ਸੀ। ਨਾਲ ਲੱਗਦਾ ਮਕਾਨ ਵੀ ਹਾਲ ਹੀ 'ਚ ਢਾਹਿਆ ਗਿਆ ਸੀ।

## ਨਿਯਮਤ ਵਾਹਨਾਂ ਦੀ ਭਾਰਤ ਸੀਰੀਜ਼ 'ਚ ਰਜਿਸਟ੍ਰੇਸ਼ਨ

**ਨਵੀਂ ਦਿੱਲੀ** : ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰਾਲੇ ਨੇ ਨਿਯਮਤ ਵਾਹਨਾਂ ਦੀਆਂ ਰਜਿਸਟ੍ਰੇਸ਼ਨਾਂ ਨੂੰ ਭਾਰਤ ਸੀਰੀਜ਼ (ਬੀ ਐੱਚ) ਨੰਬਰਾਂ ਵਿਚ ਬਦਲਣ ਦੀ ਇਜਾਜ਼ਤ ਦੇ ਦਿੱਤੀ ਹੈ। ਹੁਣ ਤੱਕ ਸਿਰਫ ਨਵੇਂ ਵਾਹਨਾਂ ਨੂੰ ਬੀ ਐੱਚ ਸੀਰੀਜ਼ ਦੀ ਚੋਣ ਕਰਨ ਦੀ ਇਜਾਜ਼ਤ ਸੀ ਪਰ ਇਸ ਲਈ ਜ਼ਰੂਰੀ ਕਰ ਦਾ ਭੁਗਤਾਨ ਕਰਨਾ ਪਵੇਗਾ।

## ਫੌਜੀ ਕੈਂਪ ਦੇ ਬਾਹਰ ਗੋਲੀਬਾਰੀ 'ਚ ਦੋ ਨਾਗਰਿਕਾਂ ਦੀ ਮੌਤ

**ਜੰਮੂ** : ਰਾਜੌਰੀ ਜ਼ਿਲ੍ਹੇ 'ਚ ਸ਼ੁੱਕਰਵਾਰ ਸਵੇਰੇ ਫੌਜ ਦੇ ਕੈਂਪ ਦੇ ਬਾਹਰ ਗੋਲੀਬਾਰੀ ਦੀ ਘਟਨਾ 'ਚ ਦੋ ਨਾਗਰਿਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਵਿਅਕਤੀ ਜ਼ਖਮੀ ਹੋ ਗਿਆ। ਫੌਜ ਨੇ ਗੋਲੀਬਾਰੀ ਅਤੇ ਆਮ ਨਾਗਰਿਕਾਂ ਦੀ ਮੌਤ ਲਈ ਅਣਪਛਾਤੇ ਦਹਿਸ਼ਤਗਰਦਾਂ ਨੂੰ ਜ਼ਿੰਮੇਵਾਰ ਠਹਿਰਾਇਆ, ਜਦੋਂ ਕਿ ਅਧਿਕਾਰੀਆਂ ਨੇ ਪਹਿਲਾਂ ਕਿਹਾ ਸੀ ਕਿ ਫੌਜ ਦੇ ਸੰਤਰੀ ਨੇ ਕਥਿਤ ਤੌਰ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਇਹ ਮੌਤਾਂ ਹੋਈਆਂ।

ਘਟਨਾ ਤੋਂ ਤੁਰੰਤ ਬਾਅਦ ਸਥਾਨਕ ਲੋਕ ਸੜਕਾਂ 'ਤੇ ਆ ਗਏ ਅਤੇ ਅਲਫਾ ਗੇਟ ਦੇ ਬਾਹਰ ਹੋਈਆਂ ਹੱਤਿਆਵਾਂ ਦੇ ਵਿਰੋਧ 'ਚ ਫੌਜ ਦੇ ਕੈਂਪ 'ਤੇ ਪਥਰਾਅ ਕੀਤਾ। ਗੁੱਸੇ 'ਚ ਆਏ ਲੋਕਾਂ ਨੇ ਜੰਮੂ-ਪੁਣਛ ਨੈਸ਼ਨਲ ਹਾਈਵੇਅ 'ਤੇ ਜਾਮ ਲਗਾ ਦਿੱਤਾ ਅਤੇ ਘਟਨਾ ਦੀ ਜਾਂਚ ਦੀ ਮੰਗ ਕੀਤੀ। ਮਾਰੇ ਗਏ ਵਿਅਕਤੀ ਫੌਜ ਦੇ ਨਾਲ ਪੋਰਟਰਾਂ (ਕੁਲੀ) ਵਜੋਂ ਕੰਮ ਕਰਦੇ ਸਨ। ਉਹ ਸਵੇਰੇ 6.15 ਵਜੇ ਦੇ ਕਰੀਬ ਫੌਜੀ ਕੈਂਪ ਦੇ ਅਲਫਾ ਗੇਟ ਕੋਲ ਜਾ ਰਹੇ ਸਨ, ਜਦੋਂ ਉਨ੍ਹਾਂ 'ਤੇ ਗੋਲੀਆਂ ਚੱਲੀਆਂ। ਗੋਲੀਬਾਰੀ 'ਚ ਰਾਜੌਰੀ ਦੇ ਰਹਿਣ ਵਾਲੇ ਸਲਿੰਦਰ ਕੁਮਾਰ ਅਤੇ ਕਮਲ ਕਿਸ਼ੋਰ ਦੀ ਮੌਤ ਹੋ ਗਈ।



## ਭਾਰਤੀ ਫੌਜ ਮਜ਼ਬੂਤ ਸਥਿਤੀ 'ਚ : ਜਨਰਲ ਕਲਿਤਾ

**ਕੋਲਕਾਤਾ** : ਪੂਰਬੀ ਥਲ ਸੈਨਾ ਦੇ ਕਮਾਂਡਰ ਲੈਫਟੀਨੈਂਟ ਜਨਰਲ ਆਰ ਪੀ ਕਲਿਤਾ ਨੇ ਸ਼ੁੱਕਰਵਾਰ ਕਿਹਾ ਕਿ ਦੇਸ਼ ਦੀ ਉੱਤਰੀ ਸਰਹੱਦ ਨਾਲ ਲੱਗਦੇ ਸਰਹੱਦੀ ਖੇਤਰ ਸਥਿਰ ਹਨ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਭਾਰਤੀ ਹਥਿਆਰਬੰਦ ਬਲ ਇਨ੍ਹਾਂ ਖੇਤਰਾਂ 'ਚ ਮਜ਼ਬੂਤ ਸਥਿਤੀ 'ਚ ਹਨ।

ਕਲਿਤਾ ਨੇ ਕਿਹਾ ਕਿ ਭਾਰਤੀ ਫੌਜ ਅਤੇ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ ਦੇ ਅਸਲ ਕੰਟਰੋਲ ਰੇਖਾ 'ਤੇ ਕਈ ਬਿੰਦੂਆਂ 'ਤੇ ਵੱਖੋ-ਵੱਖਰੇ ਵਿਚਾਰ ਹਨ। ਇਨ੍ਹਾਂ ਵਿੱਚੋਂ ਇੱਕ ਪੁਆਇੰਟ 'ਤੇ ਪੀ ਐੱਲ ਏ ਨੇ ਤਵਾਂਗ ਸੈਕਟਰ 'ਚ ਐੱਲ ਏ ਸੀ ਦੀ ਉਲੰਘਣਾ ਕੀਤੀ, ਜਿਸ ਦਾ ਭਾਰਤੀ ਬਲਾਂ ਨੇ ਸਖਤ ਜਵਾਬ ਦਿੱਤਾ।

## ਕਾਂਗਰਸ ਕਿਸਾਨਾਂ ਦੇ ਮੁੱਦੇ 'ਤੇ ਸਿਆਸਤ ਖੇਡ ਰਹੀ : ਤੋਮਰ

**ਨਵੀਂ ਦਿੱਲੀ** : ਰਾਜ ਸਭਾ 'ਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਸ਼ੁੱਕਰਵਾਰ ਕਾਂਗਰਸ 'ਤੇ ਕਿਸਾਨਾਂ ਦੇ ਮੁੱਦੇ 'ਤੇ ਰਾਜਨੀਤੀ ਕਰਨ ਅਤੇ ਖੇਤੀਬਾੜੀ ਕਾਨੂੰਨਾਂ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਗਾਇਆ। ਪਿਛਲੇ ਸਾਲ ਦੇ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੇਣ ਦੇ ਵਾਅਦੇ ਬਾਰੇ ਕਾਂਗਰਸ ਮੈਂਬਰ ਦੀਪੇਂਦਰ ਹੁੱਡਾ ਦੇ ਸਵਾਲ ਦੇ ਜਵਾਬ 'ਚ ਤੋਮਰ ਨੇ ਕਿਹਾ ਕਿ ਇਸ ਪ੍ਰਸਤਾਵ 'ਤੇ ਗੌਰ ਕਰਨ ਲਈ ਕਮੇਟੀ ਕਾਇਮ ਕੀਤੀ ਗਈ ਹੈ। ਕਮੇਟੀ ਘੱਟੋ-ਘੱਟ ਸਮਰਥਨ ਮੁੱਲ 'ਤੇ ਵਿਚਾਰ ਕਰ ਰਹੀ ਹੈ ਅਤੇ ਉਸ ਕਮੇਟੀ 'ਚ ਕਿਸਾਨ ਯੂਨੀਅਨਾਂ ਦੇ ਨੁਮਾਇੰਦੇ ਵੀ ਸ਼ਾਮਲ ਹਨ।

## ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦੀ ਗਿਣਤੀ 65 ਹੋਈ

**ਪਟਨਾ** : ਬਿਹਾਰ 'ਚ ਜ਼ਹਿਰੀਲੀ ਸ਼ਰਾਬ ਗਰੀਬਾਂ 'ਤੇ ਕਹਿਰ ਬਣ ਕੇ ਟੁੱਟ ਰਹੀ ਹੈ। ਛਪਰਾ 'ਚ ਸ਼ੁੱਕਰਵਾਰ ਦੁਪਹਿਰ ਤੱਕ ਕੁੱਲ 60 ਲੋਕਾਂ ਦੀ ਜ਼ਹਿਰੀਲੀ ਸ਼ਰਾਬ ਨਾਲ ਮੌਤ ਹੋ ਗਈ। ਸੀਵਾਨ 'ਚ ਵੀ ਹੁਣ ਜ਼ਹਿਰੀਲੀ ਸ਼ਰਾਬ ਦਾ ਕਹਿਰ ਸ਼ੁਰੂ ਹੋ ਗਿਆ, ਇਸ ਜ਼ਿਲ੍ਹੇ 'ਚ 5 ਲੋਕਾਂ ਦੀ ਜਾਨ ਜਾਣ ਦੀ ਖ਼ਬਰ ਹੈ। ਬਿਹਰ 'ਚ ਚਾਰ ਦਿਨਾ ਦੇ ਅੰਦਰ 65 ਲੋਕਾਂ ਦੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤ ਹੋ ਚੁੱਕੀ ਹੈ। ਹਾਲੇ ਕੁਝ ਹਸਪਤਾਲ 'ਚ ਭਰਤੀ ਹਨ। ਸੀਵਾਨ 'ਚ ਬ੍ਰਹਮਸਥਾਨ ਦੇ ਚੌਕੀਦਾਰ ਦੀ ਵੀ ਸ਼ਰਾਬ ਨਾਲ ਮੌਤ ਹੋਈ। ਇਸ ਤੋਂ ਇਲਾਵਾ ਸਾਰਣ ਜ਼ਿਲ੍ਹੇ ਦੇ ਇਸੂਆਪੁਰ ਦੇ ਚੌਕੀਦਾਰ ਦਾ ਪੁੱਤਰ ਵੀ ਮਰ ਗਿਆ।

ਖ਼ਬਰ ਹੈ ਕਿ ਸ਼ਰਾਬ ਕਾਂਡ ਦੇ ਪੀੜਤ ਪਰਵਾਰਾਂ 'ਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਲਾਸ਼ਾਂ ਨੂੰ ਜਲਾਉਣ ਅਤੇ ਪੀੜਤਾਂ ਨੂੰ ਡਰਾ-ਧਮਕਾ ਕੇ ਮੌਤ ਦੇ ਅੰਕੜੇ ਨੂੰ ਲੁਕਾਇਆ ਜਾ ਰਿਹਾ ਹੈ। ਜ਼ਹਿਰੀਲੀ ਸ਼ਰਾਬ ਕਾਂਡ ਦੀ ਜਾਂਚ ਲਈ ਗਠਿਤ ਐੱਸ ਆਈ ਟੀ ਨੇ 20 ਤੋਂ ਜ਼ਿਆਦਾ ਲੋਕਾਂ ਨੂੰ ਹਿਰਾਸਤ 'ਚ ਲਿਆ ਹੈ। ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਇਸੇ ਦੌਰਾਨ ਸ਼ਰਾਬ ਨਾਲ ਮੌਤਾਂ ਦੀ ਐੱਸ ਆਈ ਟੀ ਤੋਂ ਜਾਂਚ ਕਰਾਉਣ ਲਈ ਸੁਪਰੀਮ ਕੋਰਟ 'ਚ ਅਰਜ਼ੀ ਦਾਖ਼ਲ ਕੀਤੀ ਗਈ ਹੈ। ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਪੀ ਐੱਸ ਨਰਸਿਮ੍ਹਾ ਦੀ ਬੈਂਚ ਦੇ ਸਾਹਮਣੇ ਇਹ ਅਰਜ਼ੀ ਪੇਸ਼ ਹੋਈ ਹੈ ਅਤੇ ਇਸ ਨੂੰ ਤਤਕਾਲ ਸੂਚੀਬੱਧ ਕਰਨ ਲਈ ਕਿਹਾ ਗਿਆ। ਬੈਂਚ ਨੇ ਇਸ ਮਾਮਲੇ ਦਾ ਜ਼ਿਕਰ ਕਰਨ ਵਾਲੇ ਵਕੀਲ ਪਵਨ ਪ੍ਰਕਾਸ਼ ਪਾਠਕ ਨੂੰ ਕਿਹਾ ਕਿ ਪਟੀਸ਼ਨਕਰਤਾ ਨੂੰ ਮਾਮਲੇ ਨੂੰ ਸੂਚੀਬੱਧ ਕਰਨ ਲਈ ਸਹੀ ਪ੍ਰਕਿਰਿਆ ਦਾ ਪਾਲਣ ਕਰਨਾ ਹੋਵੇਗਾ।

ਸਿਖਰਲੀ ਅਦਾਲਤ 'ਚ ਸ਼ੁੱਕਰਵਾਰ ਤੋਂ ਦੋ ਹਫਤਿਆਂ ਦੀਆਂ ਸ਼ਰਦ ਰੁੱਤ ਦੀਆਂ ਛੁੱਟੀਆਂ ਹੋ ਗਈਆਂ। ਇਸ ਤੋਂ ਬਾਅਦ ਅਦਾਲਤ ਦਾ ਕੰਮਕਾਜ ਦੋ ਜਨਵਰੀ ਨੂੰ ਆਰੰਭ ਹੋਵੇਗਾ। ਇੱਥੇ ਛਪਰਾ ਜ਼ਿਲ੍ਹੇ 'ਚ ਹੀ ਸ਼ੁੱਕਰਵਾਰ ਤੱਕ 60 ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਯੂਕਰੇਨ 'ਤੇ ਪੂਰੀ ਤਾਕਤ ਨਾਲ ਰੂਸ ਨੇ ਫਿਰ ਬੋਲਿਆ ਹਮਲਾ

**ਨਵੀਂ ਦਿੱਲੀ** : ਯੂਕਰੇਨ ਅਤੇ ਰੂਸ ਵਿਚਾਲੇ ਮਹੀਨਿਆਂ ਤੋਂ ਚੱਲੀ ਆ ਰਹੀ ਜੰਗ ਰੁਕਣ ਦਾ ਨਾਂਅ ਨਹੀਂ ਲੈ ਰਹੀ। ਯੂਕਰੇਨ 'ਚ ਰੂਸ ਨੇ ਇੱਕ ਵਾਰ ਫਿਰ ਤੋਂ ਹਮਲੇ ਤੇਜ਼ ਕਰ ਦਿੱਤੇ ਹਨ। ਸ਼ੁੱਕਰਵਾਰ ਨੂੰ ਰਾਜਧਾਨੀ ਕੀਵ 'ਚ ਕਈ ਥਾਈਂ ਧਮਾਕੇ ਸੁਣਾਈ ਦਿੱਤੇ। ਰੂਸ ਨੇ ਸ਼ੁੱਕਰਵਾਰ ਨੂੰ ਯੂਕਰੇਨ 'ਤੇ ਤਾਬੜਤੋੜ ਹਵਾਈ ਹਮਲੇ ਕੀਤੇ। ਜਿਸ 'ਚ ਕਈ ਊਰਜਾ ਕੇਂਦਰ ਅਤੇ ਅਹਿਮ ਇਮਾਰਤਾਂ ਤਬਾਹ ਹੋ ਗਈਆਂ। ਰੂਸੀ ਹਮਲਿਆਂ ਕਾਰਨ ਖਾਰਕੀਵ ਅਤੇ ਸੂਮੀ ਦੇ ਇਲਾਕਿਆਂ 'ਚ ਬਿਜਲੀ ਠੱਪ ਹੋ ਗਈ ਹੈ। ਰਾਸ਼ਟਰਪਤੀ ਜੇਲੇਂਸਕੀ ਦੇ ਦਫ਼ਤਰ ਤੋਂ ਮਿਲੀ ਜਾਣਕਾਰੀ ਮੁਤਾਬਿਕ ਮਿਜ਼ਾਇਲ ਅਟੈਕ ਨਾਲ ਇੱਕ ਬਿਲਡਿੰਗ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਦੇ ਮਲਬੇ 'ਚ ਹਾਲੇ ਵੀ ਲੋਕ ਫਸੇ ਹੋਣ ਦਾ ਖਦਸ਼ਾ ਹੈ। ਕੀਵ ਦੇ ਮੇਅਰ ਵਿਟਾਲੀ ਕਿਲਟਸਕੋ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦ ਤੱਕ ਰੂਸ ਹਵਾਈ ਹਮਲੇ ਬੰਦ ਨਹੀਂ ਕਰ ਦਿੰਦਾ, ਉਹ ਬੰਕਰਾਂ 'ਚ ਹੀ ਰਹਿਣ। ਇਨ੍ਹਾਂ ਹਮਲਿਆਂ ਤੋਂ ਬਾਅਦ ਕੀਵ ਸਮੇਤ ਕਈ ਸ਼ਹਿਰਾਂ 'ਚ ਬਲੈਕ ਆਊਟ ਹੋ ਗਿਆ। ਲੋਕਾਂ ਨੇ ਖੁੱਦ ਨੂੰ ਬਚਾਉਣ ਲਈ ਸਟੇਸ਼ਨਾਂ 'ਚ ਸ਼ਰਣ ਲਈ। ਰਿਪੋਰਟਾਂ ਅਨੁਸਾਰ ਯੂਕਰੇਨ ਦੀ ਧਰਤੀ 'ਤੇ ਰੂਸੀ ਸੈਨਿਕਾਂ ਨੇ ਇੱਕ ਵਾਰ ਫਿਰ ਹਮਲਾ ਤੇਜ਼ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਸ਼ੁੱਕਰਵਾਰ ਸਵੇਰੇ ਕੀਵ ਸਮੇਤ ਯੂਕਰੇਨ ਦੇ ਕਈ ਸ਼ਹਿਰਾਂ 'ਤੇ ਧਮਾਕੇ ਹੋਏ।

## ਪਾਕਿਸਤਾਨ ਚੰਗਾ ਗੁਆਂਢੀ ਬਣੇ : ਜੈਸ਼ੰਕਰ

**ਸੰਯੁਕਤ ਰਾਸ਼ਟਰ** : ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਦੁਨੀਆ ਪਾਕਿਸਤਾਨ ਨੂੰ ਅੱਤਵਾਦ ਦੇ ਕੇਂਦਰ ਵਜੋਂ ਦੇਖਦੀ ਹੈ। ਪਾਕਿਸਤਾਨ ਨੂੰ ਆਪਣੀਆਂ ਹਰਕਤਾਂ ਨੂੰ ਸੁਧਾਰ ਕੇ ਚੰਗੇ ਗੁਆਂਢੀ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾ ਭਾਰਤ ਦੇ ਗੁਆਂਢੀ ਦੇਸ਼ 'ਤੇ ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੇ ਉਸ ਬਿਆਨ ਨੂੰ ਵੀ ਦੁਹਰਾਇਆ, ਜਿਸ 'ਚ ਉਨ੍ਹਾ ਕਿਹਾ ਸੀ ਕਿ ਜਿਹੜੇ ਆਪਣੇ ਵਿਹੜੇ 'ਚ ਸੱਪ ਪਾਲਦੇ ਹਨ, ਉਹੀ ਸੱਪ ਇਕ ਦਿਨ ਉਨ੍ਹਾਂ ਨੂੰ ਡੱਸ ਜਾਂਦਾ ਹੈ। ਜੈਸ਼ੰਕਰ ਨੇ ਭਾਰਤ ਦੀ ਪ੍ਰਧਾਨਗੀ ਹੇਠ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰੋਗਰਾਮ 'ਗਲੋਬਲ ਕਾਊਂਟਰ ਟੈਰੋਰਿਜ਼ਮ ਅਪ੍ਰੋਚ : ਚੈਲੇਂਜ ਐਂਡ ਵੇਅ ਫਾਰਵਰਡ' ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਪਰੋਕਤ ਟਿੱਪਣੀ ਕੀਤੀ।

## ਕੈਂਚੀ ਮਾਰ ਕੇ ਵਿਦਿਆਰਥਣ ਪਹਿਲੀ ਮੰਜ਼ਲ ਤੋਂ ਸੁੱਟੀ

**ਨਵੀਂ ਦਿੱਲੀ** : ਪੰਜਵੀਂ ਦੀ ਵਿਦਿਆਰਥਣ ਦੇ ਸਿਰ 'ਤੇ ਕੈਂਚੀ ਨਾਲ ਵਾਰ ਕਰਨ ਅਤੇ ਫਿਰ ਉਸ ਨੂੰ ਸਕੂਲ ਦੀ ਇਮਾਰਤ ਦੀ ਪਹਿਲੀ ਮੰਜ਼ਿਲ ਤੋਂ ਸੁੱਟਣ ਦੇ ਦੋਸ਼ 'ਚ ਸ਼ੁੱਕਰਵਾਰ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਨੂੰ ਹਿਰਾਸਤ 'ਚ ਲੈ ਲਿਆ ਗਿਆ। ਇਹ ਘਟਨਾ ਦਿੱਲੀ ਦੇ ਰਾਣੀ ਝਾਂਸੀ ਰੋਡ ਨੇੜੇ ਮਾਡਲ ਬਸਤੀ ਦੇ ਸਾਹਮਣੇ ਪ੍ਰਾਥਮਿਕ ਵਿਦਿਆਲਿਆ ਦੀ ਹੈ। ਵਿਦਿਆਰਥਣ ਦਾ ਹਿੰਦੂਰਾਓ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ ਤੇ ਉਹ ਖਤਰੇ ਤੋਂ ਬਾਹਰ ਹੈ। ਮੁਲਜ਼ਮ ਅਧਿਆਪਕਾ ਦੀ ਪਛਾਣ ਗੀਤਾ ਦੇਸਵਾਲ ਵਜੋਂ ਹੋਈ ਹੈ। ਜਾਂਚ ਨਾਲ ਜੁੜੇ ਅਧਿਕਾਰੀ ਨੇ ਦੱਸਿਆ ਕਿ ਚਸ਼ਮਦੀਦ ਗਵਾਹ ਦੇ ਬਿਆਨ ਦੇ ਆਧਾਰ 'ਤੇ ਭਾਰਤੀ ਦੰਡਾਵਲੀ ਦੀ ਧਾਰਾ 307 (ਕਤਲ ਦੀ ਕੋਸ਼ਿਸ਼) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਬੱਚਿਆਂ ਨੇ ਦੱਸਿਆ ਕਿ ਅਧਿਆਪਕਾ ਪਹਿਲਾਂ ਵੀ ਵਿਦਿਆਰਥੀਆਂ ਨੂੰ ਕੁੱਟ ਚੁੱਕੀ ਹੈ ਪਰ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

## ਮੁੱਖ ਮੰਤਰੀ ਵੱਲੋਂ ਪਛਵਾੜਾ ਖਾਣ ਤੋਂ ਪੁੱਜੇ ਪਹਿਲੇ ਕੋਲਾ ਰੈਕ ਦਾ ਸਵਾਗਤ

**ਰੂਪਨਗਰ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪੰਜਾਬ ਵਾਧੂ ਬਿਜਲੀ ਵਾਲਾ ਸੂਬਾ ਬਣਨ ਵੱਲ ਵੱਡਾ ਕਦਮ ਵਧਾ ਰਿਹਾ ਹੈ ਕਿਉਂਕਿ ਰਾਜ ਦੇ ਕਿਸੇ ਵੀ ਤਾਪ ਬਿਜਲੀ ਘਰ ਨੂੰ ਕੋਲੇ ਦੀ ਕਿੱਲਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਸੂਬੇ ਲਈ ਨਿਰਧਾਰਤ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੇ ਪੁੱਜੇ ਪਹਿਲੇ ਰੈਕ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੇਸ਼ ਦਾ ਇਕਲੌਤਾ ਵਾਧੂ ਬਿਜਲੀ ਵਾਲਾ ਸੂਬਾ ਬਣੇਗਾ। ਉਨ੍ਹਾਂ ਕਿਹਾ ਕਿ ਝੋਨੇ ਦੇ ਪਿਛਲੇ ਸੀਜ਼ਨ ਦੌਰਾਨ ਪੰਜਾਬ ਨੇ ਪਿਛਲੇ ਸਾਲ ਦੇ ਮੁਕਾਬਲੇ 83 ਫੀਸਦੀ ਵੱਧ ਬਿਜਲੀ ਦਾ ਉਤਪਾਦਨ ਕੀਤਾ। ਭਗਵੰਤ ਮਾਨ ਨੇ ਉਮੀਦ ਜਤਾਈ ਕਿ ਪਛਵਾੜਾ ਖਾਣ ਤੋਂ ਕੋਲੇ ਦੀ ਸਪਲਾਈ ਸ਼ੁਰੂ ਹੋਣ ਨਾਲ ਬਿਜਲੀ ਦਾ ਉਤਪਾਦਨ ਕਈ ਗੁਣਾ ਵਧੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਪਛਵਾੜਾ ਕੋਲਾ ਖਾਣ ਸੂਬੇ ਨੂੰ ਅਲਾਟ ਹੋਈ ਸੀ ਪਰ 2015 ਤੋਂ ਇਹ ਖਾਣ ਬੰਦ ਪਈ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਕੇਸ ਲੰਬਿਤ ਪਿਆ ਸੀ ਪਰ ਪਿਛਲੀਆਂ ਸਰਕਾਰਾਂ ਨੇ ਕੋਲੇ ਦੀ ਸਪਲਾਈ ਬਹਾਲ ਕਰਨ ਵੱਲ ਕੋਈ ਧਿਆਨ ਨਹੀਂ

● ਬਾਕੀ ਸਫ਼ਾ 2 'ਤੇ

## ਆਸ਼ੂ ਦੇ ਪੀ ਏ ਵੱਲੋਂ ਆਤਮ-ਸਮਰਪਣ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਅਨਾਜ ਮੰਡੀਆਂ ਵਿੱਚ ਹੋਏ ਬਹੁ-ਕਰੋੜੀ ਢੋਆ-ਢੁਆਈ ਸੰਬੰਧੀ ਟੈਂਡਰ ਘੁਟਾਲੇ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਨੇ ਸ਼ੁੱਕਰਵਾਰ ਭਗੌੜੇ ਚਲੇ ਆ ਰਹੇ ਮੁਲਜ਼ਮ ਪੰਕਜ ਮਲਹੋਤਰਾ ਉਰਫ ਮੀਨੂੰ ਮਲਹੋਤਰਾ ਨੂੰ ਗ੍ਰਿਫਤਾਰ ਕਰ ਲਿਆ, ਜਦੋਂ ਉਸ ਨੇ ਲੁਧਿਆਣਾ ਵਿਖੇ ਵਿਜੀਲੈਂਸ ਬਿਊਰੋ ਦੇ ਦਫਤਰ ਵਿੱਚ ਆਤਮ ਸਮਰਪਣ ਕੀਤਾ।

ਇਹ ਮੁਲਜ਼ਮ ਸਾਬਕਾ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਲ ਪੀ.ਏ. ਵਜੋਂ ਕੰਮ ਕਰਦਾ ਰਿਹਾ ਹੈ। ਵਿਜੀਲੈਂਸ ਵੱਲੋਂ ਚਲਾਈ ਗਈ ਕਾਨੂੰਨੀ ਕਾਰਵਾਈ ਕਾਰਨ ਉਸ ਨੂੰ ਖਦਸ਼ਾ ਸੀ ਕਿ ਅਦਾਲਤ ਉਸ ਨੂੰ ਇਸ ਘੁਟਾਲੇ ਵਿੱਚ ਭਗੌੜਾ ਐਲਾਨ ਸਕਦੀ ਹੈ, ਕਿਉਂਕਿ ਵਿਜੀਲੈਂਸ ਬਿਊਰੋ ਨੇ ਪਹਿਲਾਂ ਹੀ ਉਸ ਨੂੰ ਅਤੇ ਇੱਕ ਹੋਰ ਮੁਲਜ਼ਮ ਇੰਦਰਜੀਤ ਸਿੰਘ ਉਰਫ ਇੰਡੀ ਜੋ ਉਕਤ ਸਾਬਕਾ ਮੰਤਰੀ ਦਾ ਪੀ.ਏ. ਸੀ, ਵਿਰੁੱਧ ਇਸ ਬਾਰੇ ਅਦਾਲਤੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ ਅਤੇ ਉਸ ਕੇਸ ਦੀ ਸੁਣਵਾਈ ਦੀ ਅਗਲੀ ਤਾਰੀਖ 23 ਦਸੰਬਰ ਨਿਰਧਾਰਤ ਕੀਤੀ ਗਈ ਸੀ।

## ਅੱਜ-ਨਾਮਾ

ਬਿਨਾਂ ਨਾਗਾ ਹੀ ਜਾਂਦੇ ਆ ਫੜੇ ਅਫਸਰ,
ਭ੍ਰਿਸ਼ਟਾਚਾਰ ਨੂੰ ਪਈ ਨਹੀਂ ਰੋਕ ਮੀਆਂ।
ਵੱਢੀ ਬਿਨਾਂ ਨਾ ਖਿਸਕਦੀ ਫਾਈਲ ਅੱਗੇ,
ਚੱਟੀਆਂ ਭਰਦੇ ਮਜਬੂਰ ਨੇ ਲੋਕ ਮੀਆਂ।
ਵਿਜੀਲੈਂਸ ਦੇ ਦਬਕੇ ਦਾ ਅਸਰ ਉਲਟਾ,
ਵਧਾਏ ਰਿਸਕ ਨੇ ਰੇਟ ਹਨ ਥੋਕ ਮੀਆਂ।
ਚੂਸ ਰਹੀ ਲੋਕਾਂ ਦਾ ਖ਼ੂਨ ਹੈ ਦਿਨ ਦੀਵੀਂ,
ਕੁਰਸੀ-ਕੁਰਸੀ ਨੂੰ ਚਿੰਬੜੀ ਜੋਕ ਮੀਆਂ।
ਲਿਆਊ ਲੂਣ ਦਾ ਕੋਈ ਜੀ ਬੁੱਕ ਕਿਧਰੋਂ,
ਜੋਕਾਂ ਉੱਪਰ ਫਿਰ ਦੇਣਾ ਈ ਧੂੜ ਮੀਆਂ।
ਬਿਧ ਬਣੇ ਨਾ ਅਜੇ ਕੋਈ ਇਸ ਤਰ੍ਹਾਂ ਦੀ,
ਸੁਫਨਾ ਲਿਆ ਇਹ ਜਾਪਦਾ ਕੂੜ ਮੀਆਂ।

-ਤੀਸ ਮਾਰ ਖਾਂ

## ਸਕੂਲਾਂ ਦੀ ਘੱਟ ਤੇ ਫਰਜ਼ੀ ਹਾਜ਼ਰੀ ਦਾ ਲਿਆ ਸਖਤ ਨੋਟਿਸ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਰਾਜ ਦੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਲ-ਨਾਲ ਸਿੱਖਿਆ ਦੇ ਮਿਆਰ ਨੂੰ ਹੋਰ ਬਿਹਤਰ ਬਣਾ ਕੇ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣਾਵਾਂਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉੱਪ ਮੁੱਖ ਮੰਤਰੀ ਦਿੱਲੀ ਮਨੀਸ਼ ਸਿਸੋਦੀਆ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਸ਼ੁੱਕਰਵਾਰ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕਰਨ ਉਪਰੰਤ ਕੀਤਾ।

**ਸਿਸੋਦੀਆ ਤੇ ਬੈਂਸ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੇ ਸਕੂਲਾਂ ਦਾ ਦੌਰਾ**



ਜ਼ਿਕਰਯੋਗ ਹੈ ਕਿ ਪੰਜਾਬ ਦੀ ਸਕੂਲ ਸਿੱਖਿਆ ਵਿੱਚ ਸੁਧਾਰ ਲਿਆਉਣ ਦੇ ਮਕਸਦ ਨਾਲ ਵੀਰਵਾਰ ਤੋਂ ਸਿਸੋਦੀਆ ਅਤੇ ਬੈਂਸ ਸਮੇਤ ਉੱਚ ਸਿੱਖਿਆ ਅਧਿਕਾਰੀਆਂ ਦੀ ਟੀਮ ਸਰਹੱਦੀ ਖੇਤਰ ਦੇ ਸਕੂਲਾਂ ਦਾ ਦੌਰਾ ਕਰ ਰਹੀ ਹੈ।

ਸ਼ੁੱਕਰਵਾਰ ਮਨੀਸ਼ ਸਿਸੋਦੀਆ ਅਤੇ ਬੈਂਸ ਨੇ ਮਾਤਾ ਗੰਗਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਤਰਨ ਤਾਰਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਰਨ ਤਾਰਨ, ਸਰਕਾਰੀ ਮਿਡਲ ਸਕੂਲ ਉਸਮਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਅਤੇ ਸਰਕਾਰੀ ਐਲੀਮੈਂਟਰੀ ਸਕੂਲ ਕੈਰੋਂ ਵਿੱਚ ਜਾ ਕੇ ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਸਿੱਖਿਆ ਸੁਧਾਰਾਂ ਸੰਬੰਧੀ ਸੁਝਾਅ ਲਏ। ਇਸ ਦੌਰਾਨ ਸਿਸੋਦੀਆ ਤੇ ਬੈਂਸ ਨੇ ਸਰਕਾਰੀ ਐਲੀਮੈਂਟਰੀ ਸਕੂਲ ਕੈਰੋਂ ਦੀ ਇਮਾਰਤ ਤੇ ਵਿੱਦਿਅਕ ਪ੍ਰਬੰਧਾਂ ਦੀ ਪ੍ਰਸੰਸਾ ਕੀਤੀ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਰਨ ਤਾਰਨ ਵਿਖੇ ਸਕੂਲ ਦੇ ਵਿਦਿਆਰਥੀਆਂ ਦੀ ਘੱਟ ਅਤੇ ਫਰਜ਼ੀ ਹਾਜ਼ਰੀ ਦਾ ਸਖਤ ਨੋਟਿਸ ਲੈਂਦਿਆਂ ਬੈਂਸ ਨੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਤੇ ਡਾਇਰੈਕਟਰ ਸੈਕੰਡਰੀ ਸਿੱਖਿਆ ਨੂੰ ਆਦੇਸ਼ ਦਿੱਤੇ ਕਿ ਤੁਰੰਤ ਵਿਭਾਗੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।


ਸਿੱਖਿਆ ਮੰਤਰੀ ਨੇ ਇਹ ਵੀ ਨੋਟਿਸ ਲਿਆ ਕਿ ਸਕੂਲ ਵਿਖੇ ਦੋ ਕੰਪਿਊਟਰ ਲੈਬਾਂ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੂੰ ਸਿਰਫ਼ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਪੜ੍ਹਾ ਕੇ ਹੀ ਕੰਮ ਚਲਾਇਆ ਜਾ ਰਿਹਾ ਹੈ, ਜੋ ਕਿ ਬਰਦਾਸ਼ਤਯੋਗ ਨਹੀਂ ਹੈ। ਉਹਨਾਂ ਇਹ ਵੀ ਦੱਸਿਆ ਕਿ ਇਲੈਕਟ੍ਰੀਕਲ ਤੇ ਵੋਕੇਸ਼ਨਲ ਵਿਸ਼ੇ ਦੀ ਵੀ ਸਿਰਫ਼ ਕਿਤਾਬੀ ਪੜ੍ਹਾਈ ਕਰਵਾਈ ਜਾ ਰਹੀ ਹੈ, ਜਦੋਂਕਿ ਪਿਛਲੇ ਕਈ ਸਾਲਾਂ ਤੋਂ ਕਿਸੇ ਸਰਕਾਰ ਜਾਂ ਪ੍ਰਸ਼ਾਸਨ ਨੇ ਇਹਨਾਂ ਦੀਆਂ ਵਰਕਸ਼ਾਪਾਂ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਬੈਂਸ ਨੇ ਦੱਸਿਆ ਕਿ ਮਾਤਾ ਗੰਗਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਤਰਨ ਤਾਰਨ ਦੀਆਂ ਗਿਆਰ੍ਹਵੀਂ ਜਮਾਤ ਦੀਆਂ

● ਬਾਕੀ ਸਫ਼ਾ 2 'ਤੇ

## ਬੇਅਦਬੀ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦੇਣ ਲਈ ਕਾਨੂੰਨ 'ਚ ਸੋਧ ਹੋਵੇ : ਚੱਢਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਬੇਅਦਬੀਆਂ ਖਿਲਾਫ ਵੱਡਾ ਕਦਮ ਚੁੱਕਦਿਆਂ ਸ਼ੁੱਕਰਵਾਰ ਨੂੰ ਬੇਅਦਬੀ ਨਾਲ ਸੰਬੰਧਤ ਆਈ ਪੀ ਸੀ ਦੀ ਧਾਰਾ 'ਚ ਸੋਧ ਕਰਨ ਦੀ ਮੰਗ ਕੀਤੀ ਤਾਂ ਜੋ ਬੇਅਦਬੀ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾ ਸਕਣ। ਚੱਢਾ ਨੇ ਰਾਜ ਸਭਾ 'ਚ ਕੰਮਕਾਜ ਦੀ ਪ੍ਰਕਿਰਿਆ ਅਤੇ ਸੰਚਾਲਨ ਨਾਲ ਸੰਬੰਧਤ ਨਿਯਮ 267 ਦੇ ਤਹਿਤ ਸ਼ੁੱਕਰਵਾਰ ਨੂੰ ਰਾਜ ਸਭਾ 'ਚ ਸੂਚੀਬੱਧ ਕੰਮਕਾਜ ਨੂੰ ਮੁਅੱਤਲ ਕਰਨ ਲਈ ਸਦਨ 'ਚ ਨੋਟਿਸ ਦਿੱਤਾ। ਜਦੋਂ ਚੇਅਰਮੈਨ ਨੇ ਬੇਅਦਬੀ 'ਤੇ ਚਰਚਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਰਾਘਵ ਚੱਢਾ ਨੇ ਰਾਜ ਸਭਾ 'ਚ ਹੀ ਇਸ ਦਾ ਵਿਰੋਧ ਕੀਤਾ ਅਤੇ ਇਸ ਉਪਰੰਤ ਉਨ੍ਹਾ ਸੰਸਦ ਭਵਨ ਦੇ ਬਾਹਰ ਗਾਂਧੀ ਦੇ ਬੁੱਤ ਦੇ ਸਾਹਮਣੇ ਧਰਨੇ 'ਤੇ ਬੈਠ




● ਬਾਕੀ ਸਫ਼ਾ 2 'ਤੇ

CMYK

## 100 ਪ੍ਰਤੀਸ਼ਤ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਸਿੱਖਿਆ ਵਿਭਾਗ ਪੂਰੀ ਤਰ੍ਹਾਂ ਯਤਨਸ਼ੀਲ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ ਸੰਜੀਵ ਸ਼ਰਮਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਅੰਗਰੇਜ ਸਿੰਘ ਬਲਾਕ ਨੋਡਲ ਅਫਸਰ ਵਿਪਨ ਚਾਵਲਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ 100 ਪ੍ਰਤੀਸ਼ਤ ਨਤੀਜਿਆਂ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਵਿਖੇ ਡੀ.ਡੀ.ਓ. ਕਮ ਪ੍ਰਿੰਸੀਪਲ ਕੈਪਟਨ (ਡਾ.) ਓਮ ਪ੍ਰਕਾਸ਼ ਸੇਤੀਆ ਵੱਲੋਂ ਸਮੁੱਚੇ ਸਟਾਫ ਨੂੰ 100 ਪ੍ਰਤੀਸ਼ਤ ਟੀਚਾ ਪ੍ਰਾਪਤ ਕਰਨ ਲਈ ਸਖਤ ਮਿਹਨਤ ਕਰਵਾਉਣ ਦੀ ਅਪੀਲ ਕੀਤੀ ਗਈ । ਉਨ੍ਹਾ ਸਟਾਫ ਨੂੰ ਵਿਦਿਆਰਥੀਆਂ ਦੀ 100% ਹਾਜ਼ਰੀ, ਕੋਈ ਵੀ ਪੀਰੀਅਡ ਖਾਲੀ ਨਾ ਛੱਡਣ ਅਤੇ ਵਾਧੂ ਰੀਮੀਡੀਅਲ ਜਮਾਤਾਂ ਲਗਾ ਕੇ ਕਮਜ਼ੋਰ ਵਿਦਿਆਰਥੀਆਂ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਅਪੀਲ ਕੀਤੀ ਗਈ। ਇਸ ਦੇ ਨਾਲ ਹੀ ਕਮਜ਼ੋਰ ਵਿਦਿਆਰਥੀਆਂ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਅਪੀਲ ਕੀਤੀ ਗਈ। ਇਸ ਦੇ ਨਾਲ ਹੀ ਕਮਜ਼ੋਰ ਵਿਦਿਆਰਥੀਆਂ ਦੇ ਮਾਪਿਆਂ ਨਾਲ ਘਰ ਘਰ ਜਾ ਕੇ ਨਿੱਜੀ ਸੰਪਰਕ ਕਰਨ ਲਈ ਪ੍ਰੇਰਿਆ ਗਿਆ । ਇਸ ਸਮੇਂ ਜਸਵੀਰ ਸਿੰਘ, ਮੇਜਰ ਸਿੰਘ, ਸੁਖਜੀਤ ਸਿੰਘ ਸਮੇਤ ਸਮੁੱਚੇ ਸਟਾਫ ਮੈਂਬਰ ਮੌਜੂਦ ਸਨ।

## ਵਿਧਾਇਕ ਨੇ ਗੁਰੂਘਰ ਨੂੰ ਜਾਂਦੀਆਂ ਸੜਕਾਂ ਦੀ ਸਫ਼ਾਈ ਸ਼ੁਰੂ ਕਰਵਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿੱਚ ਲੱਗਦੇ ਜੋੜ ਮੇਲ ਦੇ ਮੱਦੇਨਜ਼ਰ ਨਗਰ ਕੌਂਸਲ ਮਾਛੀਵਾੜਾ ਵੱਲੋਂ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਨੂੰ ਜਾਂਦੀਆਂ ਸੜਕਾਂ ਦੀ ਸਫ਼ਾਈ ਸ਼ੁਰੂ ਕਰ ਦਿੱਤੀ ਹੈ। ਅੱਜ ਚਰਨ ਕੰਵਲ ਚੌਕ ਤੋਂ ਗੁਰੂ ਘਰ ਨੂੰ ਜਾਂਦੀ ਸੜਕ ਦੀ ਸਫ਼ਾਈ ਸ਼ੁਰੂ ਕਰਵਾਉਂਦੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਦੱਸਿਆ ਕਿ ਜੋੜ ਮੇਲ ਦੇ ਮੱਦੇਨਜ਼ਰ 23, 24 ਤੇ 25 ਦਸੰਬਰ ਨੂੰ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਆਉਂਦੇ ਹਨ, ਇਸ ਲਈ ਨਗਰ ਕੌਂਸਲ ਨੂੰ ਹਦਾਇਤਾਂ ਕੀਤੀਆਂ ਹਨ ਕਿ ਸਾਰੀਆਂ ਸੜਕਾਂ ਨੂੰ ਸਾਫ਼-ਸੁਥਰਾ ਰੱਖਿਆ ਜਾਵੇ। ਉਨ੍ਹਾ ਕਿਹਾ ਕਿ ਗੁਰੂ ਘਰ ਨੂੰ ਜਾਂਦੇ ਸੜਕਾਂ ਦੇ ਵਿਚਕਾਰ ਬਣੇ ਫੁੱਟਪਾਥ ਵੀ ਸਾਫ਼ ਕਰਵਾਏ ਜਾ ਰਹੇ ਹਨ। ਇਸ ਮੌਕੇ ਸੁਖਵਿੰਦਰ ਸਿੰਘ ਗਿੱਲ, ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਜਸਵੀਰ ਸਿੰਘ ਗਿੱਲ, ਮਾ. ਰਾਮ ਸਿੰਘ ਕਾਲੜਾ, ਨਰਿੰਦਰਪਾਲ ਸਿੰਘ, ਸੰਦੀਪ ਸ਼ਰਮਾ, ਪ੍ਰਵੀਨ ਮੱਕੜ, ਮੇਜਰ ਸਿੰਘ, ਭਵਨਪ੍ਰੀਤ ਸਿੰਘ ਮੌਜੂਦ ਸਨ।

## ਮਾਨ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰ ਰਹੀ : ਮੈਲਡੇ, ਸਰਾਭਾ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**-ਸ਼ਹੀਦ ਕਰਨੈਲ ਸਿੰਘ ਈਸੜ ਭਵਨ ਲੁਧਿਆਣਾ ਵਿਖੇ ਪੰਜਾਬ ਪੈਨਸ਼ਨਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੀ ਮੀਟਿੰਗ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਹਰਜਿੰਦਰ ਸਿੰਘ ਸੀਲੋਂ ਨੇ ਮੀਟਿੰਗ ਦਾ ਆਰੰਭ ਤੇ ਮੌਜੂਦਾ ਮੰਗਾਂ ਦਾ ਜ਼ਿਕਰ ਕੀਤਾ ਅਤੇ ਸਰਕਾਰ ਦੀ ਪੈਨਸ਼ਨਰਾਂ ਵਿਰੋਧੀ ਨੀਤੀ ਦੀ ਨਿੰਦਾ ਕੀਤੀ। ਮੀਟਿੰਗ ਵਿੱਚ ਸੂਬਾਈ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਤੇ ਸੀਨੀਅਰ ਆਗੂ ਚਰਨ ਸਿੰਘ ਸਰਾਭਾ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ। ਪੈਨਸ਼ਨ ਸੋਧ ਫਾਰਮੂਲਾ 2.59 ਦੇਣ ਤੋਂ ਪਾਸਾ ਵੱਟ ਰਹੀ ਹੈ। ਪ੍ਰਧਾਨ ਮੈਲਡੇ ਤੇ ਚਰਨ ਸਿੰਘ ਸਰਾਭਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪੈਨਸ਼ਨਰਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਤੋਂ ਅੱਕ ਚੁੱਕੇ ਹਨ ਤੇ ਹੁਣ ਮਾਨ ਸਰਕਾਰ ਵੱਲੋਂ ਕੀਤੀ ਜਾ ਰਹੀ ਵਾਅਦਾ ਖਿਲਾਫੀ ਵਿਰੁੱਧ ਵੱਡੇ ਪੱਧਰ 'ਤੇ ਸੰਘਰਸ਼ ਕਰਨ ਲਈ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 113% ਤੋਂ 119% ਮਹਿੰਗਾਈ ਭੱਤਾ ਤੁਰੰਤ ਕੀਤਾ ਜਾਵੇ। ਸਾਥੀ ਮੈਲਡੇ ਨੇ ਜਣਕਾਰੀ ਦਿੰਦੇ ਹੋਏ ਕਿਹਾ ਕਿ 27 ਦਸੰਬਰ ਨੂੰ ਮੋਗਾ ਵਿਖੇ ਸੂਬਾ ਪੱਧਰ ਦਾ ਪੈਨਸ਼ਨ ਡੇਅ ਮਨਾਇਆ ਜਾਵੇਗਾ।

## ਵਿਦਿਆਰਥੀਆਂ ਨੂੰ ਬੂਟ ਤੇ ਜੁਰਾਬਾਂ ਵੰਡੀਆਂ



**ਚੀਮਾ ਮੰਡੀ (ਰਵਿੰਦਰ ਚੀਮਾ)**-ਨੇੜਲੇ ਪਿੰਡ ਤੋਲਾਵਾਲ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸ੍ਰੀ ਧਰਮਿੰਦਰਪਾਲ ਅਗਰਵਾਲ (ਜੱਜ) ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਸਰਕਾਰੀ ਪ੍ਰਾਇਮਰੀ ਸਕੂਲ ਤੋਲਾਵਾਲ ਦੇ ਵਿਦਿਆਰਥੀਆਂ ਨੂੰ 200 ਤੋਂ ਵੱਧ ਬੂਟ ਤੇ ਜੁਰਾਬਾਂ ਵੰਡੀਆਂ ਗਈਆਂ। ਸਕੂਲ ਮੁਖੀ ਸ੍ਰੀਮਤੀ ਹਰਜਿੰਦਰ ਕੌਰ ਨੇ ਅਗਰਵਾਲ ਪਰਿਵਾਰ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਇਨ੍ਹਾਂ ਵੱਲੋਂ ਪਹਿਲਾਂ ਵੀ ਸਮੇਂ-ਸਮੇਂ 'ਤੇ ਸਕੂਲ ਦੇ ਵਿਦਿਆਰਥੀਆਂ ਦੀ ਲੋੜ ਅਨੁਸਾਰ ਮਦਦ ਕੀਤੀ ਜਾਂਦੀ ਹੈ। ਇਸ ਮੌਕੇ ਬਲਾਕ ਸੰਮਤੀ ਮੈਂਬਰ ਬਲਵਿੰਦਰ ਸਿੰਘ, ਮਾਸਟਰ ਪਰਮਜੀਤ ਸਿੰਘ, ਮਾਸਟਰ ਰਜਿੰਦਰ ਸਿੰਘ, ਹਰਬੰਸ ਸਿੰਘ ਤੋਂ ਇਲਾਵਾ ਹਾਜ਼ਰ ਪਤਵੰਤੇ ਸੱਜਣਾਂ ਨੇ ਅਗਰਵਾਲ ਪਰਿਵਾਰ ਦਾ ਧੰਨਵਾਦ ਕੀਤਾ।

## ਲਾਰੈਂਸ ਬਿਸ਼ਨੋਈ ਨੂੰ ਹੁਣ ਮੁਹਾਲੀ ਪੁਲਸ ਲੈ ਗਈ ਟ੍ਰਾਂਜੈਕਟ ਰਿਮਾਂਡ 'ਤੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਕੁਲਭੂਸ਼ਣ, ਪੂਜਾ)**-ਲਾਰੈਂਸ ਬਿਸ਼ਨੋਈ ਦਾ ਸ੍ਰੀ ਮੁਕਤਸਰ ਸਾਹਿਬ ਵਿਖੇ ਪੁਲਸ ਰਿਮਾਂਡ ਖਤਮ ਹੋਣ ਪਿੱਛੋਂ ਸ਼ੁੱਕਰਵਾਰ ਨੂੰ ਫਿਰ ਉਸ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਹੁਣ ਲਾਰੈਂਸ ਨੂੰ ਮੋਹਾਲੀ ਪੁਲਸ ਇਕ ਦਿਨ ਦੇ ਟ੍ਰਾਂਜੈਕਟ ਰਿਮਾਂਡ 'ਤੇ ਮੁਹਾਲੀ ਲੈ ਗਈ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਐਡਵੋਕੇਟ ਸਤਨਾਮ ਸਿੰਘ ਨੇ ਦੱਸਿਆ ਕਿ ਲਾਰੈਂਸ ਬਿਸ਼ਨੋਈ ਨੂੰ ਹੁਣ ਮੁਹਾਲੀ ਪੁਲਸ ਫਿਰੌਤੀ ਦੇ ਇਕ ਮਾਮਲੇ ਵਿਚ ਇੱਕ ਦਿਨ ਟ੍ਰਾਂਜੈਕਟ ਰਿਮਾਂਡ 'ਤੇ ਲੈ ਕੇ ਜਾ ਰਹੀ ਹੈ। ਦੱਸਣਯੋਗ ਹੈ ਕਿ ਗੈਂਗਸਟਰ ਲਾਰੈਂਸ ਬਿਸਨੋਈ ਖ਼ਿਲਾਫ਼ ਮਾਰਚ 2021 ਵਿਚ ਇਕ ਵਿਅਕਤੀ ਤੋਂ ਫੋਨ ਕਾਲ ਦੌਰਾਨ 30 ਲੱਖ ਦੀ ਫਿਰੌਤੀ ਮੰਗਣ ਦਾ ਅਲੱਗ ਅਲੱਗ ਧਾਰਾ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ, ਜਿਸ 'ਤੇ ਉਸ ਨੂੰ ਟ੍ਰਾਂਜੈਕਟ ਰਿਮਾਂਡ 'ਤੇ ਮੁਕਤਸਰ ਲਿਆਂਦਾ ਗਿਆ ਸੀ ਤੇ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ, ਜਿੱਥੇ ਅਦਾਲਤ ਵੱਲੋਂ ਪਹਿਲਾਂ ਉਸ ਦਾ 6 ਦਿਨ ਦਾ ਰਿਮਾਂਡ ਦਿੱਤਾ ਗਿਆ ਸੀ। ਰਿਮਾਂਡ ਪੂਰਾ ਹੋਣ 'ਤੇ 13 ਦਸੰਬਰ ਨੂੰ ਫਿਰ ਲਾਰੈਂਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਤੇ ਉਸ ਦਾ 3 ਦਿਨ ਦਾ ਰਿਮਾਂਡ ਹਾਸਲ ਹੋਇਆ ਸੀ। ਸ਼ੁੱਕਰਵਾਰ ਨੂੰ ਰਿਮਾਂਡ ਖਤਮ ਹੋਣ 'ਤੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਦੀ ਪੁੱਛਗਿੱਛ ਪੂਰੀ ਹੋਣ 'ਤੇ ਮੋਹਾਲੀ ਪੁਲਸ ਨੇ ਲਾਰੈਂਸ ਨੂੰ ਟ੍ਰਾਂਜੈਕਟ ਰਿਮਾਂਡ 'ਤੇ ਲੈ ਲਿਆ, ਜਿਸ ਦੇ ਖਿਲਾਫ ਥਾਣਾ ਸੁਹਾਣਾ ਵਿਖੇ ਵੀ ਇੱਕ ਫਰੌਤੀ ਦਾ ਮਾਮਲਾ ਦਰਜ ਸੀ।

## ਅੱਜ ਲਲਤੋਂ 'ਚ ਮਨਾਇਆ ਜਾਵੇਗਾ ਪੈਨਸ਼ਨ ਦਿਵਸ

**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਵੱਲੋਂ ਦਫਤਰ ਲਲਤੋਂ ਵਿਖੇ ਪੈਨਸ਼ਨ ਦਿਵਸ ਮਨਾਇਆ ਜਾਵੇਗਾ। 75 ਸਾਲਾਂ ਦੇ ਸਾਥੀ ਸਨਮਾਨਤ ਕੀਤੇ ਜਾਣਗੇ। ਐੱਸ ਪੀ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਤੇ ਟਰਾਂਸਕੋ ਮੈਨੇਜਮੈਂਟਾਂ ਵਿਰੁੱਧ ਸੰਘਰਸ਼ ਤਿੱਖਾ ਕਰਨ ਬਾਰੇ ਵੀ ਫੈਸਲਾ ਲਿਆ ਜਾਵੇਗਾ ਕਿ ਪੈਨਸ਼ਨ ਵਿੱਚ 200/- ਰੁਪਏ ਪ੍ਰਤੀ ਮਹੀਨਾ ਕੱਟਿਆ ਜਾ ਰਿਹਾ ਹੈ, ਜਿਸ ਦਾ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ।

## ਨੈਸ਼ਨਲ ਖੋ-ਖੋ ਚੈਂਪੀਅਨਸ਼ਿਪ 25 ਤੋਂ

**ਲਹਿਰਾਗਾਗਾ (ਪਵਨ ਸ਼ਰਮਾ)**-ਸੀ ਬੀ ਐੱਸ ਈ ਨਵੀਂ ਦਿੱਲੀ ਦੀ ਨੈਸ਼ਨਲ ਖੋ-ਖੋ ਚੈਂਪੀਅਨਸ਼ਿਪ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਵਿੱਚ ਹੋਵੇਗੀ। ਇਹ ਜਾਣਕਾਰੀ ਸੀ.ਬੀ.ਐੱਸ.ਈ. ਨਵੀਂ ਦਿੱਲੀ ਦੇ ਡਿਪਟੀ ਸੈਕਟਰੀ ਤੇ ਖੇਡ ਵਿਭਾਗ ਦੇ ਮੁਖੀ ਡਾ. ਮਨਜੀਤ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਨੈਸ਼ਨਲ ਚੈਂਪੀਅਨਸ਼ਿਪ 25 ਤੋਂ 29 ਦਸੰਬਰ ਤੱਕ ਇਸ ਸਕੂਲ ਵਿੱਚ ਹੋਵੇਗੀ। ਉਨ੍ਹਾਂ ਦੱਸਿਆ ਕਿ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸੀ. ਬੀ. ਐੱਸ. ਈ. ਦੇ 20 ਕਲੱਸਟਰਾਂ ਦੇ ਅੰਡਰ-19 ਦੇ ਲੜਕੇ ਤੇ ਲੜਕੀਆਂ ਦੀਆਂ ਟੀਮਾਂ ਭਾਗ ਲੈਣਗੀਆਂ।

## ਜਥੇਦਾਰ ਫੱਗੂਵਾਲਾ ਦੀ ਰਿਹਾਈ ਨੂੰ ਲੈ ਕੇ ਅਕਾਲੀ ਆਗੂਆਂ ਵੱਲੋਂ ਰੋਸ ਪ੍ਰਦਰਸ਼ਨ



**ਸੰਗਰੂਰ (ਪ੍ਰਵੀਨ ਸਿੰਘ)**-ਮਸਤੂਆਣਾ ਸਾਹਿਬ ਦੀ ਜ਼ਮੀਨ ਦੀ ਰਜਿਸਟਰੀ ਗਲਤ ਢੰਗ ਨਾਲ ਪੰਜਾਬ ਸਰਕਾਰ ਦੇ ਨਾਮ ਕਰਵਾਉਣ ਦੇ ਵਿਵਾਦ ਨੂੰ ਲੈ ਕੇ ਸੰਗਤਾਂ ਵਿੱਚ ਰੋਸ ਵਧਦਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਬਣਾਏ ਜਾਣ ਵਾਲੇ ਮੈਡੀਕਲ ਕਾਲਜ ਦਾ ਮਾਮਲਾ ਲਗਾਤਾਰ ਭਖਦਾ ਜਾ ਰਿਹਾ ਹੈ। ਇਸ ਮਾਮਲੇ ਨੂੰ ਹੋਰ ਹੁਲਾਰਾ ਉਦੋਂ ਮਿਲਿਆ, ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਵੀ ਆਪਣਾ ਸਮਰਥਨ ਦੇਣ ਦਾ ਐਲਾਨ ਕਰਕੇ ਇਸ ਪੰਥਕ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਐਲਾਨ ਕਰ ਦਿੱਤਾ। ਜ਼ਿਕਰਯੋਗ ਹੈ ਕਿ ਪੰਥਕ ਚੇਤਨਾ ਲਹਿਰ ਦੇ ਆਗੂ ਜਥੇਦਾਰ ਪ੍ਰਸ਼ੋਤਮ ਸਿੰਘ ਫੱਗੂਵਾਲਾ ਵੱਲੋਂ ਇਸ ਰੋਸ ਪ੍ਰਦਰਸ਼ਨ ਦੀ ਸ਼ੁਰੂਆਤ ਕੀਤੀ ਗਈ ਸੀ, ਜਿਨ੍ਹਾਂ ਵੱਲੋਂ ਸ਼ਾਂਤਮਈ ਢੰਗ ਨਾਲ ਧਰਨਾ ਦੇਣ ਦੇ ਬਾਵਜੂਦ ਉਨ੍ਹਾਂ ਖਿਲਾਫ ਨਜਾਇਜ਼ ਪਰਚਾ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਸ ਧਰਨੇ ਦੀ ਹਮਾਇਤ ਕਰਨ ਤੇ ਡੱਟ ਕੇ ਖੜਨ ਦਾ ਐਲਾਨ ਕੀਤਾ ਗਿਆ। ਧਰਨੇ 'ਚ ਸੀਨੀਅਰ ਅਕਾਲੀ ਆਗੂ ਜਥੇਦਾਰ ਤੇਜਾ ਸਿੰਘ ਕਮਾਲਪੁਰ, ਸ਼੍ਰੋਮਣੀ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਮਲਕੀਤ ਸਿੰਘ ਚੰਗਾਲ ਤੇ ਪਾਠੀ ਤੇ ਰਾਗੀ ਸਭਾ ਦੇ ਪ੍ਰਧਾਨ ਜਥੇਦਾਰ ਜਗਮੇਲ ਸਿੰਘ ਛਾਜਲਾ ਦੀ ਅਗਵਾਈ ਹੇਠ ਸ਼ਾਂਤਮਈ ਢੰਗ ਨਾਲ ਵਾਹਿਗੁਰੂ ਵਾਹਿਗੁਰੂ ਦਾ ਮਿਲ ਕੇ ਜਾਪ ਕਰਕੇ ਸੰਗਤਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਜਥੇਦਾਰ ਤੇਜਾ ਸਿੰਘ ਕਮਾਲਪੁਰ ਨੇ ਕਿਹਾ ਉਹ ਪਿਛਲੇ ਕਈ ਦਿਨਾਂ ਤੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਸਰਕਾਰ ਖਿਲਾਫ ਰੋਸ ਪ੍ਰਗਟ ਕਰ ਰਹੇ ਹਨ। ਭਾਈ ਮਲਕੀਤ ਸਿੰਘ ਚੰਗਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਜਾਣ ਵਾਲੇ ਮੈਡੀਕਲ ਕਾਲਜ ਲਈ ਬਿਨਾਂ ਮਾਲਕੀ ਵਾਲੇ ਵਿਅਕਤੀਆਂ ਤੋਂ ਰਜਿਸਟਰੀਆਂ ਕਰਵਾਉਣ ਦਾ ਮਾਮਲਾ ਹੁਣ ਪੰਥਕ ਮਾਮਲਾ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਾਜ਼ਿਸ਼ ਅਧੀਨ ਰਜਿਸਟਰੀਆਂ ਕਰਵਾਈਆਂ ਤਾਂ ਕਿ ਗੁਰੂ ਘਰਾਂ ਦੀਆਂ ਜ਼ਮੀਨਾਂ 'ਤੇ ਕਾਬਜ਼ ਹੋਣ ਦਾ ਰਾਹ ਪੱਧਰਾ ਹੋ ਸਕੇ। ਜਦਕਿ ਹਕੀਕਤ ਇਹ ਹੈ ਕਿ ਭਗਵੰਤ ਮਾਨ ਸਰਕਾਰ ਮੈਡੀਕਲ ਕਾਲਜ ਬਣਾਉਣ ਦਾ ਕੋਈ ਇਰਾਦਾ ਨਹੀਂ, ਬਲਕਿ ਕਾਲਜ ਦੀ ਜ਼ਮੀਨ ਨੂੰ ਮੁੱਖ ਮੁੱਦਾ ਬਣਾ ਕੇ ਸਿਆਸਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਦੇ ਕਾਲਜ ਉਪਰ ਲਾਉਣ ਦਾਅਵਾ ਕਰਨ ਵਾਲੀ ਸਰਕਾਰ ਕੁੱਝ ਲੱਖ ਰੁਪਏ ਜ਼ਮੀਨ ਖ੍ਰੀਦਣ 'ਤੇ ਨਹੀਂ ਲਾ ਸਕਦੀ। ਭਾਈ ਜਗਮੇਲ ਸਿੰਘ ਛਾਜਲਾ ਨੇ ਕਿਹਾ ਕਿ ਗੁਰੂ ਘਰਾਂ ਦੀਆਂ ਜ਼ਮੀਨਾਂ 'ਤੇ ਸਰਕਾਰ ਆਰ ਐੱਸ ਐੱਸ ਦੀ ਸ਼ਹਿ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸਾਡੀਆਂ ਮੰਗਾਂ ਮੰਨੇ ਜਾਣ ਤੱਕ ਇਹ ਰੋਸ ਪ੍ਰਦਰਸ਼ਨ ਜਾਰੀ ਰੱਖਿਆ ਜਾਵੇਗਾ।

## ਚੌਟਾਲਾ ਦੇ ਕਮਿਊਨਿਟੀ ਹੈਲਥ ਸੈਂਟਰ ਅੱਗੇ ਰੋਸ ਪ੍ਰਦਰਸ਼ਨ ਜਾਰੀ



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਦੇ ਜੱਦੀ ਪਿੰਡ ਚੌਟਾਲਾ ਦੇ ਕਮਿਊਨਿਟੀ ਹੈਲਥ ਸੈਂਟਰ ਵਿੱਚ 16ਵੇਂ ਦਿਨ ਵੀ ਨਵਜੰਮੇ ਬੱਚਿਆਂ ਦੀ ਮੌਤ ਦੀ ਨਿਰਪੱਖ ਜਾਂਚ ਕਰਵਾਉਣ ਲਈ ਤੇ ਹਸਪਤਾਲ ਵਿੱਚ ਖਾਲੀ ਪਈਆਂ ਸਾਰੀਆਂ ਅਸਾਮੀਆਂ ਭਰਨ ਤੇ ਹਸਪਤਾਲ ਦੀ ਬਿਗੜੀ ਹਾਲਤ ਨੂੰ ਸੁਧਾਰਨ ਦੀ ਮੰਗ ਨੂੰ ਲੈ ਕੇ ਅੰਦੋਲਨ ਜਾਰੀ ਹੈ। ਇੱਥੇ ਦੱਸਦੇ ਹਾਂ ਕਿ ਪਿੰਡ ਚੌਟਾਲਾ ਦੇ ਇਲਾਕੇ ਵਿੱਚ ਧਰਨੇ ਵਾਲੀ ਥਾਂ 'ਤੇ 16 ਦਿਨਾਂ ਤੋਂ ਸੰਘਰਸ਼ ਕਰ ਰਹੇ ਹਨ, ਪਰ ਅੱਜ ਤੱਕ ਡਿਪਟੀ ਕਮਿਸ਼ਨਰ ਸਿਰਸਾ ਤੇ ਸਿਹਤ ਵਿਭਾਗ ਦੇ ਸੀ ਐੱਮ ਓ ਨੇ ਧਰਨੇ ਵਾਲੀ ਥਾਂ 'ਤੇ ਪਹੁੰਚ ਕੇ ਪਿੰਡ ਵਾਸੀਆਂ ਦੀ ਕੋਈ ਸਾਰ ਨਹੀਂ ਲਈ। ਪਿੰਡ ਵਾਸੀਆਂ ਅਨੁਸਾਰ ਦੁਕਾਨਦਾਰਾਂ ਤੇ ਵਪਾਰੀਆਂ ਦੇ ਸਹਿਯੋਗ ਨਾਲ ਪਿੰਡ ਚੌਟਾਲਾ ਦੇ ਬਾਜ਼ਾਰ ਵੀ ਬੰਦ ਰਹੇ।

ਧਰਨੇ ਦੀ ਅਗਵਾਈ ਕਰ ਰਹੇ ਸੰਘਰਸ਼ਸ਼ੀਲ ਕਿਸਾਨ ਆਗੂ ਰਾਕੇਸ਼ ਨੇ ਕਿਹਾ ਕਿ ਜਦੋਂ ਤੱਕ 11 ਐੱਮ ਬੀ ਬੀ ਐੱਸ ਡਾਕਟਰਾਂ ਦੀ ਨਿਯੁਕਤੀ ਤੇ ਪ੍ਰਸੂਤੀ ਅਤੇ ਬਾਲ ਰੋਗਾਂ ਦੇ ਮਾਹਰਾਂ ਦੀ ਨਿਯੁਕਤੀ ਸਮੇਤ ਸਾਰੀਆਂ ਅਸਾਮੀਆਂ ਤੁਰੰਤ ਪ੍ਰਭਾਵ ਨਾਲ ਨਹੀ ਭਰੀਆਂ ਜਾਦੀਆਂ, ਉਦੋਂ ਤੱਕ ਉਹ ਤਿੱਖਾ ਸੰਘਰਸ਼ ਜਾਰੀ ਰੱਖਣਗੇ।

## 19 ਤੋਂ 25 ਦਸੰਬਰ ਤੱਕ ਮਨਾਇਆ ਜਾਵੇਗਾ ਗੁੱਡ ਗਵਰਨੈਂਸ ਵੀਕ : ਡਿਪਟੀ ਕਮਿਸ਼ਨਰ




**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹੇ 'ਚ 19 ਤੋਂ 25 ਦਸੰਬਰ ਤੱਕ ਗੁੱਡ ਗਵਰਨੈਂਸ ਵੀਕ ਮਨਾਇਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਬੈਠਕ ਕਰਦੇ ਹੋਏ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਦੱਸਿਆ ਕਿ ਇਸ ਹਫਤੇ ਦੌਰਾਨ ਵੱਧ ਤੋਂ ਵੱਧ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਜ਼ਮੀਨੀ ਪੱਧਰ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਜ਼ਿਲ੍ਹਾ ਨਿਵਾਸੀਆਂ ਨੂੰ ਵੱਧ ਤੋਂ ਵੱਧ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਸਕੀਮਾਂ ਸੰਬੰਧੀ ਜਾਗਰੂਕ ਕਰਕੇ ਲਾਭ ਲੈਣ ਲਈ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਈ-ਸੇਵਾ ਸੰਬੰਧੀ ਜੇਕਰ ਕੋਈ ਪੈਂਡੈਂਸੀ ਹੈ ਤਾਂ ਪੂਰੀ ਕਰ ਲਈ ਜਾਵੇ ਤਾਂ ਜੋ ਮਨਾਏ ਜਾਣ ਵਾਲੇ ਗੁੱਡ ਗਵਰਨੈਂਸ ਵੀਕ ਦੌਰਾਨ ਕੋਈ ਸਮੱਸਿਆ ਨਾ ਆਵੇ। ਇਸ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਵੱਲੋਂ ਸਪੈਸ਼ਲ ਕੈਂਪ ਲਗਾਏ ਜਾਣ ਅਤੇ ਵਿਭਾਗਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸਰਕਾਰੀ ਸਕੀਮਾਂ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਜੇਕਰ ਕੋਈ ਨਵੀਆਂ ਆਨਲਾਈਨ ਸੇਵਾਵਾਂ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ ਤਾਂ ਇਸ ਸੰਬੰਧੀ ਯੋਜਨਾ ਬਣਾਈ ਜਾਵੇ। ਇਸ ਦੌਰਾਨ ਉਨ੍ਹਾ ਨੇ ਜ਼ਿਲ੍ਹੇ 'ਚ ਖੋਲ੍ਹੇ ਜਾ ਰਹੇ 10 ਆਮ ਆਦਮੀ ਕਲੀਨਿਕ ਦੀਆਂ ਤਿਆਰੀਆਂ ਸੰਬੰਧੀ ਵੱਖ-ਵੱਖ ਅਧਿਕਾਰੀਆਂ ਤੋਂ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਅਤੇ ਇਸ ਕੰਮ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਸੰਬੰਧੀ ਨਿਰਦੇਸ਼ ਦਿੱਤੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜਪਾਲ ਸਿੰਘ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਲਖਵਿੰਦਰ ਸਿੰਘ ਰੰਧਾਵਾ, ਐਸ ਡੀ ਐਮ ਫਰੀਦਕੋਟ ਮੈਡਮ ਬਲਜੀਤ ਕੌਰ, ਐਸ ਡੀ ਐਮ ਕੋਟਕਪੂਰਾ ਮੈਡਮ ਵੀਰਪਾਲ ਕੌਰ, ਐਸ ਡੀ ਐਮ ਜੈਤੋ ਡਾ. ਨਿਰਮਲ ਓਸੇਪਚਨ, ਸਿਵਲ ਸਰਜਨ ਡਾ. ਨਰੇਸ਼ ਕੁਮਾਰ ਬਠਲਾ, ਐਸ ਐਮ ਓ ਡਾ. ਚੰਦਰ ਸ਼ੇਖਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਨਜਾਇਜ਼ ਮਾਈਨਿੰਗ ਦੇ ਦੋਸ਼ 'ਚ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮਮਦੋਟ ਦੇ ਅਧੀਨ ਆਉਂਦੀ ਗੱਟੀ ਮਸਤੇ ਨੰਬਰ 1 ਵਿਖੇ ਰੇਤਾ ਦੀ ਨਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਵਿੱਚ ਪੁਲਸ ਨੇ ਤਿੰਨ ਵਿਅਕਤੀਆਂ ਖਿਲਾਫ 379 ਆਈਪੀਸੀ 21 (3) ਮਾਈਨਿੰਗ ਐਂਡ ਮਿਨਰਲ ਐਕਟ 1957 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਨੇੜੇ ਬਿਜਲੀ ਦਫਤਰ ਮਮਦੋਟ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਮਨਜੀਤ ਸਿੰਘ ਪੁੱਤਰ ਫੁੰਮਣ ਸਿੰਘ, ਪੰਜਾ ਸਿੰਘ ਪੁੱਤਰ ਤੇਜਾ ਸਿੰਘ ਵਾਸੀਆਨ ਗੱਟੀ ਮਸਤਾ ਨੰਬਰ 1 ਤੇ ਹੋਰ ਅਣਪਛਾਤੇ ਆਦਮੀ ਪਿੰਡ ਦੇ ਲਾਗੇ ਤੋਂ ਨਜਾਇਜ਼ ਰੇਤਾ ਦੀ ਨਿਕਾਸੀ ਕਰਕੇ ਅੱਗੇ ਵੇਚਦੇ ਹਨ, ਜਿਨ੍ਹਾਂ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕੰਪਿਊਟਰ ਸਾਇੰਸ ਕੁਇਜ਼ ਮੁਕਾਬਲਾ ਸ ਸ ਸ ਸ ਚੀਮਾ ਵਿਖੇ



**ਲੌਂਗੋਵਾਲ (ਪਰਦੀਪ ਸੱਪਲ, ਕੁਲਦੀਪ ਅੱਤਰੀ)**- ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਦੇ ਦਿਸ਼ਾ ਨਰਦੇਸ਼ ਤਹਿਤ ਡਾ. ਓਮ ਪ੍ਰਕਾਸ਼ ਸੇਤੀਆ ਪ੍ਰਿੰਸੀਪਲ, ਸ.ਸ.ਸ.ਸ. ਚੀਮਾ, ਮੁਹੰਮਦ ਆਰਿਫ ਡੀ ਐਮ (ਕੰਪਿਊਟਰ ਸਾਇੰਸ) ਅਤੇ ਯਾਦਵਿੰਦਰ ਸਿੰਘ ਬੀ ਐਮ (ਕੰਪਿਊਟਰ ਸਾਇੰਸ) ਬਲਾਕ ਚੀਮਾ, ਵਿਸ਼ਾਲ ਕੁਮਾਰ ਕੰਪਿਊਟਰ ਫੈਕਲਟੀ, ਸ਼ਾਮ ਸੁੰਦਰ ਕੰਪਿਊਟਰ ਫੈਕਲਟੀ ਦੀ ਅਗਵਾਈ ਅਧੀਨ ਬਲਾਕ ਪੱਧਰੀ ਡਾ. ਅਬਦੂਲ ਕਲਾਮ ਕੰਪਿਊਟਰ ਸਾਇੰਸ ਕੁਇਜ਼ ਮੁਕਾਬਲਾ ਸ.ਸ.ਸ.ਸ. ਚੀਮਾ ਵਿਖੇ ਕਰਵਾਇਆ ਗਿਆ। ਇਸ 'ਚ ਬਲਾਕ ਦੇ ਸਾਰੇ ਸਕੂਲਾਂ ਨੇ ਭਾਗ ਲਿਆ। ਇਸ ਮੁਕਾਬਲੇ ਦੌਰਾਨ ਪ੍ਰਿੰਸੀਪਲ ਡਾ. ਓਮ ਪ੍ਰਕਾਸ਼ ਸੇਤੀਆ ਅਤੇ ਯਾਦਵਿੰਦਰ ਸਿੰਘ ਬੀ ਐਮ (ਕੰਪਿਊਟਰ ਸਾਇੰਸ) ਬਲਾਕ ਚੀਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਸਮੇਂ ਕੰਪਿਊਟਰ ਸਿੱਖਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਅੱਜ ਦੇ ਯੁੱਗ ਦੀ ਮੁੱਖ ਅਤੇ ਮਹੱਤਵਪੂਰਨ ਸਿੱਖਿਆ ਹੈ। ਇਸ 'ਤੇ ਅੱਜ ਦਾ ਸਾਰਾ ਕੰਮ ਅਧਾਰਤ ਹੈ। ਕੰਪਿਊਟਰ ਸਿੱਖਿਆ ਨੂੰ ਆਪਣੀ ਜ਼ਿੰਦਗੀ 'ਚ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਵਿਦਿਆਰਥੀਆਂ ਨੂੰ ਇਸ ਸਿੱਖਿਆ ਰਾਹੀ ਅੱਗੇ ਵਧਣ ਲਈ ਆਸ਼ੀਰਵਾਦ ਦਿੱਤਾ। ਸੁਖਚੈਨ ਸਿੰਘ, ਸ.ਹ.ਸ. ਤੌਲਾਵਾਲ ਕਲਾਸ ਦਸਵੀਂ, ਸੁਖਪ੍ਰੀਤ ਕੌਰ, ਸ.ਹ.ਸ. ਤੌਲਾਵਾਲ ਕਲਾਸ ਨੌਵੀਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਇੰਦਰਦੀਪ ਸਿੰਘ ਸ.ਹ.ਸ. ਤੌਲਾਵਾਲ ਕਲਾਸ ਦਸਵੀਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਆਪਣੇ ਮੁੱਖ ਅਧਿਆਪਕਾ ਮਨਦੀਪ ਕੌਰ, ਕੰਪਿਊਟਰ ਫੈਕਲਟੀ ਸ. ਹਰਜਿੰਦਰ ਸਿੰਘ, ਦਾ ਨਾਂਅ ਰੋਸ਼ਨ ਕੀਤਾ। ਮਨਜਿੰਦਰ ਸਿੰਘ ਸ.ਸ.ਸ.ਸ. ਜਖੇਪਲ ਕਲਾਸ ਨੌਵੀਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਖੁਸ਼ਵਿੰਦਰ ਕੌਰ, ਸ.ਹ.ਸ ਊਗਰਾਹਾ ਕਲਾਸ ਦਸਵੀਂ ਅਤੇ ਦਲਵੀਰ ਕੌਰ ਸ.ਹ.ਸ. ਸਤੌਜ ਕਲਾਸ ਨੌਵੀਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਡਾ. ਓਮ ਪ੍ਰਕਾਸ਼ ਸੇਤੀਆ ਪ੍ਰਿੰਸੀਪਲ, ਸ.ਸ.ਸ.ਸ. ਚੀਮਾ, ਮੁਹੰਮਦ ਆਰਿਫ ਡੀ ਐਮ (ਕੰਪਿਊਟਰ ਸਾਇੰਸ) ਅਤੇ ਯਾਦਵਿੰਦਰ ਸਿੰਘ ਬੀ ਐਮ (ਕੰਪਿਊਟਰ ਸਾਇੰਸ) ਬਲਾਕ ਚੀਮਾ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਵੀ ਦਿੱਤੀ।

## ...ਸਫ਼ਾ 1 ਦੇ ਬਾਕੀ

### ਸਰਹਾਲੀ ਥਾਣੇ 'ਤੇ...

ਗਹਿਲਾ ਦਾ ਹੱਥ ਸੀ, ਜੋ ਕਿ ਲੰਡਾ ਹਰੀਕੇ ਅਤੇ ਸੱਤਾ ਨੌਸ਼ਹਿਰਾ ਦੇ ਸਿੱਧੇ ਸੰਪਰਕ 'ਚ ਸਨ। ਗੋਪੀ ਨੰਬਰਦਾਰ ਅਤੇ ਗੁਰਲਾਲ ਗਹਿਲਾ ਦੋਵਾਂ ਨੂੰ ਵੀਰਵਾਰ ਨੂੰ ਪੱਟੀ ਮੋੜ ਸਰਹਾਲੀ ਤੋਂ ਕਾਬੂ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ ਇੱਕ .32 ਬੋਰ ਪਿਸਤੌਲ ਸਮੇਤ 15 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਪੁਲਸ ਟੀਮਾਂ ਨੇ ਗੋਪੀ ਨੰਬਰਦਾਰ ਦੀ ਨਿਸ਼ਾਨਦੇਹੀ 'ਤੇ ਇੱਕ ਹੈਂਡ ਗ੍ਰਨੇਡ ਵੀ ਬਰਾਮਦ ਕੀਤਾ ਹੈ।

ਡੀ ਜੀ ਪੀ ਨੇ ਦੱਸਿਆ ਕਿ ਜਾਂਚ ਮੁਤਾਬਕ ਗੋਪੀ ਨੂੰ ਸ਼ੁਰੂ ਵਿੱਚ ਲੰਡਾ ਅਤੇ ਸੱਤਾ ਤੋਂ 8.5 ਲੱਖ ਰੁਪਏ ਦੀ ਫੰਡਿੰਗ ਅਤੇ 200 ਜ਼ਿੰਦਾ ਕਾਰਤੂਸ ਸਮੇਤ .30 ਬੋਰ ਦਾ ਪਿਸਤੌਲ ਮਿਲਿਆ ਸੀ। 1 ਦਸੰਬਰ ਨੂੰ ਗੋਪੀ ਨੇ ਗੁਰਲਾਲ ਗਹਿਲਾ ਅਤੇ ਜੋਬਨਪ੍ਰੀਤ ਜੋਬਨ ਦੇ ਨਾਲ ਤਰਨ ਤਾਰਨ ਦੇ ਪਿੰਡ ਝੰਡੇਰ ਤੋਂ ਆਰ ਪੀ ਜੀ ਵਾਲੀ ਇੱਕ ਹੋਰ ਖੇਪ ਪ੍ਰਾਪਤ ਕੀਤੀ ਅਤੇ ਇਸ ਨੂੰ ਤਰਨ ਤਾਰਨ ਦੇ ਪਿੰਡ ਮਰਹਾਣਾ ਨੇੜੇ ਇੱਕ ਥਾਂ 'ਤੇ ਲੁਕਾ ਦਿੱਤਾ। ਡੀ ਜੀ ਪੀ ਯਾਦਵ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਗੋਪੀ ਨੰਬਰਦਾਰ ਅਤੇ ਗੁਰਲਾਲ ਗਹਿਲਾ ਨੇ ਖੁਲਾਸਾ ਕੀਤਾ ਕਿ ਲੰਡਾ ਅਤੇ ਸੱਤਾ ਨੇ ਦੋ ਨਾਬਾਲਗ ਮੈਂਬਰਾਂ ਨੂੰ ਪੁਲਸ ਥਾਣਾ ਸਰਹਾਲੀ 'ਤੇ ਹਮਲੇ ਨੂੰ ਅੰਜਾਮ ਦੇਣ ਦਾ ਜ਼ਿੰਮਾ ਸੌਂਪਿਆ ਸੀ, ਜਿਸ ਦਾ ਉਦੇਸ਼ ਸਰਹੱਦੀ ਸੂਬੇ 'ਚ ਦਹਿਸ਼ਤ ਪੈਦਾ ਕਰਨਾ ਸੀ। ਦੋਵਾਂ ਮੁਲਜ਼ਮਾਂ ਨੇ ਅੱਗੇ ਖੁਲਾਸਾ ਕੀਤਾ ਕਿ ਇੱਕ ਹੋਰ ਮੁਲਜ਼ਮ ਗੁਰਲਾਲ ਲਾਲੀ ਨੇ ਪੁਲਸ ਸਟੇਸ਼ਨ ਦੀ ਇਮਾਰਤ 'ਤੇ ਹਮਲੇ ਤੋਂ ਕੁਝ ਘੰਟੇ ਪਹਿਲਾਂ ਪਿੰਡ ਮਰਹਾਣਾ ਵਿਖੇ ਰੁਕੇ ਹੋਏ ਦੋਵਾਂ ਨਾਬਾਲਗ ਮੈਂਬਰਾਂ ਨੂੰ ਲੌਜਿਸਟਿਕ ਸਹਾਇਤਾ ਅਤੇ ਇੱਕ ਲੱਖ ਰੁਪਏ ਮੁਹੱਈਆ ਕਰਵਾਏ। ਪੁਲਸ ਨੇ ਨੌਸ਼ਹਿਰਾ ਪੰਨੂਆ ਨੇੜਿਓਂ ਜੋਬਨਪ੍ਰੀਤ ਜੋਬਨ ਅਤੇ ਗੁਰਲਾਲ ਲਾਲੀ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਇੱਕ .30 ਬੋਰ ਦਾ ਪਿਸਤੌਲ, 35 ਜ਼ਿੰਦਾ ਕਾਰਤੂਸ ਅਤੇ ਅਪਰਾਧ 'ਚ ਵਰਤਿਆ ਗਿਆ ਮੋਟਰਸਾਈਕਲ ਬਰਾਮਦ ਕੀਤਾ। ਪੁੱਛਗਿੱਛ ਦੌਰਾਨ ਜੋਬਨ ਨੇ ਆਰ ਪੀ ਜੀ ਹਾਸਲ ਕਰਨ ਸੰਬੰਧੀ ਗੋਪੀ ਦੇ ਖੁਲਾਸੇ ਦੀ ਪੁਸ਼ਟੀ ਕੀਤੀ ਅਤੇ ਇਹ ਵੀ ਖੁਲਾਸਾ ਕੀਤਾ ਕਿ ਲੰਡਾ ਅਤੇ ਸੱਤਾ ਦੇ ਨਿਰਦੇਸ਼ਾਂ 'ਤੇ ਉਸ ਨੇ ਪਿੰਡ ਸ਼ਾਹਬਾਜ਼ਪੁਰ ਤੋਂ ਇੱਕ ਨਾਬਾਲਗ ਨੂੰ ਨਾਲ ਲੈ ਕੇ ਗੁਰਦੇਵ ਉਰਫ ਜੈਸਲ ਦੇ ਕਹਿਣ ਅਨੁਸਾਰ ਪਿੰਡ ਮਰਹਾਣਾ ਵਿਖੇ ਛੱਡ ਦਿੱਤਾ ਸੀ।ਡੀ ਜੀ ਪੀ ਨੇ ਕਿਹਾ ਕਿ ਕੜੀਆਂ ਨੂੰ ਜੋੜਦਿਆਂ ਪੁਲਸ ਟੀਮਾਂ ਨੇ ਦੋਵੇਂ ਨਾਬਾਲਗ ਹਮਲਾਵਰਾਂ ਨੂੰ ਪਿੰਡ ਚੰਬਾ ਦੇ ਟਿਊਬਵੈੱਲ ਤੋਂ ਸਫਲਤਾਪੂਰਵਕ ਕਾਬੂ ਕਰ ਲਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ .32 ਬੋਰ ਦਾ ਪਿਸਤੌਲ ਅਤੇ 15 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਹਮਲੇ ਤੋਂ ਬਾਅਦ ਉਹ ਦੋਵੇਂ ਪਿੰਡ ਸੈਦੋ ਵੱਲ ਭੱਜ ਗਏ, ਜਿਨ੍ਹਾਂ ਨੇ ਲੰਡਾ ਦੁਆਰਾ ਪਹਿਲਾਂ ਹੀ ਪ੍ਰਬੰਧ ਕੀਤੇ ਇੱਕ ਟਿਊਬਵੈੱਲ ਕਮਰੇ 'ਚ ਪਨਾਹ ਲੈ ਲਈ। ਦੋਵੇਂ ਸ਼ੂਟਰਾਂ ਨੇ ਯੂ ਟਿਊਬ ਵੀਡੀਓਜ਼ ਤੋਂ ਅਤੇ ਲੰਡਾ ਦੁਆਰਾ ਵੀਡੀਓ ਕਾਲ 'ਚ ਦੱਸੇ ਅਨੁਸਾਰ ਆਰ ਪੀ ਜੀ ਚਲਾਉਣਾ ਸਿੱਖਿਆ।

### ਬੇਅਦਬੀ ਕਰਨ ਵਾਲਿਆਂ...

ਕੇ ਬੇਅਦਬੀ 'ਤੇ ਚਰਚਾ ਦੀ ਮੰਗ ਕੀਤੀ। ਸਪੀਕਰ ਨੂੰ ਦਿੱਤੇ ਆਪਣੇ ਲਿਖਤੀ ਨੋਟਿਸ 'ਚ ਚੱਢਾ ਨੇ ਕਿਹਾ ਕਿ ਸਦਨ ਦੇ ਨਿਯਮ 29 ਤਹਿਤ ਸੂਚੀਬੱਧ ਕੰਮਕਾਜ ਨੂੰ ਮੁਲਤਵੀ ਕਰਕੇ ਬੇਅਦਬੀ ਦੇ ਵਧਦੇ ਮਾਮਲਿਆਂ ਸੰਬੰਧੀ ਚਰਚਾ ਕੀਤੀ ਜਾਵੇ। ਇਹ ਇੱਕ ਅਜਿਹਾ ਮੁੱਦਾ ਹੈ ਜਿਸ ਕਾਰਨ ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ ਵਿੱਚ ਭਾਰੀ ਰੋਸ ਅਤੇ ਗੁੱਸਾ ਹੈ। ਉਨ੍ਹਾਂ ਅੱਗੇ ਕਿਹਾ, "ਸਾਡੇ ਲਈ ਗੁਰੂ ਸਾਹਿਬਾਨ ਦੇ ਮਾਣ ਸਨਮਾਨ ਅਤੇ ਸਤਿਕਾਰ ਤੋਂ ਵੱਡਾ ਕੁਝ ਨਹੀਂ ਹੈ। ਅਸੀਂ ਆਪਣੇ ਸਿਰ ਕਟਾ ਸਕਦੇ ਹਾਂ। ਆਪਣੀ ਜਾਨ ਦੇ ਸਕਦਾ ਹੈ, ਪਰ ਗੁਰੂ ਸਾਹਿਬ ਦੀ ਬੇਅਦਬੀ ਬਰਦਾਸਤ ਨਹੀਂ ਕਰ ਸਕਦੇ।" ਉਨ੍ਹਾਂ ਲਿਖਿਆ ਕਿ ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਵਿੱਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਗੁਰੂ ਸਾਹਿਬ ਦੀ ਬੇਅਦਬੀ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ। 2015 ਵਿੱਚ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ। ਫਿਰ ਲੁਧਿਆਣਾ ਵਿੱਚ ਪਵਿੱਤਰ ਸ੍ਰੀਮਦ ਭਗਵਤ ਗੀਤਾ ਦੀ ਬੇਅਦਬੀ ਹੋਈ ਅਤੇ ਪਵਿੱਤਰ ਕੁਰਾਨ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਚੱਢਾ ਨੇ ਕਿਹਾ ਕਿ ਬੇਅਦਬੀ ਨਾਲ ਸੰਬੰਧਤ ਆਈ ਪੀ ਸੀ ਦੀਆਂ ਧਾਰਾਵਾਂ 295 ਅਤੇ 295ਏ ਵਿੱਚ ਇਸ ਅਪਰਾਧ ਲਈ ਨਿਰਧਾਰਤ ਸਜ਼ਾ ਏਨੀ ਮਾਮੂਲੀ ਹੈ ਕਿ ਅਜਿਹੇ ਘਟੀਆ ਅਪਰਾਧ ਕਰਨ ਵਾਲੇ ਦੋਸ਼ੀਆਂ ਦੇ ਹੌਸਲੇ ਬੁਲੰਦ ਹੋ ਗਏ ਹਨ। ਇਸ ਲਈ ਇਸ ਕਾਨੂੰਨ ਨੂੰ ਤੁਰੰਤ ਸੋਧ ਕੇ ਸਖਤ ਬਣਾਉਣ ਦੀ ਲੋੜ ਹੈ, ਤਾਂ ਜੋ ਬੇਅਦਬੀ ਕਰਨ ਵਾਲਿਆਂ ਨੂੰ ਉਮਰ ਕੈਦ ਜਾਂ ਇਸ ਤੋਂ ਵੀ ਸਖਤ ਸਜ਼ਾ ਦਿੱਤੀ ਜਾ ਸਕੇ। ਇਸ ਲਈ ਇਸ ਸਦਨ ਨੂੰ ਆਈ ਪੀ ਸੀ ਦੀ ਧਾਰਾ 295 ਵਿੱਚ ਸੋਧ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਰਾਘਵ ਚੱਢਾ ਨੇ ਲਿਖਿਆ ਕਿ ਪੰਜਾਬ ਹਮੇਸ਼ਾ ਹੀ ਦੁਨੀਆ ਦੇ ਸਾਹਮਣੇ ਭਾਈਚਾਰੇ ਅਤੇ ਏਕਤਾ ਦੀ ਮਿਸਾਲ ਪੇਸ਼ ਕਰਦਾ ਰਿਹਾ ਹੈ। ਇਸ ਲਈ ਮੈਂ ਸਦਨ ਤੋਂ ਮੰਗ ਕਰਦਾ ਹਾਂ ਕਿ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਉਦੇਸ਼ ਨਾਲ ਹੁੰਦੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸੰਬੰਧਤ ਕਾਨੂੰਨ ਨੂੰ ਹੋਰ ਸਖਤ ਬਣਾਇਆ ਜਾਵੇ।

### ਮੁੱਖ ਮੰਤਰੀ ਵੱਲੋਂ...

ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਮਾਰਚ 2022 ਵਿੱਚ ਇਹ ਮਾਮਲਾ ਉਠਾਇਆ ਅਤੇ ਸਹੀ ਤਰੀਕੇ ਨਾਲ ਮਾਮਲੇ ਦੀ ਪੈਰਵਾਈ ਕਰਨ ਨਾਲ ਕੋਲੇ ਦੀ ਸਪਲਾਈ ਬਹਾਲ ਹੋ ਗਈ। ਭਗਵੰਤ ਮਾਨ ਨੇ ਕਿਹਾ ਕਿ ਇਸ ਖਾਣ ਦੀ ਕੁੱਲ ਸਮਰੱਥਾ 70 ਲੱਖ ਟਨ ਸਾਲਾਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਤਾਪ ਬਿਜਲੀ ਘਰਾਂ ਲਈ ਭਵਿੱਖ ਵਿੱਚ ਵਿਦੇਸ਼ਾਂ ਤੋਂ ਕੋਲਾ ਮੰਗਵਾਉਣ ਦੀ ਕੋਈ ਲੋੜ ਨਹੀਂ ਰਹੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੌਰਾਨ ਕੀਤੇ ਗਏ ਸਾਰੇ ਬਿਜਲੀ ਖ਼ਰੀਦ ਸਮਝੌਤਿਆਂ (ਪੀ.ਪੀ.ਏ.) ਦੀ ਸਮੀਖਿਆ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਖਜ਼ਾਨੇ ਨੂੰ ਲੁੱਟਣ ਵਾਲੇ ਦੋਸ਼ੀਆਂ ਵਿਰੁੱਧ ਕੇਸ ਦਰਜ ਕੀਤੇ ਜਾਣਗੇ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋਣ ਨਾਲ ਪੀ.ਐਸ.ਪੀ.ਸੀ.ਐਲ. ਨੂੰ 600 ਕਰੋੜ ਰੁਪਏ ਸਾਲਾਨਾ ਦੀ ਸਿੱਧੀ ਬੱਚਤ ਹੋਵੇਗੀ, ਜਦੋਂ ਕਿ ਘਰੇਲੂ ਕੋਲੇ 'ਤੇ ਪੂਰੀ ਤਰ੍ਹਾਂ ਨਿਰਭਰਤਾ ਨਾਲ ਹੋਰ 520 ਕਰੋੜ ਰੁਪਏ ਦੀ ਬੱਚਤ ਹੋਵੇਗੀ। ਇਸ ਤੋਂ ਇਲਾਵਾ ਪ੍ਰਾਈਵੇਟ ਕੰਪਨੀਆਂ ਨੂੰ ਵਾਧੂ ਬਚਦੇ ਕੋਲੇ ਦੀ ਸਪਲਾਈ ਤੋਂ ਹੋਰ 1500 ਕਰੋੜ ਰੁਪਏ ਜੁਟਾਏ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਕੇਂਦਰੀ ਊਰਜਾ ਮੰਤਰੀ ਨੂੰ ਭਾਰਤ ਸਰਕਾਰ ਦੇ ਇਸ ਫੈਸਲੇ ਦੀ ਸਮੀਖਿਆ ਕਰਨ ਅਤੇ ਮੌਜੂਦਾ ਆਰ.ਐਸ.ਆਰ. ਮੋਡ ਦੀ ਬਜਾਏ ਸਿੱਧਾ ਰੇਲ ਮੋਡ ਰਾਹੀਂ ਸੂਬੇ ਨੂੰ ਕੋਲੇ ਦੀ 100 ਫੀਸਦੀ ਸਪਲਾਈ ਦੀ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਸੀ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਆਰ.ਐਸ.ਆਰ. ਮੋਡ ਰਾਹੀਂ ਕੋਲੇ ਦੀ ਪਹੁੰਚ ਲਾਗਤ ਵਿੱਚ ਲਗਭਗ 1600 ਰੁਪਏ ਪ੍ਰਤੀ ਮੀਟਰਕ ਟਨ ਦਾ ਭਾਰੀ ਵਾਧਾ ਹੋਵੇਗਾ ਜਿਸ ਨਾਲ ਹਰ ਸਾਲ ਲਗਭਗ 200 ਕਰੋੜ ਰੁਪਏ ਦਾ ਵਾਧੂ ਵਿੱਤੀ ਬੋਝ ਪਵੇਗਾ।ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕਿਉਂ ਜੋ ਪੰਜਾਬ ਰਾਜ, ਖਾਣ ਤੋਂ ਸਭ ਤੋਂ ਦੂਰ ਸਥਿਤ ਹੈ, ਇਸ ਲਈ ਢੋਆ-ਢੁਆਈ ਦੀ ਲਾਗਤ ਕੁੱਲ ਪਹੁੰਚ ਲਾਗਤ ਦਾ 60 ਫੀਸਦੀ ਬਣਦੀ ਹੈ।

### ਸਕੂਲਾਂ ਦੀ ਘੱਟ ਤੇ...

ਵਿਦਿਆਰਥਣਾਂ ਕੋਲ ਬੈਠਣ ਲਈ ਡੈਸਕ ਵੀ ਨਹੀਂ ਸਨ ਅਤੇ ਨਾ ਹੀ ਸਕੂਲ ਵਿਖੇ ਚੱਲ ਰਹੇ ਸਪੋਰਟਸ ਵਿੰਗ ਵਿੱਚ ਲੋੜੀਂਦੀਆਂ ਸਹੂਲਤਾਂ ਨਹੀਂ ਹਨ। ਇਸ ਸੰਬੰਧ ਵਿੱਚ ਸਿੱਖਿਆ ਮੰਤਰੀ ਨੇ ਸੰਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਇੱਕ ਹਫ਼ਤੇ ਦੇ ਅੰਦਰ-ਅੰਦਰ ਸਾਰੇ ਵਿਦਿਆਰਥੀਆਂ ਨੂੰ ਬੈਠਣ ਲਈ ਡੈਸਕ ਉਪਲੱਬਧ ਕਰਵਾਏ ਜਾਣ ਅਤੇ ਸਪੋਰਟਸ ਵਿੰਗ ਵਿੱਚ ਖਿਡਾਰੀਆਂ ਦੀ ਸਹੂਲਤ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ। ਸਿਸੋਦੀਆ ਨੇ ਕਿਹਾ ਕਿ 'ਆਪ' ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੇ ਨਿਰਦੇਸ਼ਾਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਲੋਕਾਂ ਨੂੰ ਬਿਹਤਰ ਸਕੂਲੀ ਸਿੱਖਿਆ ਮੁਹੱਈਆ ਕਰਵਾਉਣ ਦੇ ਕੀਤੇ ਵਾਅਦੇ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਹਨਾਂ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਮਾਨ ਦੀ ਸਰਕਾਰ ਸਿੱਖਿਆ ਅਤੇ ਸਿਹਤ ਵਿੱਚ ਵਿਆਪਕ ਸੁਧਾਰਾਂ ਨੂੰ ਲੈ ਕੇ ਸੱਤਾ ਵਿੱਚ ਆਈ ਹੈ ਅਤੇ ਜਨਤਾ ਨਾਲ ਕੀਤਾ ਗਿਆ ਇੱਕ-ਇੱਕ ਵਾਅਦਾ ਪੂਰਾ ਕੀਤਾ ਜਾਣਾ ਹੈ। ਇਸ ਦੌਰੇ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਹਲਕਾ ਵਿਧਾਇਕ ਤਰਨ ਤਾਰਨ, ਡਾ. ਕਸ਼ਮੀਰ ਸਿੰਘ ਸੋਹਲ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਸ੍ਰੀ ਵਰਿੰਦਰ ਕੁਮਾਰ ਸ਼ਰਮਾ, ਡਿਪਟੀ ਕਮਿਸ਼ਨਰ ਤਰਨ ਤਾਰਨ ਰਿਸ਼ੀਪਾਲ ਸਿੰਘ, ਡੀ.ਪੀ.ਆਈ. ਤੇਜਦੀਪ ਸਿੰਘ ਸੈਣੀ, ਦਿੱਲੀ ਤੋਂ ਵਿਧਾਇਕ ਆਤਿਸ਼ੀ ਅਤੇ ਸਟੇਟ ਮੀਡੀਆ ਇੰਚਾਰਜ ਗੁਰਮੀਤ ਸਿੰਘ ਬਰਾੜ ਸਮੇਤ ਸੰਬੰਧਤ ਅਧਿਕਾਰੀ ਵੀ ਉਹਨਾਂ ਦੇ ਨਾਲ ਸਨ।

## ਸਿਵਲ ਸਰਜਨ ਦੀ ਕੋਸ਼ਿਸ਼ ਨੇ ਬਚਾਈ ਜਣੇਪੇ ਦੌਰਾਨ ਔਰਤ ਦੀ ਜਾਨ



ਔਰਤ ਦਾ ਹਾਲਚਾਲ ਪੁੱਛਦੇ ਡਾ. ਰੰਜੂ ਸਿੰਗਲਾ ਸਿਵਲ ਸਰਜਨ ਤੇ ਨਾਲ ਹੋਰ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਕੁਲਭੂਸ਼ਣ, ਪੂਜਾ)**-ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਇਸ ਸਬੰਧ ਵਿੱਚ ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਨਾਰਮਲ ਤੇ ਅਪ੍ਰੇਸ਼ਨਾਂ ਵਾਲੇ ਜਣੇਪੇ ਮੁਫਤ ਕੀਤੇ ਜਾ ਰਹੇ ਹਨ ਅਤੇ ਸਾਰੇ ਕੰਮਿਊਨਟੀ ਸਿਹਤ ਕੇਂਦਰਾਂ ਵਿੱਚ ਨਾਰਮਲ ਜਣੇਪੇ 24 ਘੰਟੇ ਹਫਤੇ ਦੇ 7 ਦਿਨ ਮੁਫਤ ਕੀਤੇ ਜਾ ਰਹੇ ਹਨ। ਇਸ ਸਬੰਧੀ ਸੀ.ਐੱਚ.ਸੀ. ਦੋਦਾ ਵਿਖੇ ਜਣੇਪੇ ਦੌਰਾਨ ਔਰਤ ਦੀ ਬੱਚੇਦਾਨੀ ਦੀ ਗੰਭੀਰ ਸਮੱਸਿਆ ਆ ਗਈ ਸੀ ਤਾਂ ਔਰਤ ਸੀਤਾ ਪਤਨੀ ਮੋਹਨ ਪਾਂਡੇ ਵਾਸੀ ਪਿੰਡ ਦੋਦਾ ਨੂੰ ਤੁਰੰਤ 108 ਐਂਬੂਲੈਂਸ 'ਤੇ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਲਿਆਂਦਾ ਗਿਆ ਤੇ ਡਾ. ਰੰਜੂ ਸਿੰਗਲਾ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਖੁਦ ਪਹੁੰਚ ਕੇ ਔਰਤ ਦਾ ਇਲਾਜ ਕੀਤਾ ਗਿਆ ਅਤੇ ਉਸ ਨੂੰ ਇਸ ਗੰਭੀਰਤਾ ਵਿੱਚੋਂ ਕੱਢਿਆ ਗਿਆ। ਆਮ ਤੌਰ 'ਤੇ ਅਜਿਹੇ ਕੇਸਾਂ ਵਿੱਚ ਔਰਤ ਦੀ ਜਾਨ ਬਚਾਉਣੀ ਬਹੁਤ ਔਖੀ ਹੋ ਜਾਂਦੀ ਹੈ, ਪ੍ਰੰਤੂ ਡਾ. ਰੰਜੂ ਸਿੰਗਲਾ ਸਿਵਲ ਸਰਜਨ ਤੇ ਡਾ. ਕਾਮਨਾ ਜਿੰਦਲ ਔਰਤ ਰੋਗਾਂ ਦੇ ਮਾਹਰ ਵੱਲੋਂ ਅਣਥੱਕ ਮਿਹਨਤ ਕਰਕੇ ਇਸ ਔਰਤ ਦੀ ਜਾਨ ਬਚਾਈ ਗਈ ਜੋ ਕਿ ਮਾਂ ਤੇ ਬੱਚਾ ਸਿਵਲ ਹਸਪਤਾਲ ਵਿੱਚ ਤੰਦਰੁਸਤ ਹਨ। ਇਸ ਸਬੰਧੀ ਡਾ. ਰੰਜੂ ਸਿੰਗਲਾ ਸਿਵਲ ਸਰਜਨ ਨੇ ਦੱਸਿਆ ਕਿ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿੱਚ ਔਰਤ ਰੋਗਾਂ ਦੇ ਮਾਹਰ ਡਾ. ਸਿਮਰਦੀਪ ਕੌਰ ਸੇਵਾਵਾਂ ਦੇ ਰਹੇ ਹਨ, ਜੋ ਕਿ ਪੀ.ਜੀ.ਆਈ. ਚੰਡੀਗੜ੍ਹ ਤੋਂ ਗਾਇਨੋਕਾਲੋਜਿਸਟ ਦੀ ਡਿਗਰੀ ਲੈ ਕੇ ਆਏ ਹਨ। ਇਸੇ ਤਰ੍ਹਾਂ ਹੀ ਸਿਵਲ ਹਸਪਤਾਲ ਦੇ ਗਾਇਨੀ ਵਾਰਡ ਵਿੱਚ ਮਾਹਰ ਸਟਾਫ ਤਾਇਨਾਤ ਕੀਤਾ ਗਿਆ ਹੈ, ਜੋ ਕਿ 24 ਘੰਟੇ ਲੋਕਾਂ ਦੀ ਸੇਵਾ ਲਈ ਉਪਲੱਬਧ ਹਨ। ਇਸ ਮੌਕੇ ਡਾ. ਕਿਰਨਦੀਪ ਕੌਰ ਜ਼ਿਲ੍ਹਾ ਪਰਿਵਾਰ ਭਲਾਈ,ਅਫਸਰ, ਡਾ. ਪਰਮਦੀਪ ਸਿੰਘ ਸੰਧੂ ਬੱਚਿਆਂ ਦੇ ਮਾਹਰ, ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ, ਸੁਨੀਤਾ ਰਾਣੀ ਨਰਸਿੰਗ ਸਿਸਟਰ, ਅਨੀਤਾ ਰਾਣੀ ਸਟਾਫ ਨਰਸ ਹਾਜ਼ਰ ਸਨ।

## ਬੀ ਕੇ ਯੂ ਲੱਖੋਵਾਲ ਦੇ ਜ਼ਿਲ੍ਹਾ ਪੱਧਰੀ ਆਗੂਆਂ ਦੀ ਹੋਈ ਅਹਿਮ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨੀ ਮੁੱਦਿਆਂ ਤੇ ਹੋਰ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨ ਲਈ ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਪੱਧਰੀ ਆਗੂਆਂ ਦੀ ਅਹਿਮ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮੂਹ ਬਲਾਕ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਨੇ ਕਿਹਾ ਕਿ ਕਿਸਾਨੀ ਮਸਲਿਆਂ ਨੂੰ ਹੱਲ ਕਰਵਾਉਣਾ ਸਾਡਾ ਮੁੱਖ ਉਦੇਸ਼ ਹੈ।ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਨੇ ਮੀਟਿੰਗ ਦੌਰਾਨ ਆਗੂਆਂ ਦੀ ਸਹਿਮਤੀ ਨਾਲ ਪਿੰਡ ਰੱਤਾ ਖੇੜਾ ਗੁਲਾਬ ਸਿੰਘ ਵਾਲਾ ਦੇ ਵਾਸੀ ਹਰਪ੍ਰੀਤ ਸਿੰਘ ਰਾਜੂ ਸੋਢੀ ਨੂੰ ਬਲਾਕ ਫ਼ਿਰੋਜ਼ਪੁਰ ਦਾ ਪ੍ਰਧਾਨ ਥਾਪਿਆ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਹਰਪ੍ਰੀਤ ਸਿੰਘ ਨੇ ਜਥੇਬੰਦੀ ਨੂੰ ਵਿਸ਼ਵਾਸ ਦਿੱਤਾ ਕਿ ਜਥੇਬੰਦੀ ਦੇ ਵਿਸਥਾਰ ਲਈ ਪਹਿਲ ਕਦਮੀ ਕਰਨਗੇ ਅਤੇ ਕਿਸਾਨੀ ਮੁੱਦਿਆਂ ਨੂੰ ਲੈ ਕੇ ਸੂਬਾ ਸਰਕਾਰ ਵਿਰੁੱਧ ਕਿਸਾਨਾਂ ਦੀ ਆਵਾਜ਼ ਬੁਲੰਦ ਕਰਨਗੇ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਸੰਧੂ ਨੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਸੜਕਾਂ 'ਤੇ ਘੁੰਮਦੇ ਪਾਲਤੂ ਪਸ਼ੂਆਂ ਦੀ ਸਾਂਭ-ਸੰਭਾਲ ਦਾ ਇੰਤਜ਼ਾਮ ਕਰਨ, ਖੇਤਾਂ ਤੇ ਸੜਕਾਂ ਉਪਰ ਜੋ ਨੀਲ ਗਾਵਾਂ ਬਹੁਤ ਨੁਕਸਾਨ ਕਰ ਰਹੀਆਂ, ਉਨ੍ਹਾਂ 'ਤੇ ਰੋਕ ਲਗਾਈ ਜਾਵੇ, ਕਿਉਂਕਿ ਇਹ ਜਿੱਥੇ ਫ਼ਸਲ ਦਾ ਨੁਕਸਾਨ ਕਰਦੇ ਹਨ, ਉਥੇ ਐਕਸੀਡੈਂਟ, ਸੜਕ 'ਤੇ ਗੰਦਗੀ ਤੇ ਰੁੱਖਾਂ ਦਾ ਨਾਸ ਕਰ ਰਹੀਆਂ ਹਨ। ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਤੋਂ ਗਊ ਸੈੱਸ ਲਗਾ ਕੇ ਟੈਕਸ ਦੀ ਵਸੂਲੀ ਇਨ੍ਹਾਂ ਦੀ ਸਾਂਭ-ਸੰਭਾਲ ਦੇ ਨਾਮ 'ਤੇ ਕੀਤੀ ਜਾ ਰਹੀ ਹੈ।ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨੀ ਮੰਗਾਂ ਦੀ ਪੂਰਤੀ ਕਰਦੇ ਲਈ ਜਲਦ ਐਲਾਨ ਕਰੇ ਤੇ ਜੋ ਕਿਸਾਨੀ ਕਿਸ਼ਤਾਂ ਬੰਦ ਹੋ ਗਈਆਂ ਹਨ, ਉਨ੍ਹਾਂ ਨੂੰ ਜਲਦ ਜਾਰੀ ਕਰੇ।

ਇਸ ਮੌਕੇ ਕਿਰਨਪਾਲ ਸਿੰਘ ਜਨਰਲ ਸਕੱਤਰ, ਹਰਦਿਆਲ ਸਿੰਘ ਮੀਤ ਪ੍ਰਧਾਨ, ਜਲੌਰ ਸਿੰਘ, ਚਮਕੌਰ ਸਿੰਘ ਮੀਤ ਪ੍ਰਧਾਨ ਪੰਜਾਬ, ਸੁਖਮੰਦਰ ਸਿੰਘ ਸਰਪੰਚ, ਬਲਜੀਤ ਸਿੰਘ, ਗੁਰਪ੍ਰਤਾਪ ਸਿੰਘ ਅਲੀਪੁਰ, ਗੁਰਸਾਹਿਬ ਸਿੰਘ ਅਲੀਪੁਰ, ਦਰਸ਼ਨ ਸਿੰਘ ਅਲੀਪੁਰ, ਹਰਜੀਤ ਸਿੰਘ, ਜਗਸੀਰ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਗੁਰਮੀਤ ਸਿੰਘ ਮੋਰਾਂਵਾਲੀ, ਬਲਜਿੰਦਰ ਸਿੰਘ ਮਰਖਾਈ, ਪਰਮਿੰਦਰ ਸਿੰਘ, ਗੁਰਵਿੰਦਰ ਸਿੰਘ, ਜਗਮੋਹਨ ਸਿੰਘ, ਨੰਦ ਸਿੰਘ, ਤੀਰਥ ਸਿੰਘ, ਹਰਪ੍ਰੀਤ ਸਿੰਘ ਬਲਾਕ ਪ੍ਰਧਾਨ, ਦਲਜੀਤ ਸਿੰਘ, ਤਰਸੇਮ ਸਿੰਘ, ਸੁਖਚੈਨ ਸਿੰਘ, ਤਰਲੋਚਨ ਸਿੰਘ, ਹਰਭੇਜ ਸਿੰਘ ਤੇ ਵੱਡੀ ਗਿਣਤੀ 'ਚ ਬਲਾਕ ਮੈਂਬਰ ਤੇ ਅਹੁਦੇਦਾਰ ਹਾਜ਼ਰ ਸਨ।

## ਜੀ ਓ ਜੀ ਜਲਦ ਹੋਣਗੇ ਬਹਾਲ, 23 ਨੂੰ ਮੁੱਖ ਮੰਤਰੀ ਨਾਲ ਮੀਟਿੰਗ ਤੈਅ : ਹਰਪ੍ਰੀਤ ਸਿੰਘ

**ਮਲੋਟ (ਗੁਰਮੀਤ ਸਿੰਘ ਮੱਕੜ)**-ਜੀ.ਓ.ਜੀ. ਸਕੀਮ ਨੂੰ ਪੰਜਾਬ ਸਰਕਾਰ ਜਲਦ ਬਹਾਲ ਕਰ ਸਕਦੀ ਹੈ। ਇਸ ਸੰਬੰਧੀ ਜੀ.ਓ.ਜੀ. ਆਗੂਆਂ ਦੀ ਇੱਕ ਮੀਟਿੰਗ 23 ਦਸੰਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਹੋਣ ਜਾ ਰਹੀ ਹੈ। ਇਹ ਖੁਲਾਸਾ ਕਰਦਿਆਂ ਜੀ.ਓ.ਜੀ. ਤਹਿਸੀਲ ਮਲੋਟ ਦੇ ਸਾਬਕਾ ਇੰਚਾਰਜ ਹਰਪ੍ਰੀਤ ਸਿੰਘ ਨੇ ਦੱਸਿਆ ਕਿ 9 ਸਤੰਬਰ ਨੂੰ ਪੰਜਾਬ ਕੈਬਨਿਟ ਵਲੋਂ ਜੀ.ਓ.ਜੀ. ਸਕੀਮ ਨੂੰ ਬੰਦ ਕਰਨ ਉਪਰੰਤ 31 ਮੈਂਬਰੀ ਜੀ.ਓ.ਜੀ. ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਅੰਦੋਲਨ ਸ਼ੁਰੂ ਕੀਤਾ ਗਿਆ ਸੀ, ਜਿਸ ਉਪਰੰਤ ਇੱਕ ਮੀਟਿੰਗ ਪਹਿਲਾਂ ਮੁੱਖ ਮੰਤਰੀ ਦੇ ਓ.ਐੱਸ.ਡੀ. ਨਾਲ ਹੋ ਚੁੱਕੀ ਹੈ, ਪ੍ਰੰਤੂ ਸਿੱਧਾ ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਨਾ ਮਿਲਣ 'ਤੇ ਜੀ.ਓ.ਜੀ. ਵਿੱਚ ਰੋਸ ਵਧਦਾ ਗਿਆ ਤੇ ਅਖੀਰ ਸੰਗਰੂਰ ਮੁੱਖ ਮੰਤਰੀ ਰਿਹਾਇਸ਼ ਅੱਗੇ ਪੱਕਾ ਧਰਨਾ ਲਗਾਉਣ ਦਾ ਫੈਸਲਾ ਲਿਆ ਗਿਆ, ਜਿਸ ਉਪਰੰਤ ਡੀ.ਸੀ. ਸੰਗਰੂਰ ਵੱਲੋਂ ਮੁੱਖ ਮੰਤਰੀ ਨਾਲ ਮੀਟਿੰਗ ਤੈਅ ਕਰਵਾਈ ਗਈ ਤੇ ਇਸ ਸੰਬੰਧੀ ਲਿਖਤੀ ਪੱਤਰ ਜੀ.ਓ.ਜੀ. ਆਗੂ ਫਲਾਇੰਗ ਅਫਸਰ ਕਮਲ ਵਰਮਾ ਤੇ ਸੰਘਰਸ਼ ਕਮੇਟੀ ਦੇ ਨਾਮ ਜਾਰੀ ਕੀਤਾ ਗਿਆ ਅਤੇ ਧਰਨਾ ਰੱਦ ਕੀਤਾ ਗਿਆ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਮੀਟਿੰਗ ਲਈ ਵੀਰਵਾਰ ਨੂੰ ਸਰਹਾਲੀ ਤਰਨਤਾਰਨ ਵਿਖੇ ਸੰਘਰਸ਼ ਕਮੇਟੀ ਦੀ ਮੀਟਿੰਗ ਕਰਕੇ ਪੂਰੀ ਤਿਆਰੀ ਕਰ ਲਈ ਗਈ ਹੈ। ਉਨ੍ਹਾ ਕਿਹਾ ਕਿ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 23 ਦਸੰਬਰ ਨੂੰ ਮੀਟਿੰਗ ਵਿਚ ਹੀ ਜੀ.ਓ.ਜੀ ਬਹਾਲੀ ਦੀ ਖੁਸ਼ਖਬਰੀ ਆ ਸਕਦੀ ਹੈ ਜਾਂ ਫਿਰ ਉਸ ਤੋਂ ਅਗਲੀ ਕੈਬਨਿਟ ਮੀਟਿੰਗ ਵਿੱਚ ਇਹ ਫੈਸਲਾ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਜੀ.ਓ.ਜੀ. ਸਕੀਮ ਬੰਦ ਕਰਨ ਤੋਂ ਨਿਰਾਸ਼ ਸਾਬਕਾ ਸੈਨਿਕਾਂ ਵੱਲੋਂ ਹਿਮਾਚਲ ਤੇ ਗੁਜਰਾਤ ਸਮੇਤ ਹਰਿਆਣਾ ਜ਼ਿਮਨੀ ਚੋਣ ਵਿੱਚ ਵੀ ਆਪ ਪਾਰਟੀ ਖਿਲਾਫ ਚੋਣ ਪ੍ਰਚਾਰ ਕੀਤਾ ਗਿਆ ਸੀ, ਜਿਸ ਦਾ ਵੀ ਲੋਕ ਫਤਵੇ 'ਤੇ ਵੱਡਾ ਅਸਰ ਦੇਖਣ ਨੂੰ ਮਿਲਿਆ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

17-Dec Page 3.qxd 12/16/2022 9:57 PM Page 1



# ਹੱਕੀ ਮੰਗਾਂ ਨੂੰ ਲੈ ਕੇ ਆਸ਼ਾ ਵਰਕਰਾਂ ਨੇ ਸਿਵਲ ਸਰਜਨ ਦਫਤਰ ਲਾਇਆ ਧਰਨਾ



**ਤਰਨਤਾਰਨ (ਪ੍ਰਿਤਪਾਲ ਸਿੰਘ)**- ਡੈਮੋਕਰੇਟਿਕ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਜ਼ਿਲ੍ਹਾ ਤਰਨਤਾਰਨ ਵੱਲੋਂ ਸਿਵਲ ਸਰਜਨ ਦਫਤਰ ਸਾਹਮਣੇ ਜ਼ਿਲ੍ਹਾ ਪੱਧਰੀ ਧਰਨਾ ਲਾਇਆ ਗਿਆ ਜਿਸ ਵਿੱਚ ਆਸ਼ਾ ਵਰਕਰਾਂ ਅਤੇ ਫੈਸੀਲੀਟੇਟਰਜ਼ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੀ ਸੂਬਾਈ ਪ੍ਰਧਾਨ ਮਨਦੀਪ ਕੌਰ ਬਿਲਗਾ, ਸੂਬਾ ਜਨਰਲ ਸਕੱਤਰ ਸ਼ਕੁੰਤਲਾ ਸਰੋਏ, ਜ਼ਿਲ੍ਹਾ ਪ੍ਰਧਾਨ ਰਜਿੰਦਰ ਕੌਰ, ਲਖਵਿੰਦਰ ਕੌਰ ਨਾਰਲੀ, ਕੁਲਦੀਪ ਕੌਰ, ਮਨਦੀਪ ਕੌਰ, ਵੀਰਪਾਲ ਕੌਰ, ਹਰਜਿੰਦਰ ਕੌਰ, ਮਨਜੀਤ ਕੌਰ, ਸੁਖਜਿੰਦਰ ਕੌਰ, ਕੰਵਲਜੀਤ ਕੌਰ, ਸੁਖਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਜ਼ ਨਾਲ ਚੋਣਾਂ ਦੌਰਾਨ ਕੀਤੇ ਹੋਏ ਵਾਅਦੇ ਪੂਰੇ ਨਹੀਂ ਕਰ ਰਹੀ ਜਿਸ ਕਾਰਨ ਜਥੇਬੰਦੀ ਵਲੋਂ ਸੂਬੇ ਅੰਦਰ ਸੰਘਰਸ਼ ਦਾ ਬਿਗਲ ਵਜਾ ਦਿੱਤਾ ਗਿਆ ਹੈ।

ਆਸ਼ਾ ਵਰਕਰਾਂ ਨੂੰ ਘੱਟੋ-ਘੱਟ 18000 ਰੁਪਏ ਅਤੇ ਫੈਸਿਲੀਟੇਟਰ ਨੂੰ ਆਂਗਨਵਾੜੀ ਸੁਪਰਵਾਈਜ਼ਰ ਦੇ ਬਰਾਬਰ ਸਕੇਲ ਦੇਣ, ਈਪੀਐੱਫ ਕੱਟਣ, ਫਿਕਸ ਤਨਖਾਹ ਅਤੇ ਇਨਸੈਂਟਿਵ ਵਿਚ ਦੁੱਗਣਾ ਵਾਧਾ ਕਰਨ, ਸੀਐੱਚਓ ਦੇ ਪ੍ਰੋਗਰਾਮਾਂ ਵਿੱਚ ਬਣਦਾ ਇਨਸੈਂਟਿਵ ਦੇਣ, ਮਾਣ ਅਤੇ ਟੂਰ ਭੱਤੇ ਵਿੱਚ ਤਿੰਨ ਗੁਣਾਂ ਵਾਧਾ ਕਰਨ, ਪੰਜ ਲੱਖ ਰੁਪਏ ਦਾ ਮੁਫ਼ਤ ਬੀਮਾ ਕਰਨ ਅਤੇ ਪ੍ਰਸੂਤਾ ਛੁੱਟੀ ਦਾ ਨੋਟੀਫਿਕੇਸ਼ਨ ਫੌਰੀ ਜਾਰੀ ਕਰਨ, ਕੋਵਿਡ ਮਹਾਂਮਾਰੀ ਨਾਲ ਮਰਨ ਵਾਲੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੇ ਵਾਰਸਾਂ ਨੂੰ 50-50 ਲੱਖ ਰੁਪਏ ਮੁਆਵਜ਼ਾ ਦੇਣ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ।

ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਿਹਤ ਮੰਤਰੀ ਵਿਰੁੱਧ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ, ਪਰਤਾਪ ਸਿੰਘ ਠੱਠਗੜ੍ਹ, ਕੰਵਰਦੀਪ ਸਿੰਘ ਢਿੱਲੋਂ ਨੇ ਵੀ ਵਿਚਾਰ ਪੇਸ਼ ਕੀਤੇ। ਬਾਅਦ ਵਿੱਚ ਸਹਾਇਕ ਸਿਵਲ ਸਰਜਨ ਰੇਨੂੰ ਭਾਟੀਆ ਨੂੰ ਮੰਗ ਪੱਤਰ ਵੀ ਦਿੱਤਾ ਗਿਆ।

# ਬਸਪਾ ਵਿਧਾਇਕ ਨੇ ਮਜ਼ਦੂਰਾਂ 'ਤੇ ਲਾਠੀਚਾਰਜ ਦਾ ਮਾਮਲਾ ਐੱਸ ਸੀ/ ਐੱਸ ਟੀ ਵੈੱਲਫੇਅਰ ਕਮੇਟੀ ਵਿਧਾਨ ਸਭਾ ਕੋਲ ਉਠਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬਹੁਜਨ ਸਮਾਜ ਪਾਰਟੀ ਪੰਜਾਬ ਦੇ ਇਕਲੌਤੇ ਵਿਧਾਇਕ ਡਾ. ਨਛੱਤਰ ਪਾਲ ਵੱਲੋਂ ਪਿਛਲੇ ਦਿਨੀਂ ਸੰਗਰੂਰ ਵਿਖੇ ਪੁਲਸ ਵੱਲੋਂ ਮਜ਼ਦੂਰਾਂ 'ਤੇ ਕੀਤੇ ਗਏ ਅੰਨ੍ਹੇਵਾਹ ਲਾਠੀਚਾਰਜ ਦਾ ਮਾਮਲਾ ਵਿਧਾਨ ਸਭਾ ਦੀ ਐਸ ਸੀ ਐਸ ਟੀ ਵੈਲਫੇਅਰ ਕਮੇਟੀ ਦੇ ਚੇਅਰਮੈਨ ਕੋਲ ਜ਼ੋਰਦਾਰ ਢੰਗ ਨਾਲ ਇੱਕ ਪੱਤਰ ਲਿਖ ਕੇ ਉਠਾਇਆ ਗਿਆ ਹੈ। ਓਂਕਾਰ ਸਿੰਘ ਝੰਮਟ ਸਾਬਕਾ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੱਤਰ 'ਚ ਇਹ ਵੀ ਮੰਗ ਕੀਤੀ ਗਈ ਹੈ ਕਿ ਡਿਪਟੀ ਕਮਿਸ਼ਨਰ ਅਤੇ ਸੰਗਰੂਰ ਵੱਲੋਂ ਦਲਿਤ ਸਮਾਜ ਨਾਲ ਸੰਬੰਧਤ ਮਜ਼ਦੂਰਾਂ 'ਤੇ ਲਾਠੀਚਾਰਜ ਕਰਨ ਵਾਲੇ ਉਕਤ ਅਫਸਰਾਂ ਖਿਲਾਫ ਐਸ ਸੀ ਐਸ ਟੀ ਐਕਟ ਤਹਿਤ ਤੁਰੰਤ ਪਰਚਾ ਦਰਜ ਕੀਤਾ ਜਾਵੇ।

ਮੁੱਖ ਮੰਤਰੀ ਪੰਜਾਬ ਦੀ ਕੋਠੀ ਦਾ ਕਿਸਾਨ ਜਥੇਬੰਦੀਆਂ ਵੱਲੋਂ ਰੋਜ਼ਾਨਾ ਹੀ ਘਿਰਾਓ ਕੀਤਾ ਜਾਂਦਾ ਹੈ, ਉਨ੍ਹਾਂ ਉੱਤੇ ਕਦੇ ਵੀ ਪੁਲਸ ਜਾਂ ਪੁਲਸ ਪ੍ਰਸ਼ਾਸਨ ਵੱਲੋਂ ਲਾਠੀਚਾਰਜ ਨਹੀਂ ਕੀਤਾ ਜਾਂਦਾ ਬਲਕਿ ਉਨ੍ਹਾਂ ਨਾਲ ਮੁੱਖ ਮੰਤਰੀ ਦੀ ਗੱਲਬਾਤ ਕਰਵਾ ਕੇ ਮਸਲੇ ਦਾ ਹੱਲ ਕੱਢ ਲਿਆ ਜਾਂਦਾ ਹੈ। ਓਂਕਾਰ ਸਿੰਘ ਝੰਮਟ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਦਲਿਤ ਤੇ ਗਰੀਬ ਲੋਕਾਂ ਦੀ ਮੁੱਖ ਮੰਤਰੀ ਨਾਲ ਗੱਲਬਾਤ ਕਰਵਾਉਣ ਦੀ ਬਜਾਏ ਆਪਣੀ ਜਾਤੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੇ ਹੋਏ ਮਜ਼ਦੂਰਾਂ 'ਤੇ ਵੱਡੇ ਪੱਧਰ 'ਤੇ ਤਸ਼ੱਦਦ ਤੇ ਲਾਠੀਚਾਰਜ ਕੀਤਾ। ਸਰਦਾਰ ਝੰਮਟ ਨੇ ਮੰਗ ਕੀਤੀ ਕਿ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਮੰਨੀਆਂ ਜਾਣ ਨਹੀਂ ਤਾਂ ਬਹੁਜਨ ਸਮਾਜ ਪਾਰਟੀ ਪੂਰੇ ਪੰਜਾਬ ਅੰਦਰ ਮਜ਼ਦੂਰਾਂ ਦੇ ਹੱਕਾਂ ਲਈ ਵੱਡੇ ਪੱਧਰ 'ਤੇ ਸੰਘਰਸ਼ ਕਰੇਗੀ।

# ਡਾ: ਹਰਨੂਰ ਕੌਰ ਢਿੱਲੋਂ ਨੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ



**ਮਜੀਠਾ (ਸੋਨਿਮ ਆਨੰਦ)**-ਡਾ: ਹਰਨੂਰ ਕੌਰ ਢਿੱਲੋਂ ਪੀਸੀਐਸ ਐੱਸਡੀਐੱਮ ਮਜੀਠਾ ਵੱਲੋਂ ਪੰਜਾਬ ਸਰਕਾਰ ਅਤੇ ਮਾਨਯੋਗ ਜ਼ਿਲ੍ਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਹੁਕਮਾਂ ਤੇ ਸਬ ਡਵੀਜ਼ਨ ਪੱਧਰ 'ਤੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ।

ਇਸ ਮੌਕੇ ਉਨ੍ਹਾਂ ਸਭ ਤੋਂ ਪਹਿਲਾਂ ਪਿੰਡ ਵਡਾਲਾ ਦਾ ਦੌਰਾ ਕੀਤਾ ਜਿਥੇ ਗੁਰੂ ਨਾਨਕ ਬਗੀਚੀ ਦਾ ਕੰਮ ਚੱਲ ਰਿਹਾ ਹੈ ਅਤੇ ਇਸ ਕੰਮ ਨੂੰ ਨਰੇਗਾ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਦੀ ਪੜਤਾਲ ਪਿੰਡ ਦੇ ਸਰਪੰਚ ਅਤੇ ਹੋਰ ਮੋਹਤਬਰਾਂ ਨਾਲ ਕੀਤੀ। ਉਨ੍ਹਾਂ ਮੌਕੇ 'ਤੇ ਚੱਲ ਰਹੇ ਇਸ ਕੰਮ ਦੀ ਸਾਰੀ ਜਾਣਕਾਰੀ ਨਰੇਗਾ ਅਧਿਕਾਰੀਆਂ ਅਤੇ ਪਿੰਡ ਦੇ ਸਰਪੰਚ ਪਾਸੋਂ ਲਈ। ਇਸ ਤੋਂ ਇਲਾਵਾ ਉਨ੍ਹਾਂ ਪਿੰਡ ਵਡਾਲਾ ਦੇ ਸੇਵਾ ਕੇਂਦਰ ਦਾ ਵੀ ਅਚਨਚੇਤ ਨਿਰੀਖਣ ਕੀਤਾ ਜਿਥੇ ਉਨ੍ਹਾਂ ਸੇਵਾ ਕੇਂਦਰ ਵਿੱਚ ਕੰਮ ਕਰਵਾਉਣ ਆਏ ਲੋਕਾਂ ਨਾਲ ਗੱਲ ਕੀਤੀ ਅਤੇ ਮੁਸ਼ਕਲਾਂ ਸੁਣ ਕੇ ਉਨ੍ਹਾਂ ਦਾ ਮੌਕਾ 'ਤੇ ਨਿਪਟਾਰਾ ਕੀਤਾ। ਇਸ ਤੋਂ ਬਾਅਦ ਪਿੰਡ ਦੇ ਪਸ਼ੂ ਹਸਪਤਾਲ ਦਾ ਦੌਰਾ ਕਰਦਿਆਂ ਉਨ੍ਹਾਂ ਪਸ਼ੂ ਪਾਲਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਇਸ ਤੋਂ ਇਲਾਵਾ ਐੱਸਡੀਐੱਮ ਡਾ. ਹਰਨੂਰ ਕੌਰ ਢਿੱਲੋਂ ਨੇ ਪਿੰਡ ਵਰਿਆਮ ਦਾ ਵਿਸ਼ੇਸ਼ ਤੌਰ 'ਤੇ ਦੌਰਾ ਕਰਦਿਆਂ ਉਥੇ ਨਰੇਗਾ ਸਕੀਮ ਤਹਿਤ ਬਣ ਰਹੇ ਤਲਾਬ ਦੇ ਕੰਮ ਦਾ ਜਾਇਜ਼ਾ ਲਿਆ ਅਤੇ ਮੌਕੇ 'ਤੇ ਮੌਜੂਦ ਨਰੇਗਾ ਅਧਿਕਾਰੀਆਂ ਅਤੇ ਸੰਬੰਧਿਤ ਪਿੰਡਾਂ ਦੇ ਸਰਪੰਚਾਂ ਨੂੰ ਵਿਸ਼ੇਸ਼ ਹਦਾਇਤਾਂ ਵੀ ਦਿੱਤੀਆਂ।

# ਟੀਕਾਕਰਨ ਸ਼ਡਿਊਲ 'ਚ ਹੁਣ ਪੋਲੀਓ ਵੈਕਸੀਨ ਦੀ ਤੀਸਰੀ ਡੋਜ਼ ਵੀ ਹੋਏਗੀ ਸ਼ਾਮਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਬੱਚਿਆਂ ਦਾ ਸੰਪੂਰਨ ਟੀਕਾਕਰਨ ਉਨ੍ਹਾਂ ਨੂੰ ਕਈ ਖਤਰਨਾਕ ਬਿਮਾਰੀਆਂ ਤੋਂ ਬਚਾਉਂਦਾ ਹੈ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਚਰਨਜੀਤ ਸਿੰਘ ਨੇ ਦੱਸਿਆ ਕਿ 0-5 ਸਾਲ ਤੱਕ ਦੇ ਛੋਟੇ ਬੱਚਿਆਂ ਦਾ ਸੰਪੂਰਨ ਟੀਕਾਕਰਨ ਬਹੁਤ ਜ਼ਰੂਰੀ ਹੈ। ਸਰਕਾਰ ਵੱਲੋਂ ਰੂਟੀਨ ਟੀਕਾਕਰਨ ਸ਼ਡਿਊਲ ਵਿੱਚ ਸ਼ਾਮਲ ਇਹ ਟੀਕੇ ਬੱਚਿਆਂ ਨੂੰ ਕਾਲੀ ਖਾਂਸੀ, ਖਸਰਾ, ਰੂਬੈਲਾ, ਟਿਟਨਸ,ਟੀ.ਬੀ, ਹੈਪੇਟਾਈਟਸ ਬੀ, ਹਿਬ, ਗਲਘੋਟੂ, ਆਦਿ ਜਾਨਲੇਵਾ ਬਿਮਾਰੀਆਂ ਤੋਂ ਬਚਾਉਂਦੇ ਹਨ। ਉਨ੍ਹਾਂ ਦੱਸਿਆ ਕਿ ਪੋਲੀਓ ਜਿਹੀ ਨਾਮੁਰਾਦ ਬਿਮਾਰੀ ਦੇ ਖਾਤਮੇ ਲਈ ਹੁਣ 1 ਜਨਵਰੀ 2023 ਤੋਂ ਇਸ ਵੈਕਸੀਨ ਦੀ ਤੀਸਰੀ ਡੋਜ਼ ਇੰਜੈਕਸ਼ਨ ਦੇ ਰੂਪ ਵਿਚ ਵੀ ਸ਼ੁਰੂ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਨਵਜੰਮੇ ਬੱਚਿਆਂ ਨੂੰ ਡੇਢ ਮਹੀਨੇ ਅਤੇ ਸਾਢੇ 3 ਮਹੀਨੇ ਤੇ ਪੋਲੀਓ ਵੈਕਸੀਨ (ਆਈ.ਪੀ.ਵੀ) ਦੀ ਡੋਜ਼ ਦਿੱਤੀ ਜਾਂਦੀ ਸੀ, ਹੁਣ ਟੀਕਾਕਰਨ ਸ਼ਡਿਊਲ ਵਿਚ 9 ਮਹੀਨੇ ਦੇ ਅੰਤਰਾਲ 'ਤੇ ਪੋਲੀਓ ਦੀ ਬੂਸਟਰ ਡੋਜ਼ (ਫਰੈਕਸ਼ਨਲ ਇਨਐਕਟੀਵੇਟਿਡ ਪੋਲੀਓ ਵਾਇਰਸ ਵੈਕਸੀਨ) ਡੋਜ਼ ਨੂੰ ਸ਼ਾਮਲ ਕੀਤਾ ਗਿਆ ਹੈ। ਸਿਵਲ ਸਰਜਨ ਡਾ. ਚਰਨਜੀਤ ਸਿੰਘ ਨੇ ਦੱਸਿਆ ਕਿ ਉਕਤ ਡੋਜ਼ 9 ਮਹੀਨੇ 'ਤੇ ਲੱਗਣ ਵਾਲੀ ਮੀਸਲਜ਼ ਰੂਬੇਲਾ ਵੈਕਸੀਨ ਦੇ ਨਾਲ ਲਗਾਈ ਜਾਏਗੀ।

# ਅਫਵਾਹਾਂ ਤੋਂ ਸੁਚੇਤ ਰਹਿ ਕੇ ਲੋਕ ਸਿੱਧਾ ਅਫਸਰ ਨਾਲ ਸੰਪਰਕ ਕਰਨ: ਇੰਦਰਜੀਤ ਕੌਰ



**ਧਾਰੀਵਾਲ,(ਮਨਦੀਪ ਸਿੰਘ ਵਿੱਕੀ)**- ਆਮ ਲੋਕ ਤਹਿਸੀਲ ਦਫਤਰਾਂ 'ਚ ਆਪਣੇ ਕੰਮ ਕਰਵਾਉਣ ਲਈ ਬਾਹਰ ਪ੍ਰਾਈਵੇਟ ਕਰਿੰਦਿਆਂ ਨਾਲ ਸੰਪਰਕ ਕਰਨ ਦੀ ਬਜਾਏ ਸਿੱਧਾ ਦਫਤਰੀ ਸਟਾਫ ਨਾਲ ਤਾਲਮੇਲ ਕਰਕੇ ਸਰਕਾਰ ਦੀਆਂ ਸਹੂਲਤਾਂ ਦਾ ਲਾਭ ਉਠਾਉਣ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਇੰਦਰਜੀਤ ਕੌਰ ਰਿਆੜ ਨਾਇਬ ਤਹਿਸੀਲਦਾਰ ਧਾਰੀਵਾਲ ਅਤੇ ਨੌਸ਼ਹਿਰਾ ਮੱਝਾ ਸਿੰਘ ਨੇ ਇਕ ਪ੍ਰੈੱਸ ਮਿਲਣੀ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਉਨ੍ਹਾ ਦੇ ਧਿਆਨ ਵਿਚ ਆਇਆ ਹੈ ਕਿ ਦਫਤਰ ਦੇ ਬਾਹਰ ਕੁੱਝ ਪ੍ਰਾਈਵੇਟ ਵਿਅਕਤੀਆਂ ਵੱਲੋਂ ਉਨ੍ਹਾ ਦੇ ਨਾਂਅ 'ਤੇ ਲੋਕਾਂ ਕੋਲੋਂ ਉਨ੍ਹਾ ਦੇ ਕੰਮ ਕਰਵਾਉਣ ਬਦਲੇ ਪੈਸੇ ਵਸੂਲੇ ਜਾ ਰਹੇ ਹਨ, ਜਦਕਿ ਇਹ ਬਿਲਕੁਲ ਗਲਤ ਤੇ ਨਾ-ਬਰਦਾਸ਼ਤ ਯੋਗ ਗੱਲ ਹੈ। ਉਨ੍ਹਾ ਕਿਹਾ ਕਿ ਅਜਿਹਾ ਕੋਈ ਵੀ ਮਾਮਲਾ ਸਾਹਮਣੇ ਆਉਣ 'ਤੇ ਸੰਬੰਧਤ ਦੋਸ਼ੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾ ਲੋਕਾਂ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਵਿਅਕਤੀ ਨੂੰ ਉਨ੍ਹਾ ਦੇ ਨਾਂਅ 'ਤੇ ਕੋਈ ਪੈਸਾ ਆਦਿ ਨਾ ਦਿੱਤਾ ਜਾਵੇ। ਆਮ ਪਬਲਿਕ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਆਉਣ 'ਤੇ ਉਹ ਸਿੱਧੇ ਤੌਰ 'ਤੇ ਕਿਸੇ ਵੀ ਕੰਮ ਵਾਲੇ ਦਿਨ ਸੰਬੰਧਤ ਦਫਤਰ ਵਿਖੇ ਉਨ੍ਹਾ ਨੂੰ ਮਿਲ ਕੇ ਆਪਣੀ ਮੁਸ਼ਕਲ ਦੱਸ ਸਕਦੇ ਹਨ।

# ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ 'ਚ ਕਰਵਾਈਆਂ ਵੱਖ-ਵੱਖ ਖੇਡਾਂ




**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ ਵਿਖੇ ਫਿੱਟ ਇੰਡੀਆ ਹਫਤੇ ਤਹਿਤ ਬੱਚਿਆਂ ਨੂੰ ਖੇਡਾਂ ਕਰਵਾਈਆਂ ਜਾ ਰਹੀਆਂ ਹਨ ਜਿਸ ਵਿੱਚ ਡਿਸਕ ਥਰੋਅ, ਸ਼ਾਟਪੁਟ, ਜੈਵਲਿਨ ਥਰੋਅ, ਲੌਂਗ ਅਤੇ ਟਰਿਪਲ ਜੰਪ, ਲੌਂਗ ਰੇਸਾਂ, ਵਾਕ ਰੇਸ, ਫੁੱਟਬਾਲ, ਵਾਲੀਬਾਲ, ਖੋਹ-ਖੋਹ ਅਤੇ ਟੱਗ ਵਾਰ ਆਦਿ ਸ਼ਾਮਿਲ ਹਨ। ਇਨ੍ਹਾਂ ਖੇਡਾਂ ਦੀ ਆਰੰਭਤਾ ਡੀ.ਪੀ. ਮੈਡਮ ਬਲਜੀਤ ਕੌਰ ਦੀ ਦੇਖ ਰੇਖ ਵਿੱਚ ਕੀਤੀ ਗਈ ਜਿਸ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਬੜੀ ਉਤਸੁਕਤਾ ਨਾਲ ਹਿੱਸਾ ਲਿਆ ਹੈ। ਇਸ ਦੌਰਾਨ ਸਕੂਲ ਦੇ ਡਾਇਰੈਕਟਰ ਸਤੀਸ਼ ਕੁਮਾਰ ਦੁੱਗਲ ਨੇ ਸੰਦੇਸ਼ ਦਿੱਤਾ ਕਿ ਬੱਚਿਆਂ ਦੇ ਮਾਨਸਿਕ ਵਿਕਾਸ ਦੇ ਨਾਲ-ਨਾਲ ਸਰੀਰਕ ਵਿਕਾਸ ਅਤੇ ਫਿਟਨੈੱਸ ਦਾ ਹੋਣਾ ਵੀ ਜ਼ਰੂਰੀ ਹੈ। ਇਸ ਮੌਕੇ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਯੋਗੇਸ਼ ਕੁਮਾਰ ਨੇ ਦੱਸਿਆ ਕਿ ਖੇਡਾਂ ਬੱਚਿਆਂ ਨੂੰ ਰਿਲੈਕਸ ਅਤੇ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ। ਇਸ ਸਮੇਂ ਸਕੂਲ ਦੇ ਸਮੂਹ ਸਟਾਫ ਜਸਪਾਲ ਸਿੰਘ, ਹਰਜਿੰਦਰ ਸਿੰਘ, ਪ੍ਰਭਜੀਤ ਸਿੰਘ, ਜਸਵਿੰਦਰ ਸਿੰਘ ਅਤੇ ਮੈਡਮ ਗੁਰਕਮਲਪ੍ਰੀਤ ਕੌਰ, ਮੈਡਮ ਮਨਦੀਪ ਕੌਰ ਅਤੇ ਮੈਡਮ ਰਮਨਦੀਪ ਕੌਰ ਆਦਿ ਸਟਾਫ ਹਾਜ਼ਰ ਸੀ।

# ਨੈਸ਼ਨਲ ਹਾਈਵੇਅ ਲਈ ਐਕਵਾਇਰ ਜ਼ਮੀਨ ਲਈ ਕਿਸਾਨਾਂ ਨੂੰ 100 ਕਰੋੜ ਰੁਪੇ ਵੰਡੇ ਜਾ ਚੁੱਕੇ : ਐੱਸ ਡੀ ਐੱਮ



**ਬਟਾਲਾ, (ਤਰਲੋਕ ਬੱਗਾ)**-ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਮ੍ਰਿਤਸਰ-ਜੰਮੂ-ਕਟੜਾ ਹਾਈਵੇ ਲਈ ਐਕਵਾਇਰ ਹੋਈ ਜ਼ਮੀਨ ਲਈ ਭੂ ਮਾਲਕਾਂ (ਕਿਸਾਨਾਂ) ਨੂੰ ਰਾਸ਼ੀ ਵੰਡਣ ਵਿੱਚ ਤੇਜ਼ੀ ਵਿੱਢੀ ਗਈ ਹੈ ਤੇ ਹੁਣ ਤੱਕ ਕਿਸਾਨਾਂ ਨੂੰ 100 ਕਰੋੜ ਰੁਪਏ ਦਾ ਐਵਾਰਡ (ਰਾਸ਼ੀ) ਵੰਡਿਆ ਜਾ ਚੁੱਕਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮਾਣਯੋਗ ਡਿਪਟੀ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਿਸਾਨਾਂ ਨੂੰ ਮੋਟੀਵੇਟ ਕੀਤਾ ਜਾ ਰਿਹਾ ਹੈ ਕਿ ਉਹ ਇਸ ਮਹੱਤਵਪੂਰਨ ਪਰੋਜੈਕਟ ਲਈ ਅੱਗੇ ਆਉਣ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਹੱਤਵਪੂਰਨ ਪਰੋਜੈਕਟ ਲਈ ਜੋ ਵੀ ਕਿਸਾਨ ਅੱਗੇ ਆ ਕੇ ਦੂਸਰੇ ਕਿਸਾਨਾਂ ਨੂੰ ਮੋਟੀਵੇਟ ਕਰੇਗਾ ਜਾਂ ਖਾਸ ਯੋਗਦਾਨ ਪਾਵੇਗਾ, ਉਨ੍ਹਾਂ ਨੂੰ 26 ਜਨਵਰੀ ਨੂੰ ਬਟਾਲਾ ਵਿਖੇ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਮੌਕੇ ਸਨਮਾਨਿਤ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਇਸ ਪਰੋਜੈਕਟ ਤਹਿਤ 207 ਹੈਕਟੇਅਰ ਜ਼ਮੀਨ ਐਕਵਾਇਰ ਹੋ ਗਈ ਹੈ ਤੇ ਹੁਣ ਤਕ 100 ਕਰੋੜ ਰੁਪਏ ਦਾ ਐਵਾਰਡ ਭੂ ਮਾਲਕਾਂ ਨੂੰ ਦਿੱਤਾ ਜਾ ਚੁੱਕਾ ਹੈ ਅਤੇ ਬਕਾਇਆ ਐਵਾਰਡ ਭੂ ਮਾਲਕਾਂ ਨੂੰ ਦੇਣ ਲਈ ਹੋਰ ਤੇਜ਼ੀ ਵਿੱਢੀ ਗਈ ਹੈ।

# ਰਮਨ ਬਹਿਲ ਨੇ 32 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ

**ਗੁਰਦਾਸਪੁਰ (ਜਨਕ ਮਹਾਜਨ)**-ਚੇਅਰਮੈਨ ਰਮਨ ਬਹਿਲ ਦੇ ਯਤਨਾਂ ਸਦਕਾ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਵਿਕਾਸਾਂ ਕਾਰਜਾਂ ਨੂੰ ਨਵੀਂ ਗਤੀ ਮਿਲੀ ਹੈ। ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਗੁਰਦਾਸਪੁਰ ਪੰਡੋਰੀ ਰੋਡ ਤੋਂ ਵੇਰਕਾ ਮਿਲਕ ਪਲਾਂਟ ਤੱਕ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ। ਗੁਰਦਾਸਪੁਰ ਸ਼ਹਿਰ ਦੇ 670 ਮੀਟਰ ਲੰਬੇ ਇਸ ਸਿਟੀ ਪੋਰਸ਼ਨ ਦੀ ਮੁਰੰਮਤ ਉੱਪਰ 32 ਲੱਖ ਰੁਪਏ ਦੀ ਲਾਗਤ ਆਵੇਗੀ। ਸੜਕ ਦਾ ਨੀਂਹ ਪੱਥਰ ਰੱਖਣ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਉੱਘੇ ਜਨਤਕ ਆਗੂ ਸ਼ਮਸ਼ੇਰ ਸਿੰਘ ਵੀ ਮੌਜੂਦ ਸਨ।

ਸੜਕ ਦਾ ਉਦਘਾਟਨ ਕਰਦਿਆਂ ਬਹਿਲ ਨੇ ਕਿਹਾ ਕਿ ਗੁਰਦਾਸਪੁਰ ਵਿਧਾਨ ਸਭਾ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣਾ ਉਨ੍ਹਾਂ ਦਾ ਮੁੱਖ ਟੀਚਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਵਾਮ ਦੀ ਬੇਹਤਰੀ ਲਈ ਇਤਿਹਾਸਕ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਸਿਰਫ ਚੋਣਾਂ ਨੇੜੇ ਆਉਣ 'ਤੇ ਹੀ ਵਿਕਾਸ ਕਰਨ ਬਾਰੇ ਸੋਚਦੀਆਂ ਸਨ ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਹਿਲੇ ਦਿਨ ਤੋਂ ਹੀ ਸੂਬੇ ਦੇ ਸਰਬਪੱਖੀ ਵਿਕਾਸ ਲਈ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ ਗਏ ਹਨ। ਇਸ ਮੌਕੇ ਉਨ੍ਹਾਂ ਨਾਲ ਐਕਸੀਅਨ ਲੋਕ ਨਿਰਮਾਣ ਵਿਭਾਗ ਜਤਿੰਦਰ ਮੋਹਨ, ਨੈਸ਼ਨਲ ਐਵਾਰਡੀ ਰੋਮੇਸ਼ ਮਹਾਜਨ ਤੋਂ ਇਲਾਵਾ ਹੋਰ ਇਲਾਕਾ ਨਿਵਾਸੀ ਵੀ ਹਾਜ਼ਰ ਸਨ।

# 18 ਸਾਲ ਦਾ ਕੋਈ ਵੀ ਨੌਜਵਾਨ ਆਪਣੀ ਵੋਟ ਬਣਵਾਉਣ ਤੋਂ ਵਾਂਝਾ ਨਾ ਰਹੇ: ਤਹਿਸੀਲਦਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਭਾਰਤ ਦੇ ਚੋਣ ਕਮਿਸ਼ਨ ਵੱਲੋਂ 18 ਸਾਲ ਉਮਰ ਦੇ ਨੌਜਵਾਨਾਂ ਦੀਆਂ ਵੱਧ ਤੋਂ ਵੱਧ ਵੋਟਾਂ ਬਣਾਉਣ ਲਈ ਸਾਲ ਵਿੱਚ ਚਾਰ ਮਿਤੀਆਂ ਪਹਿਲੀ ਜਨਵਰੀ, ਪਹਿਲੀ ਅਪ੍ਰੈਲ, ਪਹਿਲੀ ਜੁਲਾਈ ਅਤੇ ਪਹਿਲੀ ਅਕਤੂਬਰ ਤੈਅ ਕੀਤੀਆਂ ਗਈਆਂ ਹਨ ਅਤੇ ਇਨਾਂ ਚਾਰ ਮੌਕਿਆਂ 'ਤੇ ਨਵੀਆਂ ਵੋਟਾਂ ਬਣਾਉਣ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਜੋ ਜ਼ਿਲ੍ਹੇ ਦਾ ਕੋਈ ਵੀ ਨੌਜਵਾਨ ਵੋਟ ਬਣਾਉਣ ਤੋਂ ਵਾਂਝਾ ਨਾ ਰਹੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਚੋਣ ਤਹਿਸੀਲਦਾਰ ਰਾਜਿੰਦਰ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਲਾਕ ਸਵੀਪ ਨੋਡਲ ਅਫਸਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਜ਼ਿਲ੍ਹੇ ਦੇ ਬਲਾਕ ਲੈਵਲ ਸਵੀਪ ਨੋਡਲ ਅਫਸਰਾਂ ਨੂੰ ਦੱਸਿਆਂ ਕਿ ਸਵੀਪ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਸ਼ੇਸ਼ ਸਰਸਰੀ ਸੁਧਾਈ ਸਾਲ 2023 ਅਧੀਨ ਅਤੇ ਨਵੇਂ ਵੋਟਰ ਦੇ ਤੌਰ 'ਤੇ ਰਜਿਸਟਰਡ ਹੋਣ ਲਈ ਹੁਣ ਭਾਰਤੀ ਨਾਗਰਿਕਾਂ ਪਾਸ ਪਹਿਲੀ ਜਨਵਰੀ, ਪਹਿਲੀ ਅਪ੍ਰੈਲ, ਪਹਿਲੀ ਜੁਲਾਈ ਅਤੇ ਪਹਿਲੀ ਅਕਤੂਬਰ ਨੂੰ ਜੇਕਰ ਉਹ ਲੋੜੀਂਦੀ ਉਮਰ ਦੀ ਯੋਗਤਾ ਪੂਰੀ ਕਰਦੇ ਹਨ ਤਾਂ ਉਨ੍ਹਾਂ ਕੋਲ ਵੋਟ ਬਣਾਉਣ ਲਈ 4 ਮੌਕੇ ਹਨ। ਉਨ੍ਹਾਂ ਦੱਸਿਆਂ ਕਿ ਜਿਨ੍ਹਾਂ ਨੌਜਵਾਨਾਂ ਦੀ ਉਮਰ ਅਜੇ 17 ਸਾਲ ਦੀ ਹੈ ਜਾਂ 18 ਸਾਲ ਹੋ ਗਈ ਹੈ ਜਾਂ 18 ਸਾਲ ਦੀ ਹੋਣ ਵਾਲੀ ਹੈ ਖਾਸਕਰ ਉਨ੍ਹਾਂ ਨੌਜਵਾਨਾਂ ਨੂੰ ਨਵੀਆਂ ਵੋਟਾਂ ਬਣਾਉਣ ਲਈ ਪਿੰਡ ਪੱਧਰ ਉੱਤੇ ਘਰ-ਘਰ ਜਾ ਕੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਫਾਰਮ ਨੰਬਰ 6 ਨਵੀਂ ਵੋਟ ਬਣਾਉਣ ਲਈ, ਫਾਰਮ ਨੰਬਰ 6-ਏ ਐਨ.ਆਰ.ਆਈ ਲਈ, ਫਾਰਮ ਨੰਬਰ 6-ਬੀ ਵੋਟਰ ਕਾਰਡ ਦਾ ਅਧਾਰ ਨਾਲ ਲਿੰਕ ਕਰਵਾਉਣ ਲਈ, ਫਾਰਮ ਨੰਬਰ 7 ਵੋਟ ਕਟਵਾਉਣ ਲਈ ਅਤੇ ਫਾਰਮ 8 ਵਿੱਚ ਰਿਹਾਇਸ਼ ਬਦਲਣ ਜਾਂ ਕਿਸੇ ਵੀ ਤਰ੍ਹਾਂ ਦੀ ਦਰੁਸਤੀ ਕਰਵਾਉਣ ਲਈ ਆਦਿ ਫਾਰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਮੀਟਿੰਗ ਵਿੱਚ ਬਲਾਕ ਸਵੀਪ ਨੋਡਲ ਅਫਸਰਾਂ ਵੱਲੋਂ ਯਕੀਨ ਦਿਵਾਇਆ ਗਿਆ ਭਾਰਤੀ ਚੋਣ ਕਮਿਸ਼ਨ ਅਤੇ ਮੁੱਖ ਚੋਣ ਕਮਿਸ਼ਨਰ ਪੰਜਾਬ ਵੱਲੋਂ ਦਰਸਾਈਆਂ ਗਈ ਸਵੀਪ ਗਤੀਵਿਧੀਆਂ ਦੀਆਂ ਤਾਰੀਖਾਂ ਤੇ ਉਨ੍ਹਾਂ ਵੱਲੋਂ ਵੱਧ ਤੋਂ ਵੱਧ ਸਵੀਪ ਗਤੀਵਿਧੀਆਂ ਕਰਕੇ ਆਮ ਲੋਕਾਂ ਨੂੰ ਸਰਸਰੀ ਸੁਧਾਈ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ।

# ਪੈਨਸ਼ਨਰਜ਼ ਦੀਆਂ ਭੱਖਦੀਆਂ ਮੰਗਾਂ ਬਾਰੇ ਕੀਤਾ ਵਿਚਾਰ-ਵਟਾਂਦਰਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪੰਜਾਬ ਰਾਜ ਬਿਜਲੀ ਬੋਰਡ ਆਲ ਕੇਡਰਜ਼ ਪੈਨਸ਼ਨਰਜ਼ ਐਸੋਸੀਏਸ਼ਨ ਪੱਛਮ ਮੰਡਲ ਅੰਮ੍ਰਿਤਸਰ ਦੀ ਮੀਟਿੰਗ ਪ੍ਰਮੋਦ ਕੁਮਾਰ ਸਿੱਕਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿਚ ਪੈਨਸ਼ਨਰਜ਼ ਨੇ ਭਾਰੀ ਗਿਣਤੀ ਵਿਚ ਭਾਗ ਲਿਆ ਅਤੇ ਪੈਨਸ਼ਨਰਜ਼ ਦਾ ਭੱਖਦੀਆਂ ਮੰਗਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਨੂੰ ਪੈਨਸ਼ਨਰਜ਼ ਆਗੂ ਨਾਰੇਸ਼ ਕੁਮਾਰ, ਜਗਤ ਰਾਮ, ਅਨੂਪ ਸਿੰਘ ਲੋਪੋਕੇ, ਪ੍ਰਮੋਦ ਕੁਮਾਰ, ਹਰਭਜਨ ਸਿੰਘ ਝੰਜੋਟੀ ਪ੍ਰੈੱਸ ਸਕੱਤਰ ਅਤੇ ਜੇ. ਪੀ. ਸਿੰਘ ਔਲਖ ਸਰਪ੍ਰਸਤ ਪੰਜਾਬ ਕਮੇਟੀ ਦੇ ਮੈਂਬਰ ਨੇ ਸੰਬੋਧਨ ਕਰਦਿਆ ਪੰਜਾਬ ਸਰਕਾਰ ਅਤੇ ਪਾਵਰਕਾਮ ਤੋਂ ਮੰਗ ਕੀਤੀ ਕਿ 16/04/2010 ਦੇ ਪਹਿਲਾਂ ਦੇ ਮ੍ਰਿਤਕ ਦੇ ਪਰਿਵਾਰਾਂ ਨੂੰ ਨੌਕਰੀ ਦੇਣ ਦਾ ਜੋ ਹੁਕਮ ਕੀਤਾ ਹੈ, ਉਸ ਵਿਚ ਸੋਲੇਸ਼ੀਅਮ ਅਤੇ ਪੈਨਸ਼ਨਰਜ਼ ਸਪੈਸ਼ਲ ਤਨਖਾਹ ਜਿਨ੍ਹਾਂ ਨੇ ਪ੍ਰਾਪਤ ਕੀਤੀ ਹੈ, ਉਹ ਵਿਆਜ ਦੇ ਨਾਲ ਜਮਾਂ ਕਰਵਾਉਣ ਬਾਰੇ ਅਤੇ ਗੁਜਰਾਤ ਸਰਕਾਰ ਦੀ ਤਰਜ਼ 'ਤੇ ਪੈਨਸ਼ਨਰਜ਼ ਕਮਿਊਟਡ 15 ਸਾਲ ਦੀ ਬਜਾਏ 13 ਸਾਲ ਕੀਤੀ ਜਾਵੇ। ਪੈਨਸ਼ਨਰਜ਼ ਨੂੰ 2.59 ਫੈਕਟਰ ਨਾਲ ਸੋਧ ਕੇ ਜਨਵਰੀ 2016 ਤੋਂ 30 ਜੂਨ 2021 ਤੱਕ ਬਣਦਾ ਬਕਾਇਆ ਦਿੱਤਾ ਜਾਵੇ। 01/07/2015 ਤੋਂ ਅਤੇ 01/07/2021 ਤੇ 01/01/2022 ਤੋਂ ਬਣਦਾ ਡੀ. ਏ. ਦਾ ਬਕਾਇਆ ਦੇਣ ਬਾਰੇ। ਕੇਂਦਰ ਸਰਕਾਰ ਦੀ ਤਰਜ਼ ਤੇ 34% ਤੋਂ 38% ਡੀ. ਏ. ਦੇਣ ਦਾ ਫਰਮਾਨ ਜਾਰੀ ਕੀਤਾ ਜਾਵੇ, ਘਰੇਲੂ ਬਿਜਲੀ ਦੀ ਰਿਆਇਤ ਪਹਿਲ ਦੇ ਅਧਾਰ ਤੇ ਦਿੱਤੀ ਜਾਵੇ ਅਤੇ 23 ਸਾਲਾ ਸਕੇਲ ਬਿਨ੍ਹਾਂ ਸ਼ਰਤ ਹਰੇਕ ਪੈਨਸ਼ਨਰਜ਼ ਨੂੰ ਦਿੱਤਾ ਜਾਵੇ। ਮੈਡੀਕਲ ਭੱਤਾ 1000 ਤੋਂ 2500 ਰੁਪਏ ਕਰਨ ਬਾਰੇ, ਮੈਡੀਕਲ ਕੈਸ਼ਲੈੱਸ ਸਕੀਮ ਲਾਗੂ ਕਰਨ ਬਾਰੇ, ਪੈਨਸ਼ਨ ਸਕੀਮ ਮਿਤੀ 01/01/2004 ਤੋਂ ਕੀਤੇ ਭਰਤੀ ਕੀਤੇ ਮੁਲਾਜ਼ਮ ਤੇ ਲਾਗੂ ਕੀਤੀ ਜਾਵੇ।

ਸੇਵਾ ਮੁਕਤ ਮੁਲਾਜ਼ਮਾਂ ਰੱਖਿਆ ਦੀ ਥਾ ਦੇ ਬੇਰੁਜ਼ਗਾਰ ਕਾਮੇ ਰੱਖੇ ਜਾਣ ਤਾਂ ਕਿ ਬੇਰੁਜ਼ਗਾਰੀ ਘੱਟ ਸਕੇ। ਇਸ ਮੌਕੇ ਰਤਨ ਸਿੰਘ ਘਈ, ਅਸ਼ੋਕ ਪੁਰੀ, ਦਵਿੰਦਰ ਕੁਮਾਰ, ਰਾਮ ਰਾਜ, ਮਨਮੋਹਨ ਸਿੰਘ, ਬਿੱਲੂ, ਜਸਵੰਤ ਸਿੰਘ, ਕਸ਼ਮੀਰ ਸਿੰਘ, ਸਾਧੂ ਸਿੰਘ, ਵੀਰ ਸਿੰਘ, ਗੁਰਨਾਮ ਸਿੰਘ, ਰਮੇਸ਼ ਕੁਮਾਰ, ਐੱਚਐੱਲ ਦੱਤਾ, ਸੁਦਰਸ਼ਨ ਕੁਮਾਰ, ਗਿਰਧਾਰੀ ਲਾਲ, ਬਕਲਾਰ ਸਿੰਘ, ਰਸ਼ਪਾਲ ਸਿੰਘ ਆਦਿ ਹਾਜ਼ਰ ਸਨ।

# ਸਕੂਲੀ ਬੱਚਿਆਂ ਨੇ ਗਰੀਬ ਵਿਧਵਾ ਔਰਤਾਂ ਦੀ ਕੀਤੀ ਸਹਾਇਤਾ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸਰਦੀ ਦੇ ਮੌਸਮ 'ਚ ਜ਼ਰੂਰਤਮੰਦ ਗਰੀਬ ਪਰਿਵਾਰਾਂ ਦੀ ਮੁਸ਼ਕਿਲ ਨੂੰ ਮੁੱਖ ਰੱਖਦੇ ਹੋਏ ਤੇ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਦੇ ਸਿਧਾਂਤ 'ਤੇ ਚਲਦਿਆਂ ਸੈਕਰਡ ਹਾਰਟ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਪੱਟੀ ਦੇ ਵਿਦਿਆਰਥੀਆਂ ਵੱਲੋਂ ਆਪਣੇ ਕੋਲੋਂ ਪੈਸੇ ਇੱਕਠੇ ਕਰਕੇ ਗਰੀਬ ਵਿਧਵਾ ਔਰਤਾਂ ਨੂੰ ਕੰਬਲ, ਰੋਜ਼ਾਨਾ ਜ਼ਰੂਰਤ ਦਾ ਸਾਮਾਨ ਵੰਡਿਆ ਗਿਆ। ਜ਼ਿਕਰਯੋਗ ਹੈ ਕਿ ਸਕੂਲੀ ਵਿਦਿਆਰਥੀਆਂ ਵੱਲੋਂ ਲੋੜਵੰਦ ਪਰਿਵਾਰਾਂ ਦੀ ਇਹ ਪਹਿਲੀ ਵਾਰੀ ਮਦਦ ਨਹੀਂ ਕੀਤੀ ਬਲਕਿ ਹਰ ਸਾਲ ਬੱਚਿਆਂ ਵੱਲੋਂ ਫੰਡ ਇਕੱਠਾ ਕਰਕੇ ਲੋੜਵੰਦ ਪਰਿਵਾਰਾਂ ਦੀ ਮਦਦ ਕਰਦੇ ਆ ਰਹੇ ਹਨ। ਗਰੀਬ ਤੇ ਲੋੜਵੰਦ ਪਰਿਵਾਰਾਂ ਵੱਲੋਂ ਸਕੂਲ ਦੀ ਮੈਨੇਜਮੈਂਟ ਤੇ ਬੱਚਿਆਂ ਦਾ ਧੰਨਵਾਦ ਕੀਤਾ ਗਿਆ।

ਸਕੂਲ ਦੇ ਡਾਇਰੈਕਟਰ ਫਾਦਰ ਥੌਮਸ ਪੋਚਾਲਿਲ ਨੇ ਆਪਣੇ ਭਾਸ਼ਣ ਵਿਚ ਆਖਿਆ ਕਿ ਸਾਨੂੰ ਬਿਨਾਂ ਕਿਸੇ ਸਵਾਰਥ ਦੇ ਮਨੁੱਖ ਨੂੰ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਸਦਾ ਤਿਆਰ ਰਹਿਣਾ ਚਾਹੀਦਾ। ਇਸ ਮੌਕੇ ਡਾਇਰੈਕਟਰ ਫਾਦਰ ਥੌਮਸ ਪੋਚਾਲਿਲ, ਪ੍ਰਿੰਸੀਪਲ ਸਿਸਟਰ ਜੈਸਮੀਨ, ਸਿਸਟਰ ਨੇਹਾ, ਸਿਸਟਰ ਬੀਨਾ ਜੋਸ, ਅਧਿਆਪਕਾਂ ਨੇ ਬੱਚਿਆਂ ਨੂੰ ਗਰੀਬਾਂ ਦੀ ਮਦਦ ਕਰਨ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਅੱਗੇ ਆਉਣ ਲਈ ਪ੍ਰੇਰਿਤ ਕੀਤਾ।

# ਟੋਲ ਪਲਾਜ਼ਾ ਉਸਮਾ 'ਤੇ ਸੰਘਰਸ਼ੀ ਕਿਸਾਨਾਂ ਦਾ ਧਰਨਾ ਦੂਜੇ ਦਿਨ 'ਚ ਦਾਖਲ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਸਰਕਾਰ ਦੇ ਕਿਸਾਨ ਮਜ਼ਦੂਰ ਵਿਰੋਧੀ ਰਵੱਈਏ ਨੂੰ ਦੇਖਦਿਆਂ ਜਥੇਬੰਦੀ ਵੱਲੋ 15 ਦਸੰਬਰ ਤੋਂ 15 ਜਨਵਰੀ ਤੱਕ ਟੋਲ ਫਰੀ ਕਰਨ ਦੇ ਕੀਤੇ ਐਲਾਨ ਤਹਿਤ ਟੋਲ ਪਲਾਜ਼ਾ ਉਸਮਾ 'ਤੇ ਧਰਨਾ ਦੂਜੇ ਦਿਨ ਵਿਚ ਦਾਖਿਲ ਹੋਇਆ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ੋਨ ਬਾਬਾ ਭਾਈ ਅਦਲੀ ਜੀ ਦੇ ਜ਼ੋਨ ਪ੍ਰਧਾਨ ਅਜੀਤ ਸਿੰਘ ਚੰਬਾ, ਹਰਜਿੰਦਰ ਸਿੰਘ ਚੰਬਾ, ਨਿਸ਼ਾਨ ਸਿੰਘ ਬ੍ਰਹਮਪੁਰ, ਸੁਖਦੇਵ ਸਿੰਘ ਰਾਣੀ ਵਲਾਹ, ਧਿਆਨ ਸਿੰਘ ਮੁੰਡਾ ਪਿੰਡ, ਬਲਜਿੰਦਰ ਸਿੰਘ ਕੌੜਾ ਵਿਧਾਨ ਨੇ ਕਿਹਾ ਕਿ ਸਰਕਾਰ ਵੱਲੋਂ ਮੋਰਚੇ ਦੀਆਂ ਮੰਗਾਂ ਦੀ ਲਗਾਤਾਰ ਅਣਦੇਖੀ ਕੀਤੀ ਜਾ ਰਹੀ ਹੈ ਜਿਸ ਨੂੰ ਦੇਖਦੇ ਹੋਏ ਜਥੇਬੰਦੀ ਦੇ ਪਹਿਲਾਂ ਤੋਂ ਐਲਾਨੇ ਐਕਸ਼ਨ ਤਹਿਤ ਸੜਕਾਂ ਟੋਲ ਮੁਕਤ ਕੀਤੀਆਂ ਗਈਆਂ ਪਰ ਆਵਾਜਾਈ ਬਿਲਕੁਲ ਨਹੀਂ ਰੋਕੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਕਾਰਪੋਰੇਟ ਪੱਖੀ ਫੈਸਲੇ ਲੈ ਰਹੀਆਂ ਹਨ ਜਿਸ ਕਾਰਨ ਆਮ ਨਾਗਰਿਕ ਮਹਿੰਗਾਈ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਨਾਲ ਰੋਜ਼ ਪੰਜਾਬ ਦੀ ਜਵਾਨੀ ਦਾ ਘਾਣ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦਾ ਆਲਮ ਇਹ ਹੈ ਕਿ ਇੱਕ ਏਐੱਸਆਈ ਦਿਨ ਦਿਹਾੜੇ ਨਸ਼ੇ ਵਿਕਾਉਣ ਲਈ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਘਟਨਾਵਾਂ ਸਰਕਾਰ ਦੇ ਸਾਰੇ ਦਾਅਵਿਆਂ ਦੀ ਹਵਾ ਕੱਢ ਰਹੀਆਂ ਹਨ। ਇਸ ਮੌਕੇ ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ, ਪ੍ਰਾਈਵੇਟ ਕੰਪਨੀਆਂ ਦਾ ਨਹਿਰੀ ਪ੍ਰੋਜੈਕਟ ਰੱਦ ਕਰ ਕੇ ਪਾਣੀ ਪਿੰਡਾਂ ਤੱਕ ਪੁਚਾਇਆ ਜਾਵੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੇ ਹੱਕ ਖੋਹਣ ਵਾਲਾ ਕਾਨੂੰਨ ਰੱਦ ਕੀਤਾ ਜਾਵੇ। ਇਸ ਮੌਕੇ ਅਜੀਤ ਸਿੰਘ ਚੰਬਾ, ਗੁਰਪਾਲ ਸਿੰਘ ਜਲਾਲਕਾ, ਹਰਜਿੰਦਰ ਸਿੰਘ ਚੰਬਾ, ਧਿਆਨ ਸਿੰਘ, ਬਲਜਿੰਦਰ ਸਿੰਘ, ਸੁਖਦੇਵ ਸਿੰਘ, ਨਿਸ਼ਾਨ ਸਿੰਘ, ਕਸ਼ਮੀਰ ਸਿੰਘ, ਬੂਟਾ ਸਿੰਘ ਬ੍ਰਹਮਪੁਰ, ਸਰਵਣ ਸਿੰਘ, ਸੁਖਵੰਤ ਸਿੰਘ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

# ਜੁਵੇਨਾਈਲ ਜਸਟਿਸ ਤੇ ਪੋਕਸੋ ਐਕਟ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਬਚਪਨ ਬਚਾਓ ਅੰਦੋਲਨ ਐਨ.ਜੀ.ਓ ਦੇ ਸਹਿਯੋਗ ਨਾਲ ਜਸਟਿਸ ਐਕਟ 2015 ਅਤੇ ਪੋਕਸੋ ਐਕਟ 2012 ਦੀ ਜਾਗਰੂਕਤਾ ਸੰਬੰਧੀ ਸਪੈਸ਼ਲ ਜੁਵੇਨਾਇਲ ਪੁਲਸ ਯੂਨਿਟ ਅੰਮ੍ਰਿਤਸਰ (ਸ਼ਹਿਰੀ ਅਤੇ ਦਿਹਾਤੀ) ਦੇ ਅਧਿਕਾਰੀਆਂ ਲਈ ਇੱਕ ਦਿਨਾ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮਾਣਯੋਗ ਪ੍ਰਿੰਸੀਪਲ ਮੈਜਿਸਟਰੇਟ ਜੁਵੇਨਾਈਲ ਜਸਟਿਸ ਬੋਰਡ ਸੁਰਭੀ ਪਰਾਸ਼ਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਵਿੱਚ ਯਾਦਵਿੰਦਰ ਸਿੰਘ ਸਟੇਟ ਕੋਆਰਡੀਨੇਟਰ ਬਚਪਨ ਬਚਾਓ ਅੰਦੋਲਨ ਵੱਲੋਂ ਸਪੈਸ਼ਲ ਜੁਵੇਨਾਈਲ ਪੁਲਸ ਯੂਨਿਟ ਦੇ ਅਧਿਕਾਰੀਆਂ ਨਾਲ ਜੁਵੇਨਾਈਲ ਜਸਟਿਸ ਐਕਟ ਅਤੇ ਪੋਕਸੋ ਐਕਟ ਅਤੇ ਇਨ੍ਹਾਂ ਐਕਟਾਂ ਵਿੱਚ ਹੋਈਆਂ ਸੋਧਾਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਐਕਟ ਅਨੁਸਾਰ ਪੁਲਸ ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਸੰਬੰਧੀ ਵਿਸ਼ੇਸ਼ ਤੌਰ 'ਤੇ ਪੁਲਸ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ। ਇਸ ਦੇ ਨਾਲ ਹੀ ਯਾਦਵਿੰਦਰ ਸਿੰਘ ਵੱਲੋਂ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਹਿੱਤ ਕੰਮ ਕਰਦੇ ਵੱਖ ਵੱਖ ਸਟੇਕ ਹੋਲਡਰਸ ਨੂੰ ਮਿਲ ਕੇ ਠੋਸ ਕਦਮ ਚੁੱਕਣ 'ਤੇ ਜ਼ੋਰ ਦੇਣ ਬਾਰੇ ਕਿਹਾ ਗਿਆ ਤਾਂ ਜੋ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਇੱਕ ਬਿਹਤਰ ਮਾਹੌਲ ਮਿਲ ਸਕੇ। ਇਸ ਸਮਾਗਮ ਵਿੱਚ ਪੁਲਸ ਵਿਭਾਗ ਵੱਲੋਂ ਏ ਸੀ ਪੀ ਰਾਕੇਸ਼ ਕੁਮਾਰ, ਬਾਲ ਭਲਾਈ ਕਮੇਟੀ ਵੱਲੋਂ ਬਲਦੇਵ ਸਿੰਘ, ਮਨੁਰੰਜਨ ਸ਼ਰਮਾ, ਰਮੇਸ਼ਵਰ ਦੱਤ ਸ਼ਰਮਾ ਜੁਵੇਨਾਈਲ ਜਸਟਿਸ ਬੋਰਡ ਵੱਲੋਂ ਨਰਿੰਦਰ ਸਿੰਘ ਪੰਨੂੰ, ਤਨੂਜਾ ਗੋਇਲ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਤਰਨਜੀਤ ਸਿੰਘ, ਰਿਤੂ ਭਗਤ, ਗੌਰੀ ਅਰੋੜਾ, ਰਣਜੀਤ ਕੌਰ, ਪ੍ਰਗਟ ਸਿੰਘ, ਗੀਤਿਕਾ, ਬਲਵਿੰਦਰ ਸਿੰਘ ਚਾਈਲਡ ਲਾਈਨ ਅੰਮ੍ਰਿਤਸਰ ਤੋਂ ਨਰੁਨ ਸਟੈਨਲੀ, ਜੋਨ ਮੱਟੂ ਹਾਜ਼ਰ ਰਹੇ।

# ਟਰੈਕਟਰ ਟਰਾਲੀ-ਮੋਟਰਸਾਈਕਲ ਹਾਦਸੇ 'ਚ ਨੌਜਵਾਨ ਦੀ ਮੌਕੇ 'ਤੇ ਹੀ ਮੌਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਥਾਨਕ ਸ਼ਹਿਰ ਧਾਰੀਵਾਲ ਦੇ ਬਟਾਲਾ ਰੋਡ ਦੇ ਪੈਂਦੇ ਸ਼ਾਹ ਪੈਟਰੋਲ ਪੰਪ ਨੇੜੇ ਭੱਠਾ ਕਲੋਨੀ ਵਿਖੇ ਜੀ. ਟੀ. ਰੋਡ ਉਪਰ ਵੀਰਵਾਰ ਸ਼ਾਮ ਨੂੰ ਟਰੈਕਟਰ-ਟਰਾਲੀ ਤੇ ਮੋਟਰਸਾਈਕਲ ਹਾਦਸੇ ਦੌਰਾਨ ਇਕ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨਪ੍ਰੀਤ ਉਰਫ ਮੰਨਾ (23) ਪੁੱਤਰ ਜੋਗਿੰਦਰ ਪਾਲ ਵਾਸੀ ਪਿੰਡ ਸੰਤ ਨਗਰ ਵਜੋਂ ਹੋਈ। ਟਰੈਕਟਰ-ਟਰਾਲੀ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਦੱਸਿਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਪਲਟੀਨਾ ਮੋਟਰਸਾਈਕਲ ਨੰਬਰ ਪੀਬੀ 35 ਕੇ 2997 ਤੇ ਸਵਾਰ ਮਨਪ੍ਰੀਤ ਮੰਨਾ ਸ਼ਹਿਰ ਧਾਰੀਵਾਲ ਤੋਂ ਜੀ. ਟੀ. ਰੋਡ ਉਪਰ ਆਪਣੇ ਪਿੰਡ ਸੰਤ ਨਗਰ ਨੂੰ ਜਾਂਦੇ ਸਮੇਂ ਜਦੋਂ ਸ਼ਾਹ ਪੈਟਰੋਲ ਪੰਪ ਦੇ ਨੇੜੇ ਭੱਠਾ ਕਲੋਨੀ ਵਿਖੇ ਪਹੁੰਚਾ ਤਾਂ ਇਕ ਟਰੈਕਟਰ-ਟਰਾਲੀ ਦੀ ਲਪੇਟ ਵਿੱਚ ਆ ਜਾਣ ਕਾਰਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਜਿਸ ਨੂੰ ਤੁਰੰਤ ਇਕ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਪਹੁੰਚਾਇਆ ਗਿਆ ਤਾਂ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਘਟਨਾ ਸਥਾਨ ਨਾਲ ਸਬੰਧਿਤ ਪੁਲਸ ਥਾਣਾ ਸੇਖਵਾਂ ਅਧੀਨ ਪੈਂਦੀ ਚੌਕੀ ਨੌਸ਼ਹਿਰਾ ਮੱਝਾ ਸਿੰਘ ਦੇ ਇੰਚਾਰਜ ਸਹਾਇਕ ਸਬ ਇੰਸਪੈਕਟਰ ਰਮੇਸ਼ ਕੁਮਾਰ ਨੇ ਮੌਕੇ 'ਤੇ ਪਹੁੰਚ ਕੇ ਹਾਦਸਾਗ੍ਰਸਤ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੀ ਕਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਲਾਸ਼ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਟਰੈਕਟਰ-ਟਰਾਲੀ ਦੇ ਡਰਾਈਵਰ ਦੀ ਭਾਲ ਕੀਤੀ ਜਾ ਰਹੀ ਹੈ।

# ਹੱਕੀ ਮੰਗਾਂ ਨੂੰ ਲੈ ਕੇ ਆਸ਼ਾ ਵਰਕਰਾਂ ਨੇ ਸਿਵਲ ਸਰਜਨ ਦਫਤਰ ਲਾਇਆ ਧਰਨਾ



**ਜਲੰਧਰ-(ਸੈਲੀ ਐਲਬਰਟ)**-: ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ.ਪੀ.) ਨੇ ਸਕੂਲੀ ਵਿਦਿਆਰਥੀਆਂ ਵਿੱਚ ਇੰਜਨੀਅਰਿੰਗ ਸਿੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਨੇੜਲੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿੱਚ ਚਲਾਏ ਜਾ ਰਹੇ ਕੋਰਸਾਂ ਬਾਰੇ ਜਾਣੂ ਕਰਵਾਉਣ ਦੇ ਮੰਤਵ ਨਾਲ ਇਕ ਪਹਿਲਕਦਮੀ ਕੀਤੀ ਹੈ! ਯੂਨੀਵਰਸਿਟੀ ਵੱਲੋਂ ਨੇੜਲੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿੱਚ ਬੁਲਾਇਆ ਜਾ ਰਿਹਾ ਹੈ! ਯੂਨੀਵਰਸਿਟੀ ਮੈਨੇਜਮੈਂਟ ਦਾ ਉਦੇਸ਼ ਇਸ ਸੱਦੇ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਘਰਾਂ ਦੇ ਨੇੜੇ ਮਿਲ ਰਹੀ ਬਿਹਤਰ ਸਿੱਖਿਆ ਤੋਂ ਜਾਣੂ ਕਰਵਾਉਣਾ ਹੈ, ਤਾਂ ਜੋ ਭਵਿੱਖ ਵਿੱਚ ਇਹ ਵਿਦਿਆਰਥੀ ਪਹਿਲਾਂ ਆਪਣੇ ਆਲੇ-ਦੁਆਲੇ ਉਪਲਬਧ ਬਿਹਤਰ ਸਿੱਖਿਆ ਦੇ ਮੌਕਿਆਂ ਦਾ ਲਾਭ ਉਠਾ ਸਕਣ! ਇਸੇ ਕੜੀ ਵਿੱਚ ਵੀਰਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁਲਾਣਾ (ਆਰ.ਸੀ.ਐਫ.), ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦਾ ਦੌਰਾ ਕੀਤਾ। ਇਨ੍ਹਾਂ ਵਿਦਿਆਰਥੀਆਂ ਨਾਲ ਸਕੂਲ ਦੇ ਵੋਕੇਸ਼ਨਲ ਅਧਿਆਪਕ ਰਮਨ ਕੁਮਾਰ, ਪੰਜਾਬੀ ਅਧਿਆਪਕਾ ਅਰੁਨ ਲਤਾ ਹਾਜ਼ਰ ਸਨ। ਯੂਨੀਵਰਸਿਟੀ ਦੇ ਸਿਵਲ ਇੰਜਨੀਅਰਿੰਗ ਵਿਭਾਗ ਦੇ ਮੁਖੀ ਪ੍ਰੋ: (ਡਾ.) ਰਾਜੀਵ ਚੌਹਾਨ ਨੇ ਦੱਸਿਆ ਕਿ ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਸਿਵਲ ਇੰਜਨੀਅਰਿੰਗ ਵਿੱਚ ਮੌਕਿਆਂ, ਭਵਿੱਖ ਅਤੇ ਯੂਨੀਵਰਸਿਟੀ ਦੀ ਤਰੱਕੀ ਵਿੱਚ ਸਿਵਲ ਇੰਜਨੀਅਰਾਂ ਦੀ ਭੂਮਿਕਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਸਾਰੇ ਵਿਦਿਆਰਥੀਆਂ ਨੂੰ ਸਿਵਲ ਇੰਜੀਨੀਅਰਿੰਗ ਦੀਆਂ ਪ੍ਰਯੋਗਸ਼ਾਲਾਵਾਂ ਦਾ ਦੌਰਾ ਵੀ ਕਰਵਾਇਆ ਗਿਆ! ਨਾਲ ਹੀ ਦੱਸਿਆ ਗਿਆ ਕਿ ਸੜਕਾਂ, ਨਹਿਰਾਂ, ਸ਼ਹਿਰਾਂ ਵਰਗੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਸਿਵਲ ਇੰਜੀਨੀਅਰ ਦੀ ਭੂਮਿਕਾ ਬਹੁਤ ਜਰੂਰੀ ਹੈ! ਪ੍ਰੋ: ਚੌਹਾਨ ਨੇ ਕਿਹਾ ਕਿ ਇਹ ਦੇਖਿਆ ਗਿਆ ਹੈ ਕਿ ਦੇਸ਼ ਭਰ ਵਿੱਚ ਸਿਵਲ, ਇਲੈਕਟ੍ਰੀਕਲ ਅਤੇ ਮਕੈਨੀਕਲ ਦੇ ਕੋਰ ਇੰਜਨੀਅਰਿੰਗ ਖੇਤਰ ਤੋਂ ਵਿਦਿਆਰਥੀ ਘੱਟ ਜਾਣੂ ਹਨ, ਇਸ ਲਈ ਛੋਟੇ ਬੱਚਿਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਇਹ ਪ੍ਰੋਗਰਾਮ ਕਰਵਾਇਆ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਅਜਿਹੇ ਹੋਰ ਦੌਰੇ ਆਯੋਜਿਤ ਕੀਤੇ ਜਾਣਗੇ! ਇਸ ਮੌਕੇ ਤੇ ਆਏ ਹੋਏ ਵਿਦਿਆਰਥੀਆਂ ਨੇ ਦੱਸਿਆ ਕਿ ਉਹ ਅਕਸਰ ਇਸ ਗੱਲ ਨੂੰ ਲੈ ਕੇ ਉਤਸੁਕ ਰਹਿੰਦੇ ਸਨ ਕਿ ਇੱਥੇ ਕੀ ਪੜ੍ਹਾਇਆ ਜਾਂਦਾ ਹੈ, ਅੱਜ ਉਹ ਬੇਹੱਦ ਸੰਤੁਸ਼ਟ ਮਹਿਸੂਸ ਕਰ ਰਹੇ ਹਨ! ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਆਲੇ-ਦੁਆਲੇ ਦੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਕੈਂਪਸ ਨਾਲ ਜੋੜਨ ਲਈ ਅਜਿਹੇ ਉਪਰਾਲੇ ਜ਼ਰੂਰੀ ਹਨ। ਕੈਂਪਸ ਡਾਇਰੈਕਟਰ ਅਤੇ ਡੀਨ ਅਕਾਦਮਿਕ ਪ੍ਰੋ. (ਡਾ.) ਵਿਕਾਸ ਚਾਵਲਾ ਨੇ ਕਿਹਾ ਕਿ ਇਹ ਸਿਲਸਿਲਾ ਜਾਰੀ ਰਹੇਗਾ! ਇਸ ਮੌਕੇ ਸੀ ਐਸ ਈ ਵਿਭਾਗ ਦੇ ਡਾ. ਦਿਨੇਸ਼ ਗੁਪਤਾ ਵੀ ਮੌਜੂਦ ਸਨ।

# ਅੰਮ੍ਰਿਤਸਰ ਜ਼ਿਲ੍ਹੇ ਲਈ 17047 ਕਰੋੜ ਰੁਪਏ ਦੀ ਨਾਬਾਰਡ ਸੰਭਾਵੀ ਕਰਜ਼ਾ ਲਿੰਕਡ ਯੋਜਨਾ ਜਾਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਣਬੀਰ ਸਿੰਘ ਮੂਧਲ ਨੇ ਨਾਬਾਰਡ ਦਾ ਸੰਭਾਵੀ ਕਰਜ਼ਾ ਲਿੰਕਡ ਪਲਾਨ 2023-24 ਜਾਰੀ ਕੀਤਾ। ਇਹ ਦਸਤਾਵੇਜ਼ ਜੋ ਨਾਬਾਰਡ ਦੁਆਰਾ ਅੰਮ੍ਰਿਤਸਰ ਜ਼ਿਲ੍ਹੇ ਲਈ ਕੁੱਲ 13524 ਕਰੋੜ ਦੇ ਸੰਭਾਵੀ ਕਰਜੇ ਲਈ ਤਿਆਰ ਕੀਤਾ ਗਿਆ ਹੈ, ਨੂੰ ਜ਼ਿਲ੍ਹਾ ਸਲਾਹਕਾਰ ਕਮੇਟੀ ਅੰਮ੍ਰਿਤਸਰ ਵਿਖੇ ਜਾਰੀ ਕੀਤੀ ਗਈ। ਇਹ ਦਸਤਾਵੇਜ਼ ਤਰਜੀਹੀ ਖੇਤਰ ਦੇ ਅਧੀਨ ਸੰਭਾਵੀ ਕਰਜ਼ਾ ਖੇਤਰਾਂ ਲਈ ਬਣਾਇਆ ਜਾਂਦਾ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਖੇਤੀ ਅਤੇ ਸਹਾਇਕ ਖੇਤਰਾਂ ਵਿੱਚ ਨਵੇਂ ਰਾਹਾਂ ਨੂੰ ਉਤਸਾਹਿਤ ਕਰਨ ਲਈ ਬੈਂਕਾਂ ਦੁਆਰਾ ਕਰਜ਼ਾ ਪੋਰਟਫੋਲੀਓ ਦੀ ਵਿਭਿੰਨਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਬੈਂਕਰਾਂ ਨੂੰ ਐਮ.ਐਸ.ਐਮ.ਈ. ਸੈਕਟਰ 'ਤੇ ਧਿਆਨ ਕੇਂਦਰਿਤ ਕਰਨ ਅਤੇ ਵੱਖ-ਵੱਖ ਸਰਕਾਰੀ ਸਕੀਮਾਂ ਤਹਿਤ ਨਵੇਂ ਉੱਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਮਾਰਗਦਰਸ਼ਨ ਕੀਤਾ ਗਿਆ, ਕਿਉਂਕਿ ਇਹ ਜ਼ਿਲ੍ਹੇ ਦੀ ਭਲਾਈ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਨਾਬਾਰਡ ਦੇ ਜ਼ਿਲ੍ਹਾ ਵਿਕਾਸ ਮੈਨੇਜਰ ਜਸਕੀਰਤ ਸਿੰਘ ਨੇ ਦੱਸਿਆ ਕਿ ਨਿਵੇਸ਼ ਕਰਜ਼ੇ ਤਹਿਤ ਖੇਤੀ ਕਰਜ਼ਾ ਵਧਣਾ ਚਾਹੀਦਾ ਹੈ ਤਾਂ ਜੋ ਖੇਤੀ ਖੇਤਰ ਵਿੱਚ ਪੂੰਜੀ ਨਿਰਮਾਣ ਹੋ ਸਕੇ। ਨਿਵੇਸ਼ ਕਰਜ਼ੇ ਨੂੰ ਵਧਾਉਣ ਲਈ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਨੂੰ ਬੈਂਕਾਂ ਦੁਆਰਾ ਲਾਗੂ ਕਰਨ ਦੀ ਲੋੜ ਹੈ। ਗੈਰ-ਰਸਮੀ ਕ੍ਰੈਡਿਟ ਡਿਲੀਵਰੀ ਸੈਕਟਰ ਬੈਂਕਾਂ ਲਈ ਬਹੁਤ ਸਾਰੇ ਮੌਕੇ ਪ੍ਰਦਾਨ ਕਰਦਾ ਹੈ। ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਲ 2023-24 ਲਈ ਪੀਐਲਪੀ ਦੇ ਕੁੱਲ ਅਨੁਮਾਨਾਂ ਦਾ ਅਨੁਮਾਨ 17047 ਕਰੋੜ ਰੁਪਏ ਹੈ, ਜਿਸ ਵਿੱਚ ਫਾਰਮ ਕ੍ਰੈਡਿਟ ਲਈ 5312 ਕਰੋੜ, ਖੇਤੀਬਾੜੀ ਬੁਨਿਆਦੀ ਢਾਂਚੇ ਲਈ 525 ਕਰੋੜ, ਖੇਤੀਬਾੜੀ ਸਹਾਇਕ ਗਤੀਵਿਧੀਆਂ ਲਈ 649 ਕਰੋੜ ਰੁਪਏ ਸ਼ਾਮਲ ਹਨ।

ਉਨਾਂ ਦੱਸਿਆ ਕਿ ਇਸ ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ 8827 ਕਰੋੜ, ਨਿਰਯਾਤ ਕ੍ਰੈਡਿਟ ਲਈ 247 ਕਰੋੜ, ਸਿੱਖਿਆ ਲਈ 289 ਕਰੋੜ, ਹਾਊਸਿੰਗ ਲਈ 1006 ਕਰੋੜ, ਹੋਰਾਂ ਲਈ 93ਕਰੋੜ (ਐਸ.ਐਚ.ਜੀ./ਜੇ.ਐਲ.ਜੀ/ਛੋਟੇ ਕਰਜ਼ੇ) ਰੱਖੇ ਗਏ ਹਨ। ਇਸ ਮੌਕੇ ਐਲਡੀਓ ਲੋਕੇਸ਼ ਬਹਿਲ, ਐਲਡੀਐਮ ਪ੍ਰੀਤਮ ਸਿੰਘ ਅਤੇ ਸਾਰੇ ਬੈਂਕਾਂ ਅਤੇ ਲਾਈਨ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।

ਨਵਾਂ ਜ਼ਮਾਨਾ
ਸ਼ਨੀਵਾਰ, 17 ਦਸੰਬਰ 2022

# ਪੱਤਰਕਾਰਾਂ 'ਤੇ ਕਹਿਰ

*ਦੁਨੀਆ ਭਰ 'ਚ ਜੇਲ੍ਹਾਂ 'ਚ ਡੱਕੇ ਪੱਤਰਕਾਰਾਂ ਦੀ ਗਿਣਤੀ ਇਸ ਸਾਲ ਰਿਕਾਰਡ ਪੱਧਰ 'ਤੇ ਪੁੱਜ ਗਈ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟ ਨਾਂ ਦੀ ਗੈਰ-ਲਾਭਕਾਰੀ ਜਥੇਬੰਦੀ ਵੱਲੋਂ ਜਾਰੀ ਰਿਪੋਰਟ ਮੁਤਾਬਕ ਇੱਕ ਦਸੰਬਰ 2022 ਤੱਕ 363 ਰਿਪੋਰਟਰ/ਪੱਤਰਕਾਰ ਸਲਾਖਾਂ ਪਿੱਛੇ ਸਨ। ਰਿਪੋਰਟ ਮੁਤਾਬਕ ਕੋਵਿਡ-19 ਤੇ ਯੂਕਰੇਨ ਜੰਗ ਦੇ ਦੋਹਰੇ ਸੰਕਟ ਦਰਮਿਆਨ ਤਾਨਾਸ਼ਾਹੀ ਸਰਕਾਰਾਂ ਬੇਚੈਨੀ ਨੂੰ ਬਾਹਰ ਆਉਣ ਤੋਂ ਰੋਕਣ ਲਈ ਮੀਡੀਆ ਨੂੰ ਦਬਾਉਣ ਦੇ ਦਮਨਕਾਰੀ ਜਤਨ ਵਧਾ ਰਹੀਆਂ ਹਨ। ਰਿਪੋਰਟ ਮੁਤਾਬਕ ਭਾਰਤ 'ਚ ਇਸ ਸਮੇਂ 7 ਪੱਤਰਕਾਰ ਜੇਲ੍ਹ 'ਚ ਹਨ, ਜਿਨ੍ਹਾਂ 'ਚ ਕਸ਼ਮੀਰ ਨੈਰੇਟਰ ਦੇ ਆਸਿਫ ਸੁਲਤਾਨ, ਸੱਜਾਦ ਗੁਲ, ਗੌਤਮ ਨਵਲੱਖਾ, ਮਨਨ ਡਾਰ, ਸਿੱਦੀਕ ਕੱਪਨ, ਫਹਦ ਸ਼ਾਹ ਤੇ ਰੁਪੇਸ਼ ਕੁਮਾਰ ਸਿੰਘ ਸ਼ਾਮਲ ਹਨ। ਪਿਛਲੇ ਸਾਲ ਵੀ 7 ਪੱਤਰਕਾਰ ਜੇਲ੍ਹਾਂ 'ਚ ਬੰਦ ਸਨ। ਜਥੇਬੰਦੀ ਮੁਤਾਬਕ ਹਾਲਾਂਕਿ ਲੋਕ ਸੁਰੱਖਿਆ ਕਾਨੂੰਨ (ਪੀ ਐੱਸ ਏ) ਦੀ ਵਰਤੋਂ ਦੀ ਆਲੋਚਨਾ ਹੁੰਦੀ ਰਹਿੰਦੀ ਹੈ, ਇਸ ਦੀ ਵਰਤੋਂ ਅਦਾਲਤ ਤੋਂ ਜ਼ਮਾਨਤ ਮਿਲਣ ਦੇ ਬਾਵਜੂਦ ਕਸ਼ਮੀਰੀ ਪੱਤਰਕਾਰਾਂ ਨੂੰ ਅੰਦਰ ਡੱਕੀ ਰੱਖਣ ਲਈ ਕੀਤੀ ਗਈ ਹੈ। ਜੇਲ੍ਹਬੰਦ 7 'ਚੋਂ 6 ਪੱਤਰਕਾਰਾਂ ਖਿਲਾਫ ਦਹਿਸ਼ਤਗਰਦੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਤਹਿਤ ਜਾਂਚ ਕੀਤੀ ਜਾ ਰਹੀ ਹੈ ਜਾਂ ਇਸ ਕਰੜੇ ਕਾਨੂੰਨ ਤਹਿਤ ਦੋਸ਼ ਲਾਏ ਗਏ ਹਨ। ਇਨ੍ਹਾਂ 7 ਪੱਤਰਕਾਰਾਂ 'ਚੋਂ 3 ਬਿਨਾਂ ਮੁਕੱਦਮਾ ਇੱਕ ਸਾਲ ਤੋਂ ਵੱਧ ਸਮੇਂ ਤੋਂ ਅੰਦਰ ਹਨ। ਆਸਿਫ ਸੁਲਤਾਨ ਤਾਂ ਸਵਾ ਚਾਰ ਸਾਲ ਤੋਂ ਅੰਦਰ ਹੈ। ਉਸ ਨੂੰ ਸ਼ੁਰੂ 'ਚ ਯੂ ਏ ਪੀ ਏ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ ਪਰ ਜ਼ਮਾਨਤ ਮਿਲਣ ਦੇ ਬਾਅਦ ਅਪ੍ਰੈਲ 'ਚ ਪੀ ਐੱਸ ਏ ਤਹਿਤ ਗ੍ਰਿਫਤਾਰ ਕਰ ਲਿਆ ਗਿਆ। ਯੂ ਪੀ 'ਚ 5 ਅਕਤੂਬਰ 2020 ਨੂੰ ਗ੍ਰਿਫਤਾਰ ਕੀਤਾ ਗਿਆ ਕੇਰਲਾ ਦਾ ਸਿੱਦੀਕ ਕੱਪਨ 2 ਸਾਲ 2 ਮਹੀਨਿਆਂ ਤੋਂ ਅੰਦਰ ਹੈ। ਸੁਪਰੀਮ ਕੋਰਟ ਨੇ ਉਸ ਨੂੰ ਹਾਥਰਸ ਬਲਾਤਕਾਰ ਕਾਂਡ ਦੇ ਵਿਰੋਧ ਨਾਲ ਸੰਬੰਧਤ ਇੱਕ ਕਥਿਤ ਵੱਡੀ ਸਾਜ਼ਿਸ਼ ਦੇ ਕੇਸ 'ਚ ਜ਼ਮਾਨਤ ਦੇ ਦਿੱਤੀ ਸੀ ਪਰ ਫਿਲਹਾਲ ਉਹ ਮਨੀ ਲਾਂਡਰਿੰਗ ਦੇ ਕੇਸ 'ਚ ਜੇਲ੍ਹ 'ਚ ਹੈ।*

*ਈਰਾਨ 'ਚ ਹਿਜਾਬ ਕਾਨੂੰਨ ਖਿਲਾਫ ਪ੍ਰਦਰਸ਼ਨਾਂ ਦਰਮਿਆਨ 49 ਪੱਤਰਕਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿਨ੍ਹਾਂ 'ਚ 22 ਮਹਿਲਾ ਪੱਤਰਕਾਰ ਹਨ। ਵੱਖ-ਵੱਖ ਦੇਸ਼ਾਂ 'ਚ ਦਮਨਕਾਰੀ ਰਣਨੀਤੀਆਂ ਵੱਖ-ਵੱਖ ਹਨ ਪਰ ਦਰਜ ਮਾਮਲੇ ਦਰਸਾਉਂਦੇ ਹਨ ਕਿ ਇਨ੍ਹਾਂ ਪਿੱਛੇ ਹਕੂਮਤੀ ਬਦਲਾਖੋਰੀ ਇੱਕੋ ਜਿਹੀ ਹੈ। ਪੱਤਰਕਾਰਾਂ ਨੂੰ ਕੈਦ ਕਰਨਾ ਇੱਕ ਰਵਾਇਤ ਬਣ ਗਈ ਹੈ, ਜੋ ਦਿਖਾਉਂਦੀ ਹੈ ਕਿ ਕਿਵੇਂ ਤਾਨਾਸ਼ਾਹ ਪ੍ਰੈੱਸ ਦੀ ਅਜ਼ਾਦੀ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕਰ ਰਹੇ ਹਨ। ਦੁਨੀਆ ਭਰ 'ਚ ਸਰਕਾਰਾਂ ਫੇਕ ਨਿਊਜ਼ ਕਾਨੂੰਨ ਵਰਗੀ ਰਣਨੀਤੀ ਵੀ ਅਪਣਾ ਰਹੀਆਂ ਹਨ। ਪੱਤਰਕਾਰਤਾ ਨੂੰ ਅਪਰਾਧ ਬਣਾਉਣ ਲਈ ਮੁਜਰਮਾਨਾ ਮਾਣਹਾਨੀ ਤੇ ਅਸਪੱਸ਼ਟ ਕਾਨੂੰਨ ਇਸਤੇਮਾਲ ਕਰਦਿਆਂ ਕਾਨੂੰਨ ਦੇ ਸ਼ਾਸਨ ਤੇ ਨਿਆਇਕ ਪ੍ਰਣਾਲੀ ਦੀ ਦੁਰਵਰਤੋਂ ਕਰ ਰਹੀਆਂ ਹਨ। ਪੱਤਰਕਾਰਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਵਾਰਾਂ ਵਿਰੁੱਧ ਜਾਸੂਸੀ ਕਰਦਿਆਂ ਟੈਕਨਾਲੋਜੀ ਦੀ ਦੁਰਵਰਤੋਂ ਕਰ ਰਹੀਆਂ ਹਨ। ਇਹ ਸਭ ਕੁਝ ਉਨ੍ਹਾਂ ਪੱਤਰਕਾਰਾਂ ਖਿਲਾਫ ਹੋ ਰਿਹਾ ਹੈ, ਜਿਹੜੇ ਹਕੂਮਤੀ ਖੌਫ ਤੋਂ ਡਰੇ ਬਿਨਾਂ ਸੱਚ ਬਿਆਨ ਕਰਕੇ ਇਮਾਨਦਾਰਾਨਾ ਪੱਤਰਕਾਰੀ ਕਰ ਰਹੇ ਹਨ।*

# ਸੂਬਿਆਂ ਦੀ ਤਰੱਕੀ ਲਈ ਕੇਂਦਰ-ਰਾਜ ਸੰਬੰਧਾਂ ਦੀ ਨਜ਼ਰਸਾਨੀ ਜ਼ਰੂਰੀ



ਕਰਮ ਬਰਸਟ

ਭਾਜਪਾ ਦੀ ਕੇਂਦਰੀ ਸਰਕਾਰ ਜੰਮੂ ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਅਧੀਨ ਮਿਲੀ ਖੁਦਮੁਖਤਿਆਰੀ ਨੂੰ ਖਤਮ ਕਰਨ ਵਿਚ ਸਫਲਤਾ ਹਾਸਲ ਕਰਕੇ ਹੌਲੀ-ਹੌਲੀ ਦੂਜੇ ਸੂਬਿਆਂ ਖਾਸ ਕਰਕੇ ਪੰਜਾਬ ਦੇ ਰੱਟੇ ਵਾਲੇ ਮੁੱਦਿਆਂ ਵਿੱਚ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ । ਇਹਨਾਂ ਮੁੱਦਿਆਂ ਵਿੱਚੋਂ ਪੰਜਾਬ ਯੂਨੀਵਰਸਿਟੀ ਉਪਰ ਸਿੱਧਾ ਕੰਟਰੋਲ ਕਰਨ, ਸਮਗਲਿੰਗ ਰੋਕਣ ਦੀ ਆੜ ਹੇਠਾਂ ਬੀ ਐੱਸ ਐੱਫ ਦੇ ਘੇਰੇ ਨੂੰ ਪੰਜਾਬ ਅੰਦਰ ਹੀ ਪੰਜਾਹ ਕਿੱਲੋਮੀਟਰ ਤੱਕ ਫੈਲਾਉਣ, ਚੰਡੀਗੜ੍ਹ ਦੇ ਮੁਲਾਜ਼ਮਾਂ ਉਪਰ ਪੰਜਾਬ ਦੇ ਨਿਯਮਾਂ ਦੀ ਬਜਾਏ ਕੇਂਦਰੀ ਸਰਕਾਰ ਦੇ ਨਿਯਮ ਲਾਗੂ ਕਰਨ, ਭਾਖੜਾ-ਬਿਆਸ ਪ੍ਰਬੰਧਕ ਬੋਰਡ ਦੇ ਉੱਚ ਅਧਿਕਾਰੀਆਂ ਦੀ ਨਿਯੁਕਤੀ ਦੇ ਨਿਯਮ ਤਬਦੀਲ ਕਰਨ, ਚੰਡੀਗੜ੍ਹ ਪ੍ਰਸ਼ਾਸਨ ਵਿੱਚੋਂ ਪੰਜਾਬ ਦੇ ਮੁਲਾਜ਼ਮਾਂ ਦੀ ਗਿਣਤੀ ਘਟਾਉਣ, ਹਰਿਆਣੇ ਅੰਦਰ ਕਿਸੇ ਕੇਂਦਰੀ ਸਥਾਨ ਉਪਰ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਤਾਮੀਰ ਕਰਨ ਦੀ ਬਜਾਏ ਚੰਡੀਗੜ੍ਹ ਵਿਖੇ ਹੀ ਰੱਖਣ ਅਤੇ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਸਾਰੀਆਂ ਮੰਗਾਂ ਨੂੰ ਇਕਮੁਸ਼ਤ ਲਾਗੂ ਕਰਨ ਦੀ ਬਜਾਏ ਸਿਰਫ ਸਤਲੁਜ-ਯਮਨਾ ਲਿੰਕ ਨਹਿਰ ਨੂੰ ਪੂਰਾ ਕਰਨ ਲਈ ਦਬਾਅ ਪਾ ਕੇ ਰੱਖਣ ਦੀਆਂ ਕੋਸ਼ਿਸ਼ਾਂ ਅਤੇ ਨੀਤੀਆਂ ਨਾਲ ਪੰਜਾਬ ਦੀ ਜਨਤਕ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੋਇਆ ਹੈ ? ਕੇਂਦਰ ਸਰਕਾਰ ਦੀਆਂ ਇਹ ਸਾਰੀਆਂ ਕੋਸ਼ਿਸ਼ਾਂ ਦੇਸ਼ ਦੇ ਸੰਘੀ ਢਾਂਚੇ ਨੂੰ ਖੋਰਾ ਲਾਉਣ ਵਾਲੀਆਂ ਤਾਂ ਹਨ ਹੀ, ਸਗੋਂ ਪੰਜਾਬ ਅੰਦਰ ਦਹਾਕਿਆਂ ਤੋਂ ਪਲ ਰਹੀ ਬੇਗਾਨਗੀ ਦੀ ਭਾਵਨਾ ਨੂੰ ਹੋਰ ਉਗਾਸਾ ਦੇਣ ਵਾਲੀਆਂ ਹਨ।

ਪੰਜਾਬ ਦੀ ਜਨਤਾ ਵਿਚ ਪਸਰੀ ਇਸ ਧਾਰਨਾ ਕਿ ਕੇਂਦਰ ਪੰਜਾਬ ਨਾਲ ਵਿਤਕਰਾ ਕਰ ਰਿਹਾ ਹੈ ਅਤੇ ਪੰਜਾਬ ਨੂੰ 'ਭਿਖਾਰੀ' ਬਣਾ ਕੇ ਰੱਖਿਆ ਜਾ ਰਿਹਾ ਹੈ, ਵਿਚ ਕਾਫੀ ਵਜ਼ਨ ਹੈ, ਪਰੰਤੂ ਗੱਲ ਇਕੱਲੇ ਪੰਜਾਬ ਦੀ ਨਹੀਂ ਹੈ, ਸਾਰੀਆਂ ਹੀ ਕੇਂਦਰੀ ਸਰਕਾਰਾਂ ਭਾਵੇਂ ਕਿਸੇ ਵੀ ਸਰਕਾਰ ਜਾਂ ਮੋਰਚੇ ਦੀਆਂ ਰਹੀਆਂ ਹੋਣ, ਸੂਬਿਆਂ ਨਾਲ ਵਿਤਕਰਾ ਕਰਦੀਆਂ ਰਹੀਆਂ ਹਨ। ਅਸਲ ਵਿਚ ਇਹ ਭਾਰਤ ਦੀ ਸੰਵਿਧਾਨਕ ਪ੍ਰਣਾਲੀ ਕਾਰਨ ਪਾਸਕੂ ਹਮੇਸ਼ਾ ਹੀ ਕੇਂਦਰ ਦੇ ਹੱਥ ਵਿਚ ਰਹਿੰਦਾ ਹੈ। ਭਾਰਤ ਦਾ ਸੰਵਿਧਾਨ ਅੰਗਰੇਜ਼ਾਂ ਵੱਲੋਂ ਪਾਸ ਕੀਤੇ 1935 ਦੇ ਐਕਟ ਦਾ ਹੀ ਸੋਧਿਆ ਹੋਇਆ ਰੂਪ ਹੈ। 1947 ਦੀ ਸੱਤਾ ਬਦਲੀ ਨਾਲ, ਦੇਸ਼ ਦੀ ਵੰਡ ਹੋਣ ਨਾਲ ਸ਼ਰਨਾਰਥੀਆਂ ਨੂੰ ਮੁੜ ਵਸਾਉਣ, ਰਜਵਾੜਾਸ਼ਾਹੀ ਰਿਆਸਤਾਂ ਨੂੰ ਕਾਬੂ ਹੇਠਾਂ ਰੱਖਣ, ਦੇਸ਼ ਦੀ ਸਰਮਾਏਦਾਰੀ ਦੇ ਵਿਕਾਸ ਲਈ ਆਧਾਰ ਢਾਂਚਾ ਖੜਾ ਕਰਨ ਆਦਿ ਦੇ ਬਹਾਨੇ ਹੇਠਾਂ ਮਜ਼ਬੂਤ ਕੇਂਦਰ ਦੀ ਵਕਾਲਤ ਕੀਤੀ ਗਈ। ਸਮਵਰਤੀ ਸੂਚੀ ਵਿਚ ਰੱਖੇ 66 ਵਿਸ਼ਿਆਂ ਸਮੇਤ ਕੇਂਦਰ ਨੇ ਆਪਣੇ ਕੋਲ ਸਭ ਤੋਂ ਅਹਿਮ 97 ਵਿਸ਼ੇ ਰੱਖ ਕੇ, ਸੂਬਿਆਂ ਨੂੰ ਸਿਰਫ਼ 47 ਵਿਸ਼ੇ ਸੌਂਪ ਕੇ, ਸਾਰੀ ਸੱਤਾ ਨੂੰ ਜੱਫਾ ਮਾਰ ਲਿਆ। ਇਸ ਹਾਲਤ ਵਿਚ ਸੂਬਿਆਂ ਨੂੰ ਲਾਜ਼ਮੀ ਹੀ ਸਮੱਸਿਆਵਾਂ ਆਉਣੀਆਂ ਸਨ। ਸੰਨ 1967 ਤੱਕ ਕਿਉਂਕਿ ਕੇਂਦਰ ਅਤੇ ਸੂਬਿਆਂ ਵਿਚ ਕਾਂਗਰਸ ਪਾਰਟੀ ਹੀ ਰਾਜ ਕਰਦੀ ਸੀ, ਇਸ ਲਈ ਕਸ਼ਮੀਰ ਅਤੇ ਕੇਰਲ ਨੂੰ ਛੱਡ ਕੇ ਕੋਈ ਵੱਡੀ ਸਮੱਸਿਆ ਨਹੀਂ ਆਈ।

1960ਵਿਆਂ ਦੇ ਦੂਸਰੇ ਅੱਧ ਵਿਚ ਖੇਤਰੀ ਪਾਰਟੀਆਂ ਦੇ ਰਾਜਨੀਤਕ ਉਭਾਰ ਨਾਲ ਰਾਜਾਂ ਲਈ ਖੁਦਮੁਖਤਾਰੀ ਦੀ ਲਹਿਰ ਨੂੰ ਕਈ ਉਤਰਾਅ-ਚੜ੍ਹਾਅ ਦੇਖਣੇ ਪਏ ਹਨ। ਪੰਜਾਬ, ਜੰਮੂ ਕਸ਼ਮੀਰ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਉਹਨਾਂ ਸੂਬਿਆਂ ਵਿੱਚੋਂ ਮੋਹਰੀ ਰਹੇ ਹਨ, ਜਿਹਨਾਂ ਨੇ ਰਾਜਾਂ ਲਈ ਖੁਦਮੁਖਤਾਰੀ ਜਾਂ ਵਧੇਰੇ ਅਧਿਕਾਰਾਂ ਲਈ ਵੱਡੇ ਜਾਂ ਛੋਟੇ ਸੰਘਰਸ਼ ਕੀਤੇ ਹਨ। ਕਸ਼ਮੀਰ ਵਾਦੀ ਵਾਂਗ ਹੀ, ਤਾਮਿਲਨਾਡੂ ਵਿਚ ਤਾਂ ਇਕ ਸਮੇਂ ਤੱਕ ਦੇਸ਼ ਨਾਲੋਂ ਵੱਖਰੇ ਹੋਣ ਦੀ ਮੰਗ ਕਾਫੀ ਜ਼ੋਰਦਾਰ ਰਹੀ ਹੈ। ਭਾਵੇਂ ਅਕਾਲੀ ਦਲ ਇਸ ਮੰਗ ਨੂੰ ਉਠਾਉਣ ਵਾਲਿਆਂ ਵਿਚੋਂ ਮੋਹਰੀ ਰਿਹਾ ਹੈ, ਲੇਕਿਨ ਉਹ "ਵੱਖਰੇ ਸਿੱਖ ਰਾਜ" ਅਤੇ "ਹੋਮਲੈਂਡ" ਵਰਗੇ ਅਮੂਰਤ ਸੰਕਲਪਾਂ ਵਿਚ ਭਟਕਦਾ ਰਿਹਾ ਹੈ। ਇਸ ਮੰਗ ਨੂੰ ਠੋਸ ਰੂਪ ਦੇਣ ਦਾ ਸਿਹਰਾ ਡੀ.ਐੱਮ.ਕੇ. ਨੂੰ ਜਾਂਦਾ ਹੈ। ਇਸ ਨੇ ਸਤੰਬਰ 1969 ਵਿਚ ਰਾਜਾਮੱਨਾਰ ਕਮੇਟੀ ਦਾ ਗਠਨ ਕੀਤਾ, ਜਿਸ ਨੇ ਕੇਂਦਰ ਰਾਜ ਸਬੰਧਾਂ ਨੂੰ ਮੁੜ ਢਾਲਣ ਲਈ ਤਿੱਖੀਆਂ ਸੋਧਾਂ ਦੀ ਸਿਫ਼ਾਰਸ਼ ਕੀਤੀ। ਇਹ ਸਿਫ਼ਾਰਸਾਂ ਰਾਜਾਂ ਨੂੰ ਵੱਡੀ ਮਾਤਰਾ ਵਿਚ ਪ੍ਰਬੰਧਕੀ ਅਤੇ ਵਿੱਤੀ ਅਜ਼ਾਦੀ ਦੀ ਜ਼ਾਮਨੀ ਦਿਵਾਉਣ ਵਾਲੀਆਂ ਸਨ।

ਬਾਕੀ ਸੂਬਿਆਂ ਵਾਂਗ, ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਉਠਾਈ, ਭਾਵੇਂ ਕਿ ਉਹਨਾਂ ਦਾ ਮੰਤਵ ਇਕ ਅਜਿਹਾ ਸੂਬਾ ਪ੍ਰਾਪਤ ਕਰਨ ਦਾ ਸੀ, ਜਿਸ ਵਿਚ ਸਿੱਖ ਅਬਾਦੀ ਦੀ ਬਹੁਗਿਣਤੀ ਹੋਵੇ, ਕਿਉਂਕਿ ਅਕਾਲੀ ਦਲ ਸਿੱਖਾਂ ਦੀ ਇਕੋ ਇਕ-ਵਾਹਦ ਜਥੇਬੰਦੀ ਹੋਣ ਦਾ ਦਾਅਵਾ ਵੀ ਕਰਦਾ ਸੀ। ਪੰਜਾਬ ਦੀ ਸਮੱਸਿਆ ਕਾਫੀ ਪੇਚੀਦਾ ਬਣੀ ਹੋਈ ਸੀ। 1947 ਦੀ ਵੰਡ ਦੇ ਜ਼ਖ਼ਮ ਅਜੇ ਹਰੇ ਸਨ। ਭਾਸ਼ਾ ਦੇ ਅਧਾਰ 'ਤੇ ਪੰਜਾਬ ਦੀ ਅਗਲੇਰੀ ਵੰਡ ਨੂੰ ਕਿਸੇ "ਸਿੱਖ ਹੋਮਲੈਂਡ", "ਵਫਰ ਸਟੇਟ", "ਸਿੱਖਾਂ ਲਈ ਖੁਦਮੁਖਤਾਰ ਖਿੱਤੇ" ਅਤੇ "ਖਾਲਿਸਤਾਨ" ਦੀ ਨਵੀਂ ਮੰਗ ਵਜੋਂ ਲਿਆ ਗਿਆ ਚੂੰਕਿ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੀ "ਦੋ ਕੌਮਾਂ ਦੇ ਬਦਨਾਮ ਸਿਧਾਂਤ" ਉਪਰ ਹੋਈ ਸੀ, ਇਸ ਲਈ ਕੇਂਦਰੀ ਹਾਕਮਾਂ ਨੂੰ ਖ਼ਤਰਾ ਸੀ ਕਿ ਪੰਜਾਬੀ ਸੂਬੇ ਦੀ ਮੰਗ ਕਿਸੇ ਪੜਾਅ 'ਤੇ ਜਾ ਕੇ ਵੱਖਰੇ 'ਸਿੱਖ ਰਾਜ' ਦੀ ਮੰਗ ਵਿਚ ਵੀ ਪਲਟ ਸਕਦੀ ਹੈ ਅਤੇ ਅਜਿਹਾ ਹੋਇਆ ਵੀ।

ਖ਼ੈਰ ਅਕਾਲੀ ਆਗੂਆਂ ਦਾ ਮਨਸ਼ਾ ਕੁੱਝ ਵੀ ਰਿਹਾ ਹੋਵੇ, ਲੇਕਿਨ ਬੋਲੀ ਦੇ ਅਧਾਰ 'ਤੇ ਵੱਖਰਾ ਸੂਬਾ ਬਣਾਉਣ ਦੀ ਮੰਗ ਬਿਲਕੁਲ ਹੀ ਵਾਜਬ ਅਤੇ ਜਮਹੂਰੀ ਸੀ। ਪੈਪਸੂ ਦੇ ਪੰਜਾਬ ਵਿਚ ਰਲੇਵੇਂ ਨਾਲ ਪੰਜਾਬ ਦਾ ਕੱਦਕਾਠ ਵੀ ਵੱਡਾ ਹੋ ਗਿਆ ਸੀ। ਰਿਆਸਤਾਂ ਦੇ ਭੰਗ ਹੋਣ ਨਾਲ ਅਤੇ ਜ਼ਮੀਨ ਵੰਡ ਲਈ ਚੱਲੇ ਘੋਲਾਂ ਦੀ ਬਦੌਲਤ ਰਾਜਿਆਂ ਅਤੇ ਮੁਜ਼ਾਰਿਆਂ ਵਿਚਲੀ ਕੜੀ ਅਰਥਾਤ ਜਗੀਰੂ ਵਿਚੋਲਾ ਪ੍ਰਬੰਧ ਖਤਮ ਹੋ ਗਿਆ ਸੀ। ਭਾਰਤ ਦੀਆਂ ਕਈ ਪਾਕੇਟਾਂ ਖਾਸ ਕਰਕੇ ਪੰਜਾਬ ਦੇ ਜ਼ਰਈ ਖੇਤਰ ਅੰਦਰ ਨਵੀਆਂ, ਜ਼ਮੀਨ ਮਾਲਕ ਸ਼੍ਰੇਣੀਆਂ ਹੋਂਦ ਵਿਚ ਆ ਗਈਆਂ ਸਨ। ਉਹਨਾਂ ਨੂੰ ਆਪਣੇ ਵਧਾਰੇ ਅਤੇ ਪਸਾਰੇ ਲਈ ਅਜਿਹਾ ਸਿਆਸੀ ਮਹੌਲ ਚਾਹੀਦਾ ਸੀ, ਜਿਹੜਾ ਕੇਂਦਰ ਦੀ ਗਲ਼ਘੁਟਣ ਤੋਂ ਮੁਕਤ ਹੋਵੇ। ਰਾਜਨੀਤਕ ਤੌਰ 'ਤੇ ਪੇਂਡੂ ਧਨਾਢਾਂ ਨੇ, ਮੋਹਰੀ ਸਿੱਖ ਸੰਸਥਾਵਾਂ ਉਪਰ ਕਬਜ਼ਾ ਜਮਾ ਲਿਆ। ਇਸ ਤਰ੍ਹਾਂ ਵੱਖ-ਵੱਖ ਮੁਫਾਦਾਂ ਵਾਲੀਆਂ ਸਿੱਖ ਸ਼ਕਤੀਆਂ ਦੇ ਇਕ ਮੰਚ 'ਤੇ ਇਕੱਠੇ ਹੋ ਜਾਣ ਨਾਲ ਭਾਸ਼ਾਈ ਅਧਾਰ 'ਤੇ ਵੱਖਰੇ ਰਾਜ ਦੀ ਕਾਇਮੀ ਦੇ ਸੰਘਰਸ਼ ਨੂੰ ਬਲ ਮਿਲਣ ਨਾਲ 1966 ਵਿਚ ਪੰਜਾਬੀ ਸੂਬਾ ਬਣ ਸਕਿਆ। ਫਿਰ ਵੀ ਕੇਂਦਰੀ ਰਿਆਸਤ ਨੇ ਇਸ ਦੀ ਸ਼ਕਲ ਵਿਗਾੜ ਦਿੱਤੀ। ਅਹਿਮ ਮਸਲਿਆਂ ਦਾ ਹੱਲ ਹੀ ਨਹੀਂ ਕੀਤਾ ਗਿਆ। ਸਿੱਖਾਂ ਅੰਦਰ ਇਹ ਅਹਿਸਾਸ ਫੈਲਣਾ ਸੁਭਾਵਿਕ ਸੀ ਕਿ ਉਹਨਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਦੇਸ਼ ਦੇ ਬਾਕੀ ਸੂਬਿਆਂ ਵਾਂਗ ਹੀ ਪੰਜਾਬ ਵਿਚ ਵੀ ਪਹਿਲੀ ਵਾਰ ਕਾਂਗਰਸ ਪਾਰਟੀ ਦਾ ਬਿਸਤਰਾ ਗੋਲ ਹੋ ਗਿਆ। ਨਵੇਂ ਪੰਜਾਬ ਅੰਦਰ ਮਾਰਚ 1967 ਵਿਚ ਹੋਈ ਪਹਿਲੀ ਅਸੈਂਬਲੀ ਚੋਣ ਅਕਾਲੀ, ਜਨਸੰਘ ਅਤੇ ਸੀ.ਪੀ.ਆਈ. ਦੇ ਸਾਂਝੇ ਗੱਠਜੋੜ ਨੇ ਜਿੱਤ ਲਈ ਅਤੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਪਹਿਲੀ ਅਕਾਲੀ ਸਰਕਾਰ ਹੋਂਦ ਵਿਚ ਆਈ, ਪਰੰਤੂ ਕਰੀਬ ਨੌਂ ਮਹੀਨਿਆਂ ਬਾਅਦ ਹੀ ਕਾਂਗਰਸ ਨੇ ਲਛਮਣ ਸਿੰਘ ਗਿੱਲ ਅਤੇ ਜਗਜੀਤ ਸਿੰਘ ਚੌਹਾਨ ਨੂੰ ਪਲੋਸ ਕੇ ਅਕਾਲੀ ਵਿਧਾਇਕ ਦਲ ਵਿਚ ਦੁਫ਼ੇੜ ਪੁਆ ਦਿੱਤੀ ਅਤੇ 25 ਨਵੰਬਰ 1967 ਨੂੰ ਕਾਂਗਰਸ ਦੀ ਹਮਾਇਤ ਨਾਲ ਲਛਮਣ ਸਿੰਘ ਗਿੱਲ ਦੀ ਸਰਕਾਰ ਬਣ ਗਈ, ਜਿਸ ਨੂੰ ਬਹੁਤੀ ਦੇਰ ਟਿਕਣ ਨਾ ਦਿੱਤਾ ਗਿਆ। ਪੰਜਾਬ ਅੰਦਰ ਫਰਵਰੀ 1969 ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਅਕਾਲੀ ਜਨਸੰਘ ਫੇਰ ਸੱਤਾ ਵਿਚ ਆ ਗਿਆ ਅਤੇ ਜਸਟਿਸ ਗੁਰਨਾਮ ਸਿੰਘ ਦੁਬਾਰਾ ਮੁੱਖ ਮੰਤਰੀ ਬਣ ਗਏ, ਲੇਕਿਨ ਤੇਰਾਂ ਮਹੀਨਿਆਂ ਬਾਅਦ ਹੀ ਉਸ ਨੂੰ ਕੁਰਸੀ 'ਤੋਂ ਹੱਥ ਧੋਣੇ ਪਏ। ਇਸ ਵਜ਼ਾਰਤ ਦੇ ਭੰਗ ਹੋ ਜਾਣ ਪਿੱਛੋਂ 27 ਮਾਰਚ 1970 ਨੂੰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਜਨਸੰਘ ਮੰਡਲੀ ਤਾਕਤ ਵਿਚ ਆ ਗਈ, ਪਰ ਇਹ ਕਾਂਗਰਸੀ ਚਾਲਾਂ ਮੂਹਰੇ ਮਸਾਂ ਇਕ ਸਾਲ ਹੀ ਕੱਟ ਸਕੀ ਅਤੇ 14 ਮਾਰਚ 1971 ਨੂੰ ਧਾਰਾ 356 ਹੇਠ ਇਸ ਨੂੰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਫੇਰ ਮਾਰਚ 1972 ਵਿਚ ਹੋਈਆਂ ਛੇਵੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੁਬਾਰਾ ਸੱਤਾ ਵਿਚ ਆ ਗਈ।

ਇਸ ਘਟਨਾਕ੍ਰਮ ਵਿੱਚੋਂ ਅਕਾਲੀਆਂ ਨੂੰ ਤਿੱਖਾ ਅਹਿਸਾਸ ਹੋ ਗਿਆ ਸੀ ਕਿ ਉਹ ਸਰਬ ਸ਼ਕਤੀਮਾਨ ਕੇਂਦਰ ਦੀਆਂ ਕੁਟਲ ਚਾਲਾਂ ਮੂਹਰੇ ਪੰਜਾਬ ਵਿਚ ਜਿੱਤ ਕੇ ਵੀ ਰਾਜ ਨਹੀਂ ਕਰ ਸਕਦੇ। ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਜ਼ਾਮਨੀ ਹੋਣ ਨਾਲ ਹੀ ਖੇਤਰੀ ਪਾਰਟੀਆਂ ਸੱਤਾ ਵਿਚ ਰਹਿਣ ਦੀ ਆਸ ਰੱਖ ਸਕਦੀਆਂ ਸਨ। ਪੰਜਾਬ ਹੀ ਦੇਸ਼ ਦਾ ਇਕੋ-ਇਕ ਅਜਿਹਾ ਅਭਾਗਾ ਸੂਬਾ ਹੈ, ਜਿਸ ਵਿਚ 1947 ਦੀ ਸੱਤਾ ਬਦਲੀ ਤੋਂ ਬਾਅਦ ਪੂਰੇ ਨੌਂ ਵਾਰੀ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਚੁੱਕਿਆ ਹੈ। ਅਕਾਲੀ ਦਲ ਨੇ ਅਕਤੂਬਰ 1973 ਵਿਚ ਆਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਲੇਕਿਨ ਉਹਨਾਂ ਨੇ ਆਪਣੇ ਜਮਾਂਦਰੂ ਕਮਲਪੁਣੇ ਨਾਲ ਗਲਤੀ ਇਹ ਕੀਤੀ ਕਿ ਇਸ ਨੂੰ ਧਾਰਮਿਕ 'ਬਾਣਾ' ਪਹਿਨਾ ਦਿੱਤਾ। ਇਸ ਮਤੇ ਵਿਚ ਅਜਿਹੇ ਖ਼ੁਦਮੁਖ਼ਤਾਰ ਰਾਜ ਦੀ ਮੰਗ ਰੱਖ ਦਿੱਤੀ ਗਈ, ਜਿਸ ਵਿਚ 'ਖ਼ਾਲਸੇ ਜੀ ਕਾ ਬੋਲਬਾਲਾ ਹੋਵੇ।'




ਨਾਲ ਹੀ ਇਹ ਮੰਗ ਵੀ ਕੱਢ ਮਾਰੀ ਕਿ "ਇਕ ਅਜਿਹਾ ਖਿੱਤਾ ਹੋਣਾ ਚਾਹੀਦਾ ਹੈ, ਜਿਸ ਵਿਚ ਸਿੱਖ ਆਪਣਾ ਸੰਵਿਧਾਨ ਖੁਦ ਘੜ ਸਕਣ।" ਇਸ ਖ਼ੁਦਮੁਖ਼ਤਾਰ ਰਾਜ ਕੋਲ ਵਿਦੇਸ਼ੀ ਮਾਮਲੇ, ਰੱਖਿਆ, ਕਰੰਸੀ ਅਤੇ ਦੂਰਸੰਚਾਰ ਛੱਡ ਕੇ ਬਾਕੀ ਸਾਰੇ ਅਧਿਕਾਰ ਹੋਣ। ਪਿੱਛੋਂ ਜਾ ਕੇ, ਅਕਤੂਬਰ 1978 ਵਿਚ ਲੁਧਿਆਣਾ ਵਿਖੇ ਹੋਈ ਅਕਾਲੀ ਕਨਵੈਨਸ਼ਨ ਵਿਚ ਇਸ ਮਤੇ ਵਿਚੋਂ ਖ਼ੁਦਮੁਖ਼ਤਾਰ ਰਾਜ ਅਤੇ ਵੱਖਰੇ ਸੰਵਿਧਾਨ ਵਾਲੀਆਂ ਸਤਰਾਂ ਕੱਢ ਦਿੱਤੀਆਂ ਗਈਆਂ, ਜਿਸ ਕਰਕੇ ਇਹ ਧਾਰਮਿਕ ਸ਼ਬਦਾਵਲੀ ਤੋਂ ਕਾਫ਼ੀ ਹੱਦ ਤੱਕ ਮੁਕਤ ਹੋ ਗਿਆ ਸੀ। ਧਾਰਾ 356 ਅਤੇ 365 ਨੂੰ ਸੰਵਿਧਾਨ ਵਿਚੋਂ ਖ਼ਾਰਜ ਕਰਨ ਦੀ ਮੰਗ ਬਿਲਕੁਲ ਹੀ ਜਾਇਜ਼ ਹੈ। ਆਨੰਦਪੁਰ ਸਾਹਿਬ ਦੇ ਮਤੇ ਦਾ ਸਿਆਸੀ ਤੱਤ ਸਾਰੇ ਸੂਬਿਆਂ ਖ਼ਾਸ ਕਰਕੇ ਪੰਜਾਬ ਨੂੰ ਵਧੇਰੇ ਅਧਿਕਾਰ ਦਿਵਾਉਣਾ ਹੀ ਸੀ। ਬਾਕੀ "ਸਿੱਖਾਂ ਦੇ ਬੋਲ ਬਾਲੇ" ਵਰਗੀਆਂ ਗੱਲਾਂ ਤਾਂ ਸਿੱਖ ਸੰਗਤ ਨੂੰ ਭਰਮਾਉਣ ਦੀ ਕਵਾਇਦ ਹੀ ਰਹੀਆਂ ਹਨ, ਜਿਹਨਾਂ ਬਾਰੇ ਅਕਾਲੀ ਦਲ ਦਾ ਕੋਈ ਵੀ ਧੜਾ ਕਦੇ ਵੀ ਸੰਜੀਦਾ ਨਹੀਂ ਰਿਹਾ।

ਧਰਮ ਯੁੱਧ ਮੋਰਚੇ ਦੇ ਹੁੰਗਾਰੇ ਵਜੋਂ ਇੰਦਰਾ ਗਾਂਧੀ ਵੱਲੋਂ ਮਾਰਚ 1983 ਵਿਚ ਕੇਂਦਰ ਰਾਜ ਸਬੰਧਾਂ ਦੀ ਨਜ਼ਰਸਾਨੀ ਲਈ ਬਣਾਏ ਸਰਕਾਰੀਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਕੋਈ ਠੋਸ ਸੁਝਾਅ ਨਹੀਂ ਦੇ ਸਕੀਆਂ। ਤੱਤ ਵਿਚ ਕਮਿਸ਼ਨ ਦੇ ਸੁਝਾਅ ਨਿਰੋਲ ਦਰਸ਼ਨੀ ਅਤੇ ਲੀਪਾਪੋਚੀ ਕਰਨ ਵਾਲੇ ਸਨ। ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਇਕੋ-ਇਕ ਲਾਭ ਇਹ ਹੋਇਆ ਹੈ ਕਿ ਹੁਣ ਕੇਂਦਰੀ ਸਰਕਾਰ ਧਾਰਾ 356 ਦੀ ਬਹੁਤ ਹੀ ਸੰਕੋਚਵੀਂ ਵਰਤੋਂ ਕਰਨ ਲੱਗੀ ਹੈ। ਰਾਜਪਾਲਾਂ ਦੀ ਨਿਯੁਕਤੀ ਜਾਂ ਵਾਪਸ ਬੁਲਾਉਣਾ, ਕਿਸੇ ਸੂਬੇ ਵਿਚ ਕੇਂਦਰੀ ਬਲਾਂ ਦੀ ਤਾਇਨਾਤੀ, ਕੇਂਦਰੀ ਕਾਨੂੰਨਾਂ ਨੂੰ ਠੋਸਣਾ, ਟੈਕਸ ਪ੍ਰਣਾਲੀ, ਵਿੱਤੀ ਵਸੀਲਿਆਂ ਦੀ ਵੰਡ, ਕੇਂਦਰੀ ਪ੍ਰਾਜੈਕਟਾਂ ਦੀ ਅਲਾਟਮੈਂਟ, ਸੂਬਿਆਂ ਦੀਆਂ ਸਾਲਾਨਾ ਯੋਜਨਾਵਾਂ, ਕੇਂਦਰੀ ਸਕੀਮਾਂ ਲਈ ਗਰਾਂਟਾਂ ਜਾਰੀ ਕਰਨੀਆਂ ਆਦਿ ਕਿੰਨੇ ਹੀ ਬੁਨਿਆਦੀ ਮਸਲੇ ਹਨ, ਜਿਹੜੇ ਕਿ ਨਜਿੱਠਣੇ ਬਣਦੇ ਹਨ। ਇਸ ਲਈ ਕੇਂਦਰ ਰਾਜ ਸਬੰਧਾਂ ਵਿਚ ਦੋਸਤਾਨਾ ਸੰਤੁਲਨ ਬਿਠਾਉਣ ਲਈ ਭਾਰਤ ਦਾ ਸੰਵਿਧਾਨ ਸੰਪੂਰਨ ਸਮੀਖਿਆ ਦੀ ਮੰਗ ਕਰਦਾ ਹੈ।

***# ਸੰਪਰਕ : 94170-73831***

ਪੈਨਸ਼ਨਰ ਦਿਵਸ 'ਤੇ ਵਿਸ਼ੇਸ਼

# ਪੁਰਾਣੀ ਪੈਨਸ਼ਨ ਬਹਾਲੀ ਲਈ ਜ਼ੋਰਦਾਰ ਹੱਲੇ ਦੀ ਲੋੜ



ਪਵਨ ਕੁਮਾਰ ਕੌਸ਼ਲ

17 ਦਸੰਬਰ ਦਾ ਦਿਨ ਭਾਰਤ ਵਿੱਚ ਪੈਨਸ਼ਨਰਾਂ ਲਈ ਇੱਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਦਿਨ 1982 ਵਿੱਚ ਭਾਰਤ ਦੀ ਸਰਬ-ਉੱਚ ਨਿਆਲਿਆ ਨੇ ਪੈਨਸ਼ਨਰਾਂ ਲਈ ਆਪਣੇ ਇੱਕ ਇਤਿਹਾਸਕ ਤੇ ਮਹੱਤਵਪੂਰਨ ਫੈਸਲੇ ਰਾਹੀਂ ਇੱਕ ਵਿਸ਼ੇਸ਼ ਤੋਹਫਾ ਦਿੱਤਾ, ਜਿਸ ਨੇ ਪੈਨਸ਼ਨਰਾਂ ਦਾ ਰੁਤਬਾ ਹੀ ਬਦਲ ਦਿੱਤਾ। ਇਸ ਦਿਨ ਭਾਰਤ ਦੇ ਸਾਰੇ ਸੇਵਾ-ਮੁਕਤ ਕਰਮਚਾਰੀਆ ਲਈ ਪੈਨਸ਼ਨ ਦਾ ਇਤਿਹਾਸਕ ਫੈਸਲਾ ਸੁਣਾਇਆ ਗਿਆ। ਇਸ 41ਵੇਂ ਪੈਨਸ਼ਨਰ ਦਿਵਸ 'ਤੇ ਅਸੀਂ ਸਵਰਗੀ ਜਸਟਿਸ ਵਾਈ.ਵੀ. ਚੰਦਰਚੂੜ, ਤਤਕਾਲੀ ਚੀਫ਼ ਜਸਟਿਸ ਸਰਬ-ਉੱਚ ਨਿਆਲਿਆ ਅਤੇ ਇਸ ਦੀ ਪੈਰਵੀ ਕਰਨ ਵਾਲੇ ਮਾਨਯੋਗ ਡੀ ਐੱਸ ਨਕਾਰਾ ਜੀ ਨੂੰ ਯਾਦ ਕਰਦੇ ਹਾਂ।

ਇਹ 1982 ਵਿੱਚ ਅੱਜ ਦਾ ਦਿਨ ਸੀ, ਜਦੋਂ ਸਰਬ-ਉੱਚ ਨਿਆਲਿਆ ਨੇ ਸੇਵਾਮੁਕਤ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਾਣ ਅਤੇ ਮਰਿਆਦਾ ਦੀ ਗਰੰਟੀ ਦੇਣ ਵਾਲਾ ਇੱਕ ਇਤਿਹਾਸਕ ਫੈਸਲਾ ਸੁਣਾਇਆ ਸੀ। ਸਾਡੇ ਦੇਸ਼ ਵਿੱਚ 17.12.1982 ਦੇ ਫੈਸਲੇ ਦੁਆਰਾ ਸਵਰਗੀ ਡੀ.ਐੱਸ. ਨਕਾਰਾ ਨੂੰ ਯਾਦ ਕਰਨ ਲਈ 'ਪੈਨਸ਼ਨਰ ਦਿਵਸ' ਮਨਾਇਆ ਜਾਂਦਾ ਹੈ, ਜਿਸ ਨੇ ਭਾਈਚਾਰੇ ਵਿੱਚ ਮਾਣ, ਇੱਜ਼ਤ ਅਤੇ ਮਰਿਆਦਾ ਲਿਆਉਣ ਲਈ ਸਾਲਾਂ ਤੱਕ ਕਾਨੂੰਨੀ ਸੰਘਰਸ਼ ਕੀਤਾ ਸੀ।

ਆਪਣੇ ਫੈਸਲੇ ਵਿੱਚ ਸਰਬ-ਉੱਚ ਨਿਆਲਿਆ ਨੇ ਕਿਹਾ ਕਿ ਪੈਨਸ਼ਨ ਨਾ ਤਾਂ ਕੋਈ ਖੈਰਾਤ ਹੈ, ਨਾ ਹੀ ਦਿਆਲਤਾ ਦਾ ਮਾਮਲਾ ਹੈ, ਜੋ ਕਿ ਮਾਲਕ ਦੀ ਦਯਾ ਅਤੇ ਇੱਛਾ 'ਤੇ ਨਿਰਭਰ ਕਰਦਾ ਹੈ, ਨਾ ਹੀ ਐਕਸ-ਗ੍ਰੇਸ਼ੀਆ ਭੁਗਤਾਨ। ਇਹ ਪਿਛਲੀਆਂ ਸੇਵਾਵਾਂ ਦੇ ਇਵਜ਼ ਲਈ ਭੁਗਤਾਨ ਹੈ। ਇਹ ਸਮਾਜਿਕ-ਆਰਥਿਕ ਨਿਆਂ ਪ੍ਰਦਾਨ ਕਰਨ ਵਾਲਾ ਇੱਕ ਸਮਾਜਿਕ ਭਲਾਈ ਦਾ ਉਪਾਅ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਜਵਾਨੀ ਦੇ ਸ਼ੁਰੂਆਤੀ ਦਿਨਾਂ ਵਿੱਚ ਇਸ ਭਰੋਸੇ 'ਤੇ ਮਾਲਕ ਲਈ ਨਿਰੰਤਰ ਮਿਹਨਤ ਕੀਤੀ ਕਿ ਉਨ੍ਹਾਂ ਦੇ ਬੁਢਾਪੇ ਵਿੱਚ ਉਨ੍ਹਾਂ ਨੂੰ ਅੱਧ-ਵਿਚਕਾਰ ਨਹੀਂ ਛੱਡਿਆ ਜਾਵੇਗਾ।

ਇਸ ਤੋਂ ਪਹਿਲਾਂ ਕੁੱਝ ਮਹਿਕਮਿਆਂ ਦੇ ਕਰਮਚਾਰੀਆਂ ਨੂੰ ਹੀ ਨਾ-ਮਾਤਰ ਪੈਨਸ਼ਨ ਦਿੱਤੀ ਜਾਂਦੀ ਸੀ। ਜਦੋਂ ਕੋਈ ਕਰਮਚਾਰੀ ਸੇਵਾ-ਮੁਕਤ ਹੁੰਦਾ ਤਾਂ ਉਸ ਦੇ ਘਰਦਿਆਂ ਨੂੰ ਘਰ ਦਾ ਖਰਚਾ ਚਲਾਉਣ ਦਾ ਸੰਸਾ ਪੈਦਾ ਹੋ ਜਾਂਦਾ ਸੀ ਕਿ ਘਰ ਦਾ ਰੋਟੀ-ਪਾਣੀ ਹੁਣ ਕਿੱਦਾਂ ਚੱਲੇਗਾ ? ਇਸ ਇਤਿਹਾਸਕ ਫੈਸਲੇ ਨੇ ਪੈਨਸ਼ਨਰਾਂ ਦੇ ਜੀਵਨ ਵਿੱਚ ਖੇੜੇ ਲੈ ਆਂਦੇ। ਕਰਮਚਾਰੀਆਂ ਨੂੰ ਸੇਵਾ-ਮੁਕਤੀ ਵਾਲੇ ਦਿਨ ਪਾਰਟੀ ਅਤੇ ਸੁਗਾਤਾਂ ਨਾਲ ਨਿਵਾਜਿਆ ਜਾਣ ਲੱਗਿਆਂ ਅਤੇ ਸੇਵ-ਮੁਕਤ ਕਰਮਚਾਰੀ ਵੀ ਬੈਂਕਟ ਹਾਲਾਂ ਤੇ ਮੈਰਿਜ ਪੈਲਸਾਂ ਅੰਦਰ ਆਪਣੀ ਸੇਵਾ ਮੁਕਤੀ ਉੱਪਰ ਪਾਰਟੀਆਂ ਦੇਣ ਲੱਗ ਪਏ।

ਅੱਜ ਫਿਰ ਦਸੰਬਰ 1982 ਤੋਂ ਪਹਿਲਾਂ ਵਾਲੇ ਬੱਦਲ ਕਰਮਚਾਰੀਆਂ ਦੇ ਸਿਰ ਉਪਰ ਮੰਡਰਾਉਣ ਲੱਗ ਪਏ ਹਨ। ਉਪਰੋਕਤ ਮਹੱਤਵਪੂਰਨ ਫੈਸਲੇ ਦੇ ਚਾਰ ਦਹਾਕਿਆਂ ਬਾਅਦ ਵੀ ਆਮ ਤੌਰ 'ਤੇ ਪੈਨਸ਼ਨਰਾਂ ਦੀ ਦਸ਼ਾ ਬਹੁਤ ਚੰਗੀ ਤਰ੍ਹਾਂ ਸਾਡੇ ਸਾਹਮਣੇ ਹੈ। ਅਪ੍ਰੈਲ 2004 ਤੋਂ ਨਵੀਂ ਭਰਤੀ ਲਈ ਮੁਲਾਜ਼ਮ ਵਿਰੋਧੀ ਨਵੀਂ ਪੈਨਸ਼ਨ ਸਕੀਮ ਦੇ ਨਾਂਅ ਹੇਠ ਸਾਲਾਂ ਦੀ ਘਾਲਣਾ ਨਾਲ ਪ੍ਰਾਪਤ ਕੀਤੀ ਪੁਰਾਣੀ ਪੈਨਸ਼ਨ ਸਕੀਮ ਬੰਦ ਕਰ ਦਿੱਤੀ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਕਰਮਚਾਰੀ ਲਗਾਤਾਰ ਸੰਘਰਸ਼ਸ਼ੀਲ ਹਨ।

ਏਥੇ ਹੀ ਬਸ ਨਹੀਂ ਸਰਕਾਰ ਪੂੰਜੀਪਤੀਆਂ ਅਤੇ ਇਜਾਰੇਦਾਰ ਕਾਰਪੋਰੇਟ ਘਰਾਣਿਆਂ ਕਾਰਨ ਪੈਦਾ ਹੋ ਰਹੀ ਆਰਥਿਕ ਮੰਦੀ ਦੇ ਨਾਂਅ ਹੇਠ ਚੰਗਾ ਜੀਵਨ ਜਿਊਣ ਲਈ ਪ੍ਰਾਪਤ ਕੀਤੀਆਂ ਕੁੱਝ ਸਹੂਲਤਾ ਵਿੱਚ ਵੀ ਕਟੌਤੀਆਂ ਕਰਨ ਵੱਲ ਜਾ ਰਹੀ ਹੈ। ਇਸ ਵਿੱਚ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਕਟੌਤੀ ਜਾਂ ਰੋਕ, ਭਰਤੀ 'ਤੇ ਰੋਕ ਅਤੇ ਪੈਨਸ਼ਨਾਂ ਅਤੇ ਮਹਿੰਗਾਈ ਭੱਤੇ ਨੂੰ ਫ੍ਰੀਜ਼ ਕਰਨਾ ਪੈਨਸ਼ਨਰਾਂ ਨੂੰ ਦਿੱਤੀਆਂ ਜੀਵਨ ਸਹਾਇਕ ਸਹੂਲਤਾਂ ਵਾਪਸ ਲੈਣੀਆਂ ਵੀ ਸ਼ਾਮਲ ਹਨ, ਵੱਲ ਕਦਮ ਪੁੱਟਦੀ ਜਾ ਰਹੀ ਹੈ।

ਲੋਕ ਵਿਰੋਧੀ ਨੀਤੀਆਂ ਜਿਨ੍ਹਾਂ ਰਾਹੀਂ ਟੈਕਸਾਂ ਵਿੱਚ ਵਾਧਾ, ਸਰਕਾਰੀ ਪ੍ਰੋਗਰਾਮਾਂ ਵਿੱਚ ਕਟੌਤੀ, ਜਿਵੇਂ ਕਿ ਸਿਹਤ ਸੰਭਾਲ ਸੇਵਾਵਾਂ ਅਤੇ ਸਾਬਕਾ ਸੈਨਿਕਾਂ ਨੂੰ ਸਹਾਇਤਾ, ਪੈਨਸ਼ਨਾਂ ਵਿੱਚ ਕਟੌਤੀ ਅਤੇ ਸਰਕਾਰੀ ਕਰਮਚਾਰੀਆਂ ਲਈ ਤਨਖਾਹਾਂ ਵਿੱਚ ਕਟੌਤੀ ਸ਼ਾਮਲ ਹੈ। ਇਸ ਦੇ ਬਾਵਜੂਦ ਲੋਕ ਸਭਾ ਮੈਂਬਰਾਂ ਅਤੇ ਵਿਧਾਇਕਾਂ ਨੂੰ ਪੈਨਸ਼ਨਾਂ ਅਤੇ ਹੋਰ ਅਨੇਕਾਂ ਪ੍ਰਕਾਰ ਦੀਆਂ ਸਹੂਲਤਾਂ ਨਿਰਵਿਘਨ ਜਾਰੀ ਹਨ, ਉਨ੍ਹਾਂ ਉੱਪਰ ਕੋਈ ਸੇਵਾ ਨਿਯਮ ਲਾਗੂ ਨਹੀਂ ਹੁੰਦੇ।


ਆਓ ਸਾਰੇ ਮਿਲ ਕੇ ਲੰਮੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੁੱਝ ਸਹੂਲਤਾਂ ਨੂੰ ਬਰਕਰਾਰ ਰੱਖਣ ਅਤੇ ਪੈਨਸ਼ਨਰਾਂ ਲਈ ਇਨਸਾਫ਼ ਦੀ ਮੰਗ ਲਈ ਸਾਂਝੇ ਤੌਰ 'ਤੇ ਆਪਣੀ ਲੜਾਈ ਜਾਰੀ ਰੱਖੀਏ।

***# ਸੰਪਰਕ : 98550-04500***

# ਕਿਸਾਨ ਅੰਦੋਲਨ : ਸੰਘਰਸ਼ ਦੇ ਨਾਲ ਜਾਗਰੂਕਤਾ ਤੇ ਇੱਕਜੁਟਤਾ ਅਹਿਮ

ਚੰਦਰਪਾਲ ਅੱਤਰੀ, ਲਾਲੜੂ

ਭਾਵੇਂ ਕਿਸਾਨਾਂ ਦੇ ਜ਼ਬਰਦਸਤ ਵਿਰੋਧ ਤੇ ਉਲੀਕੇ ਸੰਘਰਸ਼ ਤੋਂ ਬਾਅਦ ਕੇਂਦਰ ਸਰਕਾਰ ਨੇ ਤਿੰਨ ਕਿਸਾਨ ਵਿਰੋਧੀ ਕਾਨੂੰਨ ਵਾਪਸ ਲੈ ਲਏ ਹਨ, ਪਰ ਕਿਸਾਨੀ ਦਾ ਦਰਦ ਤੇ ਸਮੱਸਿਆਵਾਂ ਇਸ ਅੰਦੋਲਨ ਤੋਂ ਕਿਤੇ ਵਿਸਾਹ ਹਨ। ਕਰੀਬ ਡੇਢ ਸਾਲ ਚੱਲੇ ਸੰਘਰਸ਼ ਉਪਰੰਤ ਕੇਂਦਰ ਸਰਕਾਰ ਨੇ ਕੁੱਝ ਸੂਬਿਆਂ ਦੀਆਂ ਚੋਣਾਂ ਜਿੱਤਣ 'ਤੇ ਹੋ ਰਹੇ ਸਿਆਸੀ ਨੁਕਸਾਨ ਨੂੰ ਵੇਖਦਿਆਂ ਸਿਰਫ ਕਾਨੂੰਨ ਹੀ ਵਾਪਸ ਲਏ ਹਨ, ਜਦਕਿ ਕਿਸਾਨ ਜਥੇਬੰਦੀਆਂ ਤੇ ਜਾਗਰੂਕ ਕਿਸਾਨ ਹਮਾਇਤੀਆਂ ਦੀਆਂ ਮੰਗਾਂ ਅਜੇ ਜਿਉਂ ਦੀਆਂ ਤਿਉਂ ਹਨ । ਸੰਘਰਸ਼ ਲੜਨ ਵਾਲੀਆਂ ਜਥੇਬੰਦੀਆਂ ਵਿੱਚ ਬਹੁਤ ਜਥੇਬੰਦੀਆਂ ਪਹਿਲੇ ਸਮੇਂ ਤੋਂ ਹੀ ਕਿਸਾਨੀ ਸਮੱਸਿਆਵਾਂ ਨੂੰ ਉਭਾਰ ਰਹੀਆਂ ਸਨ, ਪਰ ਉਸ ਸਮੇਂ ਉਹ ਇੱਕਮੁੱਠ ਨਾ ਹੋਣ ਕਾਰਨ ਮਾਰ ਖਾ ਰਹੀਆਂ ਸਨ। ਇਸ ਵਾਰ ਦੇ ਸੰਘਰਸ਼ ਵਿੱਚ ਭਾਵੇਂ ਕਿਸਾਨਾਂ ਦੀ ਜਿੱਤ ਹੋਈ ਹੈ, ਪਰ ਕਿਸਾਨਾਂ ਨੂੰ ਇਸ ਜਿੱਤ ਦਾ ਵੱਡਾ ਮੁੱਲ ਤਾਰਨਾ ਪਿਆ ਹੈ। ਇਸ ਅੰਦੋਲਨ ਦੌਰਾਨ ਹਜ਼ਾਰਾਂ-ਕਰੋੜਾਂ ਰੁਪਏ ਦਾ ਮਾਲੀਆ ਖਰਚ ਹੋਣ ਤੋਂ ਇਲਾਵਾ ਸਾਡੇ 700 ਦੇ ਕਰੀਬ ਕਿਸਾਨ ਸ਼ਹੀਦੀਆਂ ਵੀ ਪਾ ਗਏ ਹਨ। ਇਹ 700 ਕਿਸਾਨ ਬੇਹੱਦ ਗਰੀਬ ਕਿਸਾਨੀ ਵਿੱਚੋਂ ਸਨ, ਜੋ ਆਪਣੇ ਭਰਾਵਾਂ ਦੇ ਭਵਿੱਖ ਲਈ ਆਪਣਾ ਸਭ ਕੁੱਝ ਗੁਆ ਬੈਠੇ। ਜੇ ਹੁਣ ਸਰਕਾਰਾਂ ਨੇ ਉਨ੍ਹਾਂ ਦੇ ਪਰਵਾਰਾਂ ਦੀਆਂ ਬਾਹਾਂ ਨਾ ਫੜੀਆਂ ਤਾਂ ਉਨ੍ਹਾਂ ਦੇ ਪਰਵਾਰਾਂ ਦਾ ਭਵਿੱਖ ਧੁੰਦਲਾ ਪੈ ਜਾਵੇਗਾ।



ਇਸ ਅੰਦੋਲਨ ਦੇ ਕਾਮਯਾਬ ਹੋਣ ਉਪਰੰਤ ਦੋ ਮਸਲੇ ਅਜਿਹੇ ਸਨ, ਜੋ ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਏ ਸਨ। ਇਨ੍ਹਾਂ ਵਿੱਚ ਇੱਕ ਮਸਲਾ ਫਸਲਾਂ ਦੀ ਘੱਟੋ-ਘੱਟ ਕੀਮਤ ਉਤੇ ਖਰੀਦ ਗਰੰਟੀ (ਐੱਮ ਐੱਸ ਪੀ) ਨਾਲ ਸੰਬੰਧਤ ਹੈ, ਜਦਕਿ ਦੂਜਾ ਮਸਲਾ ਲਖੀਮਪੁਰ ਖੀਰੀ ਦੇ ਸਾਜ਼ਿਸ਼ਕਾਰਾਂ ਤੇ ਕਾਤਲਾਂ ਨੂੰ ਉਚਿਤ ਸਜ਼ਾ ਦੇਣ ਦੇ ਨਾਲ-ਨਾਲ ਅੰਦੋਲਨ ਦੌਰਾਨ ਕਿਸਾਨਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਉਤੇ ਦਰਜ ਮੁਕੱਦਮੇ ਵਾਪਸ ਲੈਣ ਨਾਲ ਜੁੜਿਆ ਹੋਇਆ ਹੈ।

ਘੱਟੋ-ਘੱਟ ਕੀਮਤ ਉਤੇ ਖਰੀਦ ਗਰੰਟੀ ਦਾ ਮਸਲਾ ਕਿਸਾਨੀ ਦੀ ਹੋਂਦ ਨਾਲ ਸੰਬੰਧਤ ਹੈ ਅਤੇ ਲਖੀਮਪੁਰ ਖੀਰੀ ਵਾਲਾ ਮਸਲਾ ਭਾਵਨਾ ਨਾਲ। ਜਦੋਂ ਤੱਕ ਕਿਸਾਨ ਨੂੰ ਹਰ ਫਸਲ ਦੀ ਘੱਟੋ-ਘੱਟ ਕੀਮਤ ਉਤੇ ਖਰੀਦ ਗਰੰਟੀ ਨਹੀਂ ਮਿਲਦੀ, ਉਦੋਂ ਤੱਕ ਕਿਸਾਨੀ ਦੀ ਹਾਲਤ ਵਿੱਚ ਸੁਧਾਰ ਹੋ ਹੀ ਨਹੀਂ ਸਕਦਾ। ਇਸ ਤੋਂ ਇਲਾਵਾ ਇਸ ਖਰੀਦ ਗਰੰਟੀ ਤੋਂ ਬਿਨਾਂ ਸਰਕਾਰ ਦਾ ਫਸਲ-ਵਿਭਿੰਨੀਕਰਨ ਨੂੰ ਬੜ੍ਹਾਵਾ ਦੇਣ ਦਾ ਏਜੰਡਾ ਵੀ ਅਧੂਰਾ ਹੀ ਰਹੇਗਾ। ਫਸਲ ਵਿਭਿੰਨੀਕਰਨ ਵਿੱਚ ਹੋ ਰਹੀ ਦੇਰੀ ਸਾਡੇ ਸਭ ਤੋਂ ਕੀਮਤੀ ਸਰੋਤ ਪਾਣੀ ਨੂੰ ਬਹੁਤ ਬਰਬਾਦ ਕਰ ਰਹੀ ਹੈ। ਪੰਜਾਬ ਦਾ ਨਾਂਅ ਹੀ ਪੰਜ-ਆਬ (ਪੰਜ ਪਾਣੀਆਂ ਦੀ ਧਰਤੀ) ਤੋਂ ਪਿਆ ਹੈ ਤੇ ਜੇ ਇੱਥੇ ਪਾਣੀ ਹੀ ਨਾ ਰਿਹਾ ਤਾਂ ਫਿਰ ਪੰਜਾਬ ਕਿਵੇਂ ਰਹੇਗਾ? ਫਸਲਾਂ ਦੀ ਘੱਟੋ-ਘੱਟ ਕੀਮਤ ਉਤੇ ਖਰੀਦ ਗਰੰਟੀ ਕਿਸਾਨੀ ਸਰਕਾਰ ਦੀ ਮਦਦ ਕਰਨ ਤੋਂ ਇਲਾਵਾ ਮਹਿੰਗਾਈ ਨੂੰ ਕੰਟਰੋਲ ਕਰਨ ਵਿੱਚ ਵੀ ਯੋਗਦਾਨ ਪਾਵੇਗੀ। ਘੱਟੋ-ਘੱਟ ਕੀਮਤ ਉਤੇ ਖਰੀਦ ਗਰੰਟੀ ਸਭਨਾਂ ਲਈ ਲਾਹੇਵੰਦ ਹੈ, ਪਰ ਸਰਕਾਰ ਕੁੱਝ ਚੋਣਵੇਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਤੇ ਉਨ੍ਹਾਂ ਕੋਲੋਂ ਸਿਆਸੀ ਫੰਡ ਲੈਣ ਦੇ ਚੱਕਰ ਵਿੱਚ ਕਿਸਾਨੀ ਸਮੇਤ ਹਰ ਵਰਗ ਦਾ ਨੁਕਸਾਨ ਕਰ ਰਹੀ ਹੈ।

ਘੱਟੋ-ਘੱਟ ਕੀਮਤ ਉਤੇ ਖਰੀਦ ਗਰੰਟੀ ਨਾ ਹੋਣ ਕਾਰਨ ਕਿਸਾਨ ਵੀ ਫਸਲ ਵਿਭਿੰਨੀਕਰਨ ਨੂੰ ਅਪਣਾਅ ਨਹੀਂ ਰਹੇ ਹਨ। ਇਸ ਗੱਲ ਨੂੰ ਇੱਕ ਉਦਾਹਰਣ ਨਾਲ ਸਮਝਣਾ ਪਵੇਗਾ। ਅਸਲ ਵਿੱਚ ਕਿਸਾਨ ਆਪਣੇ ਖਾਣ-ਪੀਣ ਲਈ ਸਰ੍ਹੋਂ ਤੇ ਹੋਰ ਦਾਲਾਂ ਵਾਲੀਆਂ ਫਸਲਾਂ ਬੀਜਦਾ ਹੈ। ਇਹ ਫਸਲ ਉਹ ਬਹੁਤ ਥੋੜ੍ਹੇ ਰਕਬੇ ਵਿੱਚ ਬੀਜਦਾ ਹੈ, ਕਿਉਂਕਿ ਸਰਕਾਰ ਇਨ੍ਹਾਂ ਫਸਲਾਂ ਦੀ ਕੀਮਤ ਤਾਂ ਤੈਅ ਕਰਦੀ ਹੈ ਪਰ ਉਹ ਇਨ੍ਹਾਂ ਫਸਲਾਂ ਦੀ ਸਰਕਾਰੀ ਖਰੀਦ ਨਹੀਂ ਕਰਦੀ। ਤੇ ਪ੍ਰਾਈਵੇਟ ਵਪਾਰੀ ਤੈਅ ਕੀਮਤ ਉਤੇ ਖਰੀਦਣਾ ਨਹੀਂ ਚਾਹੁੰਦੇ। ਹੁਣ ਮੰਨ ਲਵੋ ਕਿ ਕਿਸਾਨ ਆਪਣੀ ਸਾਰੀ ਜ਼ਮੀਨ ਵਿੱਚ ਸਰ੍ਹੋਂ ਤੇ ਦਾਲਾਂ ਵਾਲੀਆਂ ਫਸਲਾਂ ਬੀਜ ਦੇਵੇ ਤਾਂ ਉਸ ਦੀਆਂ ਇਹ ਫਸਲਾਂ ਕੋਈ ਨਹੀਂ ਖਰੀਦੇਗਾ ਤੇ ਉਸ ਨੂੰ ਫਸਲਾਂ ਔਣੇ -ਪੌਣੇ ਦਾਮ ਉਤੇ ਵੇਚਣੀਆਂ ਪੈਂਦੀਆਂ ਹਨ, ਕਿਉਂਕਿ ਉਸ ਕੋਲ ਸਾਰੀ ਫਸਲ ਨੂੰ ਸਟੋਰ ਕਰਨ ਦੇ ਸਾਧਨ ਨਹੀਂ ਹਨ। ਇਸ ਲਈ ਹੁਣ ਇਸ ਅੰਦੋਲਨ ਦਾ ਸਭ ਤੋਂ ਅਹਿਮ ਪੱਖ ਘੱਟੋ-ਘੱਟ ਕੀਮਤ ਉਤੇ ਖਰੀਦ ਗਰੰਟੀ ਹੈ। ਕਿਸਾਨ ਜਥੇਬੰਦੀਆਂ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਇਹ ਮੰਗ ਨਿਰੰਤਰ ਉਠਾਉਣੀ ਚਾਹੀਦੀ ਹੈ ਤੇ ਇਸ ਲਈ ਸਾਡੇ ਨੌਜਵਾਨ ਕਿਸਾਨ ਆਗੂਆਂ ਦੇ ਨਾਲ-ਨਾਲ ਸਿਆਸੀ ਪਾਰਟੀਆਂ ਦੇ ਵਧੇਰੇ ਆਗੂਆਂ ਨੂੰ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕਰਕੇ ਕਿਸਾਨਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।

ਦੂਜਾ ਮਸਲਾ ਲਖੀਮਪੁਰ ਖੀਰੀ ਕਤਲੇਆਮ ਦੇ ਸਾਜ਼ਿਸ਼ਕਾਰਾਂ ਤੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਸਰਗਰਮੀਆਂ ਕਰਨਾ ਹੈ। ਇਹ ਕਤਲੇਆਮ ਕਿਸੇ ਇੱਕ ਧਰਮ ਦਾ ਨਹੀਂ ਸੀ। ਇਹ ਉਸ ਵਰਗ ਦਾ ਕਤਲੇਆਮ ਸੀ, ਜਿਸ ਵੱਲੋਂ ਉਗਾਈ ਫਸਲ ਸਭਨਾਂ ਦੇ ਪੇਟ ਦੀ ਭੁੱਖ ਨੂੰ ਬਿਨਾਂ ਕੋਈ ਧਰਮ ਜਾਂ ਜਾਤ ਵੇਖਿਆਂ ਸ਼ਾਂਤ ਕਰਦੀ ਹੈ। ਇਸ ਕਤਲੇਆਮ ਦੇ ਸਾਜ਼ਿਸ਼ਕਾਰਾਂ-ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਜਾਗਰੂਕ ਤੇ ਇਨਸਾਫ਼-ਪਸੰਦ ਧਿਰਾਂ ਨੂੰ ਖੁੱਲ੍ਹ ਕੇ ਸਾਹਮਣੇ ਆਉਣਾ ਚਾਹੀਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਸ਼ਾਂਤੀਪੂਰਨ ਸੰਘਰਸ਼ ਕਰਨ ਵਾਲੇ ਕਿਸਾਨਾਂ ਨੂੰ ਦਰੜਣ ਵਾਲਿਆਂ ਦੀ ਪੁਸ਼ਤਪਨਾਹੀ ਕਿਵੇਂ ਕਰ ਸਕਦੇ ਹਾਂ ? ਸਾਰੇ ਦੇਸ਼ ਨੂੰ "ਵਸੂਦੇਵ ਕਟੁੰਬਕਮ" ਦਾ ਨਾਅਰਾ ਦੇਣ ਵਾਲੇ ਸਾਡੇ ਪ੍ਰਧਾਨ ਮੰਤਰੀ ਲਖੀਮਪੁਰ ਖੀਰੀ ਵਿੱਚ ਕਤਲ ਹੋਏ ਕਿਸਾਨਾਂ ਦੇ ਮਾਮਲੇ ਵਿੱਚ ਬਿਲਕੁਲ ਚੁੱਪ ਵੱਟ ਗਏ ਹਨ। ਇਹ ਤਾਂ ਸੁਪਰੀਮ ਕੋਰਟ ਦਾ ਸ਼ੁਕਰ ਹੋਵੇ ਕਿ ਉਸ ਨੇ ਇਸ ਮਾਮਲੇ ਵਿੱਚ ਸਹੀ ਸਟੈਂਡ ਲੈ ਕੇ ਇਨਸਾਫ਼ ਦੀ ਆਸ ਜਗਾਈ ਹੈ। ਇਸੇ ਤਰ੍ਹਾਂ ਅੰਦੋਲਨ ਦੌਰਾਨ ਬਹੁਤ ਸਾਰੇ ਲੋਕਾਂ ਖ਼ਿਲਾਫ਼ ਗੈਰ ਜ਼ਰੂਰੀ ਕੇਸ ਵੀ ਬਣੇ ਸਨ, ਜੋ ਉਨ੍ਹਾਂ ਦੇ ਨਾਲ-ਨਾਲ ਕਿਸਾਨ ਹਮਾਇਤੀਆਂ ਲਈ ਪੀੜਾਦਾਇਕ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਲੋਕਾਂ ਖ਼ਿਲਾਫ਼ ਦਰਜ ਮਾਮਲੇ ਵਾਪਸ ਲਵੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੌਰ ਨਾਲ ਸੁਣ ਕੇ ਹੱਲ ਕਰੇ।

ਅੰਤ ਵਿੱਚ ਇੱਕ ਗੱਲ ਜੋ ਹੋਰ ਵੀ ਅਹਿਮ ਹੈ, ਉਹ ਕਿਸਾਨ ਜਥੇਬੰਦੀਆਂ ਦੇ ਇੱਕਜੁੱਟ ਹੋਣ ਬਾਰੇ ਹੈ। ਅੰਦੋਲਨ ਦੇ ਫਤਿਹ ਹੋਣ ਉਪਰੰਤ ਚੋਣਾਂ ਲੜਨ ਦੇ ਮਾਮਲੇ ਵਿੱਚ ਦੋਫਾੜ ਹੋਈਆਂ ਕਿਸਾਨ ਜਥੇਬੰਦੀਆਂ ਨੂੰ ਸਿਰ ਜੋੜ ਕੇ ਬੈਠਣਾ ਚਾਹੀਦਾ ਹੈ। ਪਹਿਲਾਂ ਵੀ ਇਹ ਅੰਦੋਲਨ ਏਕਤਾ ਦੇ ਸਿਰ ਉਤੇ ਹੀ ਜਿੱਤਿਆ ਗਿਆ ਸੀ ਤੇ ਜੇ ਅਗਲੇ ਮਸਲੇ ਫਤਿਹ ਕਰਨੇ ਹਨ ਤਾਂ ਉਹ ਬਿਨਾਂ ਇੱਕਜੁੱਟ ਹੋਇਆਂ ਹੱਲ ਹੋਣੇ ਔਖੇ ਹਨ। ਵਿਅਕਤੀ ਗਲਤੀਆਂ ਤੋਂ ਸਿੱਖਦਾ ਹੈ ਤੇ ਜੇਕਰ ਸਾਰੀਆਂ ਧਿਰਾਂ ਆਪਣੀਆਂ ਗਲਤੀਆਂ ਸੁਧਾਰਨ ਲਈ ਤਿਆਰ ਹੋਣ ਤਾਂ ਏਕਤਾ ਕਰ ਵੀ ਲੈਣੀ ਚਾਹੀਦੀ ਹੈ, ਜੋ ਕਿ ਸਮੇਂ ਦੀ ਮੁੱਖ ਮੰਗ ਵੀ ਹੈ।

***# ਸੰਪਰਕ : 78891-11988***

17-DEC-PAGE-5.qxd 12/16/2022 9:51 PM Page 1



# ਪੰਜਾਬ ਰੋਡਵੇਜ਼, ਪਨਬੱਸ ਤੇ ਪੀ ਆਰ ਟੀ ਸੀ ਦੇ ਕੱਚੇ ਕਾਮੇ ਫਿਰ ਹੜਤਾਲ 'ਤੇ

## ਪੰਜਾਬ ਦੇ 18 ਡੀਪੂਆਂ ਦੀਆਂ 1900 ਬੱਸਾਂ ਸੜਕਾਂ 'ਤੇ ਨਹੀਂ ਉਤਰੀਆਂ



ਸ੍ਰੀ ਮੁਕਤਸਰ ਸਾਹਿਬ



ਲੁਧਿਆਣਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਕੁਲਭੂਸ਼ਣ, ਪੂਜਾ)**-ਸ਼ੁੱਕਰਵਾਰ ਨੂੰ ਪੰਜਾਬ ਰੋਡਵੇਜ਼, ਪਨਬੱਸ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਬੱਸ ਸਟੈਂਡ ਬੰਦ ਕਰਕੇ ਰੋਸ ਪ੍ਰਦਰਸ਼ਨ ਕਰਦਿਆਂ ਧਰਨਾ ਲਗਾ ਕੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਆਗੂਆਂ ਨੇ ਕਥਿਤ ਤੌਰ 'ਤੇ ਦੋਸ਼ ਲਾਏ ਕਿ ਬੀਤੇ ਦਿਨੀਂ ਜੋ ਡਰਾਈਵਰਾਂ ਦੀ ਭਰਤੀ ਕੀਤੀ ਗਈ ਹੈ, ਉਹ ਨਿਯਮਾਂ ਨੂੰ ਛਿੱਕੇ ਟੰਗ ਕੇ ਕੀਤੀ ਗਈ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਡਰਾਇਵਰਾਂ ਕੋਲ ਕੋਈ ਟਰੇਨਿੰਗ ਨਾ ਹੋਣ ਕਾਰਨ ਇਹ ਡਰਾਈਵਰ ਲੋਕਾਂ ਦੀ ਜਾਨ ਲਈ ਖਤਰਾ ਬਣ ਸਕਦੇ ਹਨ। ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਜੋ ਵਾਅਦਾ ਕੀਤੇ ਸਨ, ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ। ਦੂਜੇ ਪਾਸੇ ਯਾਤਰੀਆਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ।

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)** : ਪਨਬੱਸ, ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਲੁਧਿਆਣਾ ਡਿੱਪੂ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਨਾਕਾਮ ਰਹੀ ਹੈ। ਪ੍ਰਬੰਧਕਾਂ ਵੱਲੋਂ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਪਿਛਲੇ ਦਰਵਾਜ਼ੇ ਰਾਹੀਂ ਨਵੇਂ ਡਰਾਈਵਰਾਂ ਦੀ ਭਰਤੀ ਕੀਤੀ ਜਾ ਰਹੀ ਹੈ, ਜਿਸ ਕਾਰਨ ਉਨ੍ਹਾਂ ਵੱਲੋਂ ਇਹ ਹੜਤਾਲ ਕੀਤੀ ਗਈ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨਾ ਸੀ।

ਸ੍ਰੀ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਅਫਸਰਸ਼ਾਹੀ ਧੱਕੇ ਨਾਲ ਬਿਨਾਂ ਕਿਸੇ ਟਰਾਈ ਤੇ ਟ੍ਰੇਨਿੰਗ ਦੇ ਆਮ ਲੋਕਾਂ ਦੀ ਜਾਨ ਖਤਰੇ ਵਿੱਚ ਪਾ ਕੇ ਆਊਟਸੋਰਸ ਡਰਾਈਵਰਾਂ ਨੂੰ ਜੁਆਇੰਨ ਕਰਕੇ ਜਥੇਬੰਦੀ ਨੂੰ ਸੰਘਰਸ਼ ਲਈ ਕਰ ਰਹੀ ਮਜਬੂਰ ਕਰ ਰਹੀ ਹੈ। ਮੁਲਾਜ਼ਮ ਆਗੂ ਸਤਨਾਮ ਸਿੰਘ ਨੇ ਵੀ ਸਰਕਾਰ ਦੀਆਂ ਇਹਨਾਂ ਨੀਤੀਆਂ ਬਾਰੇ ਖੁੱਲ੍ਹ ਕੇ ਦੱਸਿਆ ਤੇ ਇਨ੍ਹਾਂ ਦਾ ਸਖਤ ਵਿਰੋਧ ਕੀਤਾ।

ਮੁਲਾਜ਼ਮ ਆਗੂਆਂ ਨੇ ਦੱਸਿਆ ਕਿ 15 ਦਸੰਬਰ 2022 ਨੂੰ ਜਿੱਥੇ ਮੌਜੂਦਾ ਸਰਕਾਰ ਚੋਣਾਂ ਸਮੇਂ ਕੀਤੇ ਵਾਅਦਿਆਂ ਤੋਂ ਮੁੱਕਰਦੇ ਹੋਏ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਤੋਂ ਭੱਜ ਰਹੀ ਹੈ, ਉੱਥੇ ਹੀ ਮੁੱਖ ਮੰਤਰੀ ਪੰਜਾਬ ਵੱਲੋਂ ਵਿਧਾਨ ਸਭਾ ਵਿੱਚ ਆਊਟਸੋਰਸ ਖਤਮ ਕਰਨ ਵਾਲੇ ਦਾਅਵਿਆਂ ਦੇ ਉਲਟ ਕਦਮ ਚੁੱਕ ਰਹੀ ਹੈ। ਮੌਜੂਦਾ ਟਰਾਂਸਪੋਰਟ ਮੰਤਰੀ ਤੇ ਟਰਾਂਸਪੋਰਟ ਵਿਭਾਗ ਦੀ ਮੈਨੇਜਮੈਂਟ ਵੱਲੋਂ ਬਿਨਾਂ ਕਿਸੇ ਪ੍ਰਕਿਰਿਆ ਦੇ ਡਰਾਈਵਰ ਨਿਗੂਣੀਆਂ ਤਨਖਾਹਾਂ ਤੇ ਆਊਟਸੋਰਸ ਰਾਹੀਂ ਭਰਤੀ ਕਰਕੇ ਡਿੱਪੂਆਂ ਵਿੱਚ ਧੱਕੇ ਨਾਲ ਜੁਆਇਨ ਕਰਵਾਏ ਜਾ ਰਹੇ ਹਨ। ਇਸ ਨਾਲ ਜਿੱਥੇ ਪੰਜਾਬ ਰੋਡਵੇਜ਼/ਪਨਬਸ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ, ਉਥੇ ਹੀ ਆਮ ਲੋਕ ਜੋ ਰੋਜ਼ਾਨਾ ਪੰਜਾਬ ਰੋਡਵੇਜ਼/ਪਨਬੱਸ ਦੀਆਂ ਬੱਸਾਂ ਵਿੱਚ ਸਫਰ ਕਰਦੇ ਹਨ, ਦੀਆਂ ਕੀਮਤੀ ਜਾਨਾਂ ਵੀ ਖਤਰੇ ਵਿੱਚ ਪਾਈਆਂ ਜਾ ਰਹੀਆਂ ਹਨ। ਸਰਕਾਰ ਦੀਆਂ ਨੀਤਾਂ ਤੇ ਨੀਤੀਆਂ ਦਾ ਤਿੱਖਾ ਵਿਰੋਧ ਕਰਦਿਆਂ ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਪੰਜਾਬ ਦੇ 18 ਡਿੱਪੂ ਤੁਰੰਤ ਪ੍ਰਭਾਵ ਤੋਂ ਬੰਦ ਕਰਕੇ ਹੜਤਾਲ ਦਾ ਐਲਾਨ ਕਰ ਦਿੱਤਾ ਗਿਆ। ਇਸ ਐਕਸ਼ਨ ਦੇ ਨਾਲ ਹੀ ਕੱਲ ਸਵੇਰੇ ਮੁੱਖ ਮੰਤਰੀ ਪੰਜਾਬ ਦੀ ਚੰਡੀਗੜ੍ਹ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਇਸ ਮੌਕੇ ਡਿੱਪੂ ਜਨਰਲ ਸਕੱਤਰ ਗੁਰਪ੍ਰੀਤ ਬੜੈਚ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕੇ ਦੇ ਵਿਰੋਧ ਵਿੱਚ ਪੰਜਾਬ ਰੋਡਵੇਜ਼ ਦੇ ਡਿੱਪੂ ਕੋਈ ਠੋਸ ਫੈਸਲਾ ਹੋਣ ਤੱਕ ਬੰਦ ਰਹਿਣਗੇ। ਇਨ੍ਹਾਂ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਅਸੀਂ ਤਾਂ ਸਰਕਾਰੀ ਟਰਾਂਸਪੋਰਟ ਨੂੰ ਮੁਨਾਫ਼ੇ ਵੱਲ ਲਿਜਾਣ ਲਈ ਕੋਈ ਕਸਰ ਨਹੀਂ ਛੱਡਦੇ, ਪਰ ਸਰਕਾਰ ਦੀਆਂ ਨੀਤੀਆਂ ਹੀ ਕਰੋੜਾਂ ਰੁਪਏ ਦੇ ਘਾਟੇ ਪਾ ਕੇ ਮਹਿਕਮਾ ਬੰਦ ਕਰਨ ਵਾਲੇ ਪਾਸੇ ਵਧ ਰਹੀਆਂ ਹਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਟੋਲ ਪਲਾਜ਼ੇ ਕੀਤੇ ਬੰਦ



ਮੋਗਾ-ਬਾਘਾ ਪੁਰਾਣਾ ਰੋਡ 'ਤੇ ਟੋਲ ਫ੍ਰੀ ਕਰਕੇ ਧਰਨੇ 'ਤੇ ਬੈਠੇ ਕਿਸਾਨ।

**ਮੋਗਾ (ਅਮਰਜੀਤ ਬੱਬਰੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਵਿੱਚ ਚੱਲ ਰਿਹਾ ਪੰਜਾਬ ਪੱਧਰੀ ਪੱਕਾ ਮੋਰਚਾ ਦੇ ਵੀਹਵੇਂ ਦਿਨ ਵਿੱਚ ਪਹੁੰਚਣ 'ਤੇ ਕੀਤੇ ਐਲਾਨ ਮੁਤਾਬਿਕ ਪੰਜਾਬ ਵਿੱਚ ਟੋਲ ਫਰੀ ਕਰ ਦਿੱਤੇ ਗਏ ਹਨ। ਮੋਗਾ ਵਿਚ ਬਾਘਾ ਪੁਰਾਣਾ ਰੋਡ ਤੇ ਚੰਦ ਪੁਰਾਣਾ ਟੋਲ 'ਤੇ ਪਹੁੰਚੇ ਸੂਬਾ ਰਾਣਾ ਰਣਬੀਰ ਸਿੰਘ ਠੱਠਾ ਨੇ ਦੱਸਿਆ ਕਿ ਪਹਿਲੇ ਪੜਾਅ ਵਿਚ ਅੱਜ ਦਸ ਜ਼ਿਲ੍ਹਿਆਂ ਦੇ 18 ਟੋਲ ਪਲਾਜੇ ਬੰਦ ਕਰ ਦਿੱਤੇ ਹਨ ਤੇ ਜਲਦੀ ਹੀ ਬਾਕੀ ਰਹਿੰਦੇ ਟੋਲ ਵੀ ਬੰਦ ਕਰ ਦਿੱਤੇ ਜਾਣਗੇ। ਜਥੇਬੰਦੀ ਵੱਲੋਂ ਟੋਲ ਪਲਾਜੇ ਫਰੀ ਕਰਨ ਦਾ ਐਕਸ਼ਨ ਪਲਾਨ ਪੂਰਾ 15 ਜਨਵਰੀ ਤੱਕ ਦਾ ਹੈ, ਲੋੜ ਪੈਣ 'ਤੇ ਵਧਾਇਆ ਵੀ ਜਾ ਸਕਦਾ ਹੈ ਤੇ ਡੀ ਸੀ ਦਫਤਰਾਂ ਵਿੱਚ ਲੱਗੇ ਧਰਨੇ ਵੀ ਉਸੇ ਤਰ੍ਹਾਂ ਬਰਕਰਾਰ ਰਹਿਣਗੇ। ਸਾਡੀ ਪੰਜਾਬ ਸਰਕਾਰ ਤੋਂ ਮੰਗ ਹੈ ਕੇ ਪੰਜਾਬ 'ਚੋਂ ਸਾਰੇ ਟੋਲ ਪਲਾਜੇ ਪੁੱਟੇ ਜਾਣ, ਕਿਉਂਕਿ ਲੋਕ ਪਹਿਲਾਂ ਹੀ ਰੋਡ ਟੈਕਸ ਦੇ ਰਹੇ ਹਨ ਜਾਂ ਸਾਰੇ ਟੋਲ ਸਰਕਾਰੀ ਕੀਤੇ ਜਾਣ ਤੇ ਸਾਰੇ ਮੁਲਾਜ਼ਮ ਪੱਕੇ ਕਰਕੇ ਪਰਚੀ ਦਾ ਰੇਟ 75 ਫੀਸਦੀ ਘਟਾਇਆ ਜਾਵੇ ਤੇ ਟੋਲਾਂ ਦੇ ਅੰਦੋਲਨ ਦੌਰਾਨ ਬੰਦ ਰਹਿਣ ਤੇ ਸਾਰੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਦਿੱਤੀ ਜਾਵੇ। ਮੁੱਖ ਮੰਤਰੀ ਵੱਲੋਂ 28 ਦਸੰਬਰ ਨੂੰ ਮੀਟਿੰਗ ਕਰਨ ਦਾ ਸੱਦਾ ਦਿੱਤਾ ਗਿਆ ਹੈ, ਜਿਸ 'ਤੇ ਜਥੇਬੰਦੀ ਵਿਚਾਰ ਕਰੇਗੀ। ਗੁਰਦੇਵ ਸਿੰਘ ਸਾਹ ਵਾਲਾ, ਕੁਲਵੰਤ ਸਿੰਘ ਖੋਸਾ ਹਰਬੰਸ ਸਿੰਘ ਤੇ ਸੁਖਦੇਵ ਸਿੰਘ ਤਲਵੰਡੀ ਭੰਗੇਰੀਆਂ ਨੇ ਕਿਹਾ ਕਿ ਜਿੰਨਾ ਜ਼ਿਆਦਾ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਸਰਕਾਰ ਲਮਕਾ ਰਹੀ, ਉਨਾ ਹੀ ਕਿਸਾਨਾਂ ਮਜ਼ਦੂਰਾਂ ਤੇ ਆਮ ਜਨਤਾ ਸਰਕਾਰਾਂ ਖ਼ਿਲਾਫ ਰੋਹ ਪੈਦਾ ਹੋ ਰਿਹਾ ਹੈ। ਸਾਡੀ ਕੇਂਦਰ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਹੈ ਕਿ ਇਹ ਅੰਦੋਲਨ ਏਨਾ ਵੱਡਾ ਹੋ ਜਾਣਾ ਕੇ ਸਰਕਾਰਾਂ ਤੋਂ ਸਾਂਭਿਆ ਨਹੀਂ ਜਾਣਾ। ਕਿਸਾਨ ਆਗੂਆਂ ਮੰਗ ਕੀਤੀ ਹੈ ਕਿ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਤੋਂ ਇਲਾਵਾ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਜੇਲ੍ਹਾਂ 'ਚੋਂ ਰਿਹਾਅ ਕੀਤਾ ਜਾਵੇ ਤੇ 2015 ਵਿਚ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਕਰਕੇ ਅੰਗ ਗਲੀਆਂ ਵਿੱਚ ਖਿਲਾਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਕੋਟਕਪੂਰਾ ਵਿੱਚ ਇਨਸਾਫ ਮੰਗਦੀ ਸੰਗਤ ਤੇ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਵਾਲੇ ਪੁਲਸ ਅਫਸਰਾਂ ਤੇ ਉਸ ਸਮੇਂ ਦੇ ਡੀ.ਜੀ.ਪੀ. ਸੁਮੇਧ ਸੈਣੀ ਤੇ ਸਾਬਕਾ ਪੰਜਾਬ ਦੇ ਗ੍ਰਹਿ ਮੰਤਰੀ ਸੁਖਬੀਰ ਬਾਦਲ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਜਾਵੇ।

ਇਸ ਮੌਕੇ ਸੁਖਮੰਦਰ ਸਿੰਘ ਕਿਸ਼ਨਪੁਰਾ, ਗੁਰਮੇਲ ਸਿੰਘ ਲੋਹਗੜ੍ਹ ਜ਼ਿਲ੍ਹਾ ਪ੍ਰੈੱਸ ਸਕੱਤਰ, ਅਵਤਾਰ ਸਿੰਘ ਜੋਸਨ, ਕੁਲਵਿੰਦਰ ਸਿੰਘ ਫੌਜੀ, ਜਰਨੈਲ ਸਿੰਘ, ਦੇਵ ਮੋਗਾ, ਜਗਜੀਤ ਸਿੰਘ ਖੋਸਾ, ਚਰਨਜੀਤ ਜੋਸਨ, ਰਣਜੀਤ ਸਿੰਘ ਚੀਮਾ, ਵੀਰ ਸਿੰਘ ਖੋਸਾ ਕੋਟਲਾ, ਗੁਰਮੇਜ ਸਿੰਘ ਦਾਨੇ ਵਾਲਾ, ਜਸਬੀਰ ਸਿੰਘ ਕੁਲਵਿੰਦਰ ਸਿੰਘ ਦੌਲੇ ਵਾਲਾ, ਸੂਰਤ ਸਿੰਘ ਮੋਗਾ ਆਦਿ ਹਾਜ਼ਰ ਸਨ।

## ਕਾਤਰਾਂ

### ਜਸਕਰਨ ਸਿੰਘ ਨੇ ਪੰਜਾਬ 'ਵਰਸਿਟੀ ਨਤੀਜਿਆਂ 'ਚ ਮਾਰੀਆਂ ਮੱਲਾਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਯੂਨੀਵਰਸਿਟੀ ਵੱਲੋਂ ਐੱਮ. ਐੱਸ. ਸੀ. (ਕੈਮਿਸਟਰੀ) ਸਮੈਸਟਰ ਦੂਜਾ ਦੇ ਐਲਾਨੇ ਗਏ ਨਤੀਜਿਆਂ ਵਿੱਚ ਮਾਛੀਵਾੜਾ ਦੇ ਨੌਜਵਾਨ ਜਸਕਰਨ ਸਿੰਘ ਨੇ ਮੱਲ੍ਹਾਂ ਮਾਰਦਿਆਂ ਪੰਜਵਾਂ ਸਥਾਨ ਪ੍ਰਾਪਤ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਏ. ਐੱਸ. ਕਾਲਜ ਦਾ ਵਿਦਿਆਰਥੀ ਜਸਕਰਨ ਸਿੰਘ ਪਹਿਲਾਂ ਵੀ ਸਿੱਖਿਆ ਦੇ ਖੇਤਰ ਵਿੱਚ ਚੰਗੀਆਂ ਮੱਲਾਂ ਮਾਰ ਚੁੱਕਾ ਹੈ ਤੇ ਹੁਣ ਉਸ ਨੇ ਪੰਜਾਬ ਯੂਨੀਵਰਸਿਟੀ ਵਿੱਚ ਪੰਜਵਾਂ ਸਥਾਨ ਪ੍ਰਾਪਤ ਕਰ ਇਲਾਕੇ ਦਾ ਨਾਮ ਰੌਸ਼ਨ ਕੀਤਾ। ਵਿਦਿਆਰਥੀ ਜਸਕਰਨ ਸਿੰਘ ਆੜ੍ਹਤੀ ਤੇਜਿੰਦਰਪਾਲ ਸਿੰਘ ਰਹੀਮਾਬਾਦ ਦਾ ਸਪੁੱਤਰ ਤੇ ਏਵੀਆਰ ਸਕੂਲ ਦੇ ਗੁਰਿੰਦਰਪਾਲ ਸਿੰਘ ਦਾ ਭਤੀਜਾ ਹੈ।

### ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਤੇ ਟਰਾਂਸਮਿਸ਼ਨ ਮੰਡਲ ਦੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਕੁਲਭੂਸ਼ਣ, ਪੂਜਾ)**-ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਤੇ ਟਰਾਂਸਮਿਸ਼ਨ ਲਿਮਟਿਡ ਮੰਡਲ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਜੋਗਿੰਦਰ ਸਿੰਘ ਮੱਲਣ ਮੰਡਲ ਪ੍ਰਧਾਨ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਐਗਜ਼ੈਕਟਿਵ ਦੇ ਅਹੁਦੇਦਾਰ ਸ਼ਾਮਲ ਹੋਏ। ਮੀਟਿੰਗ ਵਿੱਚ ਪੈਨਸ਼ਨਰ ਡੇਅ ਮਨਾਉਣ ਦੀਆਂ ਵਿਚਾਰਾਂ ਕੀਤੀਆਂ ਗਈਆਂ। ਇਸ ਵਾਰ ਪੈਨਸ਼ਨ ਡੇਅ 17 ਦਸੰਬਰ ਨੂੰ ਜੰਗ ਭਵਨ ਨਵੀਂ ਦਾਣਾ ਮੰਡੀ ਨੇੜੇ ਮਨਾਇਆ ਜਾ ਰਿਹਾ ਹੈ। ਪੈਨਸ਼ਨ ਡੇਅ 'ਤੇ ਪੰਜਾਬ ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਤੇ ਸਰਕਲ ਪ੍ਰਧਾਨ ਸ਼ੰਕਰ ਦਾਸ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਇਸ ਮੌਕੇ 'ਤੇ ਜੋਗਿੰਦਰ ਸਿੰਘ, ਵਿਜੈ ਕੁਮਾਰ ਸੋਈ, ਜੰਗੀਰ ਸਿੰਘ, ਅਮਰਜੀਤ ਸਿੰਘ, ਭਜਨ ਸਿੰਘ, ਬੂਟਾ ਸਿੰਘ, ਮੇਜਰ ਸਿੰਘ, ਰਾਮ ਸ਼ਰਨ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

### ਸਰਕਾਰੀ ਮਹਿਲਾ ਕਾਲਜ 'ਚ ਜਾਗਰੂਕਤਾ ਪ੍ਰੋਗਰਾਮ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਨਸ਼ਾ ਛੁਡਾਊ ਮੁਹਿੰਮ ਨਾਲ ਸਬੰਧਤ ਪ੍ਰੋਗਰਾਮ ਤੇ ਰਾਜ ਕਾਰਜ ਯੋਜਨਾ ਤਹਿਤ ਸਿਰਸਾ ਦੇ ਸਰਕਾਰੀ ਮਹਿਲਾ ਕਾਲਜ ਵਿੱਚ ਇੱਕ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਲੋਕ ਸੰਪਰਕ ਅਫ਼ਸਰ ਡਾ: ਹਰਵਿੰਦਰ ਸਿੰਘ ਨੇ ਦੱਸਿਆ ਕਿ ਨਸ਼ਾ ਛੁਡਾਊ ਕਮੇਟੀ ਦੇ ਇੰਚਾਰਜ ਪ੍ਰੋ. ਰੀਤੂ ਦੇ ਸਹਿਯੋਗ ਨਾਲ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਿੰਸੀਪਲ ਪ੍ਰੋ. ਰਾਮ ਕੁਮਾਰ ਜਾਂਗੜਾ ਵੱਲੋਂ ਕੀਤੀ ਗਈ।ਪ੍ਰੋ: ਰਿਤੂ ਨੇ ਦੱਸਿਆ ਕਿ ਇਸ ਮੌਕੇ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਵੱਲੋਂ ਨਸ਼ਾ ਮੁਕਤੀ ਸਬੰਧੀ ਜਾਗਰੂਕਤਾ ਸਲੋਗਨ ਤੇ ਪੋਸਟਰ ਬਣਾਏ ਗਏ, ਜੋ ਕਿ ਨਾਮਜ਼ਦ ਮੈਂਬਰਾਂ ਤੇ ਸੀਨੀਅਰ ਵਿਦਿਆਰਥੀਆਂ ਵੱਲੋਂ ਕਾਲਜ ਕੈਂਪਸ ਵਿੱਚ ਵੱਖ-ਵੱਖ ਥਾਵਾਂ 'ਤੇ ਲਾਏ ਗਏ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰਿੰਸੀਪਲ ਪ੍ਰੋ: ਰਾਮ ਕੁਮਾਰ ਜਾਂਗੜਾ ਨੇ ਹਾਜ਼ਰ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾ ਕੇ ਨਸ਼ਾ ਮੁਕਤ ਭਾਰਤ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪ੍ਰੋ. ਮੀਨੂੰ ਗਰਗ ਤੇ ਪ੍ਰੋ. ਗੀਤਿਕਾ ਦੁਆਰਾ ਸਰਗਰਮੀ ਨਾਲ ਯੋਗਦਾਨ ਪਾਇਆ।

# 'ਬਦਲਾਅ ਦਾ ਨਾਅਰਾ' ਲੈ ਕੇ ਆਈ ਸੱਤਾਧਾਰੀ ਪਾਰਟੀ ਹਰ ਪੱਖੋਂ ਫੇਲ੍ਹ : ਰਾਜਾ ਗਿੱਲ



**ਸਮਰਾਲਾ (ਸੁਰਜੀਤ ਸਿੰਘ)**-ਹਲਕਾ ਸਮਰਾਲਾ ਦੀਆਂ ਬੇਹੱਦ ਬੁਰੀ ਹਾਲਤ ਦੀਆਂ ਸੜਕਾਂ ਬਣਵਾਉਣ ਲਈ ਜੁਟੀ ਸੜਕ ਸੁਧਾਰ ਸੰਘਰਸ਼ ਕਮੇਟੀ ਵੱਲੋਂ ਲਗਾਏ ਗਏ ਰੋਸ ਧਰਨੇ ਦੇ ਅੱਜ ਨੌਵੇਂ ਦਿਨ ਕਾਂਗਰਸੀ ਪਾਰਟੀ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਆਪਣੀ ਲੀਡਰਸ਼ਿਪ ਸਮੇਤ ਪੁੱਜੇ। ਇਸ ਮੌਕੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਰਾਜਾ ਗਿੱਲ ਨੇ ਕਿਹਾ ਕਿ ਸੰਘਰਸ਼ ਕਰ ਰਹੀ ਕਮੇਟੀ ਦੇ ਉਹ ਦਿਲੋਂ ਰਿਣੀ ਹਨ, ਜਿਨ੍ਹਾਂ ਵੱਲੋਂ ਇਸ ਗੰਭੀਰ ਮਸਲੇ ਦੇ ਹੱਲ ਲਈ ਰੋਸ ਧਰਨਾ ਤੇ ਭੁੱਖ ਹੜਤਾਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਡੀ ਕਾਂਗਰਸ ਸਰਕਾਰ ਸਮੇਂ ਵੀ ਉਦੋਂ ਦੇ ਵਿਧਾਇਕ ਵੱਲੋਂ ਇਨ੍ਹਾਂ ਸੜਕਾਂ ਦੀ ਕੋਈ ਸਾਰ ਨਹੀਂ ਲਈ ਗਈ, ਪ੍ਰੰਤੂ ਹੁਣ ਬਦਲਾਅ ਦੇ ਰੂਪ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਹਰ ਪੱਖੋਂ ਫੇਲ੍ਹ ਸਾਬਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੀ ਸਮੁੱਚੀ ਲੀਡਰਸ਼ਿਪ ਸੰਘਰਸ਼ੀ ਯੋਧਿਆਂ ਦੇ ਨਾਲ ਡਟ ਕੇ ਹਰ ਮੋੜ 'ਤੇ ਸਾਥ ਨਿਭਾਏਗੀ, ਭਾਵੇਂ ਸੰਘਰਸ਼ ਕਿੰਨਾ ਵੀ ਲੰਬਾ ਕਿਉਂ ਨਾ ਚੱਲੇ। ਉਨ੍ਹਾਂ ਨਾਲ ਆਏ ਕਸਤੂਰੀ ਲਾਲ ਮਿੰਟੂ, ਪਰਮਿੰਦਰ ਤਿਵਾੜੀ, ਕੁਲਵਿੰਦਰ ਸਿੰਘ ਮਾਣੇਵਾਲ, ਨੀਰਜ ਸਿਹਾਲਾ, ਅਮਨ ਰਾਣਵਾਂ, ਨੰਦ ਕਿਸ਼ੋਰ ਵੱਲੋਂ ਵੀ ਸੜਕਾਂ ਦੀ ਮਾੜੀ ਹਾਲਤ ਪ੍ਰਤੀ ਦੁੱਖ ਪ੍ਰਗਟਾਇਆ ਗਿਆ ਤੇ ਇਹ ਮੰਨਿਆ ਕਿ ਸਾਡੀ 2017 ਤੋਂ 2022 ਤੱਕ ਦੀ ਸਰਕਾਰ ਸਮੇਂ ਉਦੋਂ ਦੇ ਹਲਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਦੀਆਂ ਗਲਤ ਨੀਤੀਆਂ ਕਾਰਨ ਵਿਕਾਸ ਕਾਰਜਾਂ 'ਚ ਖੜੋਤ ਆਈ ਸੀ। ਆਗੂਆਂ ਨੇ ਕਿਹਾ ਕਿ ਹੁਣ ਸੱਤਾਧਾਰੀ ਸਰਕਾਰ ਕੋਲੋਂ ਸੜਕਾਂ ਬਣਵਾਏ ਵਗੈਰ ਕਿਸੇ ਵੀ ਹਾਲਤ ਵਿਚ ਇਹ ਰੋਸ ਧਰਨਾ ਤੇ ਭੁੱਖ ਹੜਤਾਲ ਖਤਮ ਨਹੀਂ ਕੀਤੀ ਜਾਵੇਗੀ। ਰੋਸ ਧਰਨੇ ਵਿੱਚ ਅਨਾਜ ਮੰਡੀ ਮਾਛੀਵਾੜਾ ਸਾਹਿਬ ਦੀ ਸਮੂਹ ਅਕਾਊਂਟੈਂਟ ਯੂਨੀਅਨ ਦੇ ਪ੍ਰਧਾਨ ਸੰਜੀਵ ਨਾਗਪਾਲ ਦੀ ਅਗਵਾਈ 'ਚ ਮੁਨੀਮ ਵੱਡੀ ਗਿਣਤੀ ਵਿੱਚ ਪਹੁੰਚੇ, ਜਿਨ੍ਹਾਂ ਵੱਲੋਂ ਸੰਘਰਸ਼ ਕਮੇਟੀ ਦੀ ਹਮਾਇਤ ਕਰਦਿਆਂ ਕਿਹਾ ਗਿਆ ਕਿ ਜਿੰਨੀ ਦੇਰ ਵੀ ਸੰਘਰਸ਼ ਚੱਲੇਗਾ, ਉਹ ਮੋਢੇ ਨਾਲ ਮੋਢਾ ਜੋੜ ਕੇ ਨਾਲ ਖੜਨਗੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਸੁਪਿੰਦਰ ਸਿੰਘ ਦੀ ਅਗਵਾਈ ਵਿੱਚ ਆਗੂ ਪੁੱਜੇ, ਜਿਨ੍ਹਾਂ ਨੇ ਭਰਪੂਰ ਸਮਰਥਨ ਕਰਦਿਆਂ ਭੁੱਖ ਹੜਤਾਲ 'ਤੇ ਨਾਲ ਬੈਠਣ ਦਾ ਤਹੱਈਆ ਕੀਤਾ। ਆਪਣੇ ਸੰਬੋਧਨ ਦੌਰਾਨ ਸੁਪਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਕੋਈ ਵੀ ਹੋਵੇ, ਉਸ ਨੂੰ ਜਗਾਉਣ ਦਾ ਉਪਰਾਲਾ ਕਰਨ ਵਾਲੇ ਜੁਝਾਰੂ ਹਮੇਸ਼ਾ ਮਹਾਨ ਹੁੰਦੇ ਹਨ, ਕਿਉਂਕਿ ਉਹ ਕਿਸੇ ਨਿੱਜੀ ਮੁਫਾਦ ਤੋਂ ਰਹਿਤ ਹੋ ਕੇ ਲੜਾਈ ਲੜਦੇ ਹਨ, ਜਿਸ ਦੀ ਮਿਸਾਲ ਕਿਸਾਨੀ ਸੰਘਰਸ਼ ਦੇ ਸਮੇਂ ਦੇਖਣ ਨੂੰ ਮਿਲੀ ਹੈ। ਰੋਸ ਧਰਨੇ ਨੂੰ ਸਮਰਥਨ ਦੇਣ ਵਾਲੀਆਂ ਇਨ੍ਹਾਂ ਸਾਰੀਆਂ ਸੰਸਥਾਵਾਂ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਸੰਘਰਸ਼ ਦੀ ਅਗਵਾਈ ਕਰਦੇ ਨੌਜਵਾਨ ਅੰਮ੍ਰਿਤਪਾਲ ਸਮਰਾਲਾ ਨੇ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਗੁਰੂ ਨਗਰੀ ਦੀਆਂ ਖਸਤਾ ਹਾਲ ਸੜਕਾਂ ਲਈ ਹਾਅ ਦਾ ਨਾਅਰਾ ਮਾਰਨ ਵਾਲਿਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ।

ਉਨ੍ਹਾ ਦੱਸਿਆ ਕਿ ਅੱਜ ਦੀ ਭੁੱਖ ਹੜਤਾਲ ਵਿੱਚ ਸਰਬਜੀਤ ਸਿੰਘ ਲੌਂਗੀਆ, ਸਤੀਸ਼ ਕੁਮਾਰ ਡੀ ਸੀ ਤੇ ਅਮਰਜੀਤ ਸਿੰਘ ਭੁੱਖ ਹੜਤਾਲ 'ਤੇ ਬੈਠੇ। ਅੱਜ ਦੇ ਰੋਸ ਧਰਨੇ 'ਚ ਆੜ੍ਹਤੀ ਹਰਜਿੰਦਰ ਸਿੰਘ ਖੇੜਾ, ਆੜ੍ਹਤੀ ਅਰਵਿੰਦਰਪਾਲ ਸਿੰਘ ਵਿੱਕੀ, ਜਗਜੀਤ ਸਿੰਘ ਪ੍ਰਿਥੀਪੁਰ, ਕਰਮਜੀਤ ਸਿੰਘ ਪਟਿਆਲਾ, ਸੁਖਦੀਪ ਸਿੰਘ ਸੋਨੀ ਸਰਪੰਚ, ਵਿਜੈ ਰਾਣਾ, ਰਾਣਾ ਮੁਕੇਸ਼ ਕੁਮਾਰ, ਕੁਲਵੰਤ ਕੌਰ ਨੀਲੋਂ, ਰੇਣੂੰ ਬੈਂਸ, ਸਾਧਵੀ ਰਾਣੀ, ਹਰਬਖਸ਼ ਕੌਰ, ਹਰਜਿੰਦਰ ਕੌਰ, ਹਰਮਿੰਦਰ ਸਿੰਘ ਗਿੱਲ, ਡਾ. ਅਮਰਜੀਤ ਸਿੰਘ, ਸੁਖਜਿੰਦਰ ਸਿੰਘ ਮਾਨ, ਬਲਬੀਰ ਸਿੰਘ ਢਿੱਲੋਂ, ਅਸ਼ੋਕ ਕੁਮਾਰ ਧੀਰ, ਹਰਦੀਪ ਸਿੰਘ, ਮਲਕੀਤ ਸਿੰਘ ਘੁਲਾਲ, ਹਰਵੀਰ ਸਿੰਘ ਰਾਣਵਾਂ, ਮੁਕੰਦ ਸਿੰਘ ਰਾਣਵਾਂ, ਹਰਮਨ ਹਿਯਾਤਪੁਰ, ਗੁਰਸ਼ਰਨ ਸਿੰਘ ਭੱਟੀਆਂ, ਮਨਪ੍ਰੀਤ ਸਿੰਘ ਤੱਖਰ, ਗੁਰਮੁੱਖ ਸਿੰਘ ਭੱਟੀਆਂ ਆਦਿ ਹਾਜ਼ਰ ਸਨ।

# ਪਰਾਲੀ ਤੋਂ ਗਿੱਟੀਆਂ ਬਣਾਉਣ ਦੀਆਂ ਉਦਯੋਗਿਕ ਇਕਾਈਆਂ ਸਥਾਪਤ ਕਰਨ ਵਾਲੇ ਨਿਵੇਸ਼ਕਾਂ ਨੂੰ ਸਰਕਾਰ ਦੇਵੇਗੀ ਵਿੱਤੀ ਸਹਾਇਤਾ

**■ ਇੱਟਾਂ ਦੇ ਭੱਠਿਆਂ ਲਈ ਬਾਲਣ ਵਾਸਤੇ ਪਰਾਲੀ ਨੂੰ 20 ਫੀਸਦੀ ਵਰਤਣ ਲਈ ਕੀਤਾ ਲਾਜ਼ਮੀ ਕਰਾਰ : ਡੀ ਸੀ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਕੁਲਭੂਸ਼ਣ, ਪੂਜਾ)**-ਝੋਨੇ ਦੀ ਪਰਾਲੀ ਦੇ ਪ੍ਰਬੰਧਨ ਵਿੱਚ ਨਿਰੰਤਰ ਉਪਰਾਲੇ ਕਰ ਰਹੀ ਸੂਬਾ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਸੂਬੇ ਭਰ ਵਿੱਚ ਇੱਟਾਂ ਦੇ ਭੱਠੇ ਵਾਲਿਆਂ ਲਈ ਬਾਲਣ ਵਾਸਤੇ ਪਰਾਲੀ ਨੂੰ 20 ਫੀਸਦੀ ਬਾਲਣ ਵਜੋਂ ਵਰਤਣ ਲਈ ਲਾਜ਼ਮੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਸੂਬਾ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਕਿ ਇੱਟਾਂ ਦੇ ਭੱਠੇ ਵਾਲੇ ਪਰਾਲੀ ਦੀਆਂ ਗਿੱਟੀਆਂ ਨੂੰ 20 ਫੀਸਦੀ ਬਾਲਣ ਵਜੋਂ ਲਾਜ਼ਮੀ ਇਸਤੇਮਾਲ ਕਰਨ। ਇਹ ਜਾਣਕਾਰੀ ਵਿਨੀਤ ਕੁਮਾਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਪਰਾਲੀ ਪ੍ਰਬੰਧਨ ਵਿੱਚ ਮੱਦਦ ਕਰਨ ਤੇ ਪਰਾਲੀ ਨੂੰ ਸਾੜਨ ਨਾਲ ਹੁੰਦੇ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣ ਲਈ ਇਨ ਸੀਟੂ ਤੇ ਐਕਸ ਸੀਟੂ ਕੰਮ ਕੀਤੇ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਪ੍ਰਭਾਵਸ਼ਾਲੀ ਕੰਮ ਰਹੀ ਹੈ। ਜਿੱਥੇ ਕਿਸਾਨਾਂ ਨੂੰ ਅਤਿ ਆਧੁਨਿਕ ਵਾਤਾਵਰਨ ਪੱਖੀ ਖੇਤੀਬਾੜੀ ਸੰਦ ਭਾਰੀ ਸਬਸਿਡੀ ਉੱਪਰ ਮੁਹੱਈਆ ਕਰਵਾਏ ਜਾ ਰਹੇ ਹਨ, ਉੱਥੇ ਹੀ ਹੁਣ ਸਰਕਾਰ ਵੱਲੋਂ ਪਰਾਲੀ ਤੋਂ ਗਿੱਟੀਆਂ ਬਣਾਉਣ ਦੀਆਂ ਉਦਯੋਗਿਕ ਇਕਾਈਆਂ ਸਥਾਪਤ ਕਰਨ ਲਈ ਵੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਨ੍ਹਾਂ ਸੁਵਿਧਾਵਾਂ ਦਾ ਮੁੱਖ ਮਨੋਰਥ ਪਰਾਲੀ ਨੂੰ ਸੜਨ ਤੋਂ ਬਚਾ ਕੇ ਇਸ ਨੂੰ ਕਮਾਈ ਦਾ ਸਾਧਨ ਬਣਾਉਣਾ ਹੈ ਤੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਰੋਕਣਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਪੰਜਾਬ ਰਾਜ ਵਿਗਿਆਨ ਤੇ ਤਕਨਾਲੋਜੀ ਅਤੇ ਵਾਤਾਵਰਨ ਵਿਭਾਗ ਵੱਲੋਂ ਇਹ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ/ਰਾਜ ਸਰਕਾਰ ਦੁਆਰਾ ਬਣਾਈਆਂ ਗਈਆਂ ਨੀਤੀਆਂ ਦੇ ਅਨੁਸਾਰ ਪੰਜਾਬ ਵਿੱਚ ਪਰਾਲੀ ਦੀਆਂ ਗਿੱਟੀਆਂ ਦੀ ਸਾਲਾਨਾ ਮੰਗ 10 ਲੱਖ ਟਨ ਅਨੁਮਾਨੀ ਗਈ ਹੈ। ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਝੋਨੇ ਦੀ ਪਰਾਲੀ ਲਈ 50 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਵਿੱਚ ਨਾਨ ਟੌਰੀਫਾਈਡ ਗਿੱਟੀਆਂ ਦੀ ਉਦਯੋਗਿਕ ਇਕਾਈ ਲਈ 1 ਟੀ.ਪੀ.ਐੱਚ. ਪਲਾਂਟ ਲਈ 14 ਲੱਖ ਰੁਪਏ ਤੇ 5 ਟੀ.ਪੀ.ਐੱਚ. ਪਲਾਂਟ ਲਈ 70 ਲੱਖ ਰੁਪਏ ਤੱਕ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਟੌਰੀਫਾਈਡ ਗਿੱਟੀਆਂ ਦੀ ਉਦਯੋਗਿਕ ਇਕਾਈ ਵਿੱਚ 1 ਟੀ.ਪੀ.ਐਚ. ਪਲਾਂਟ ਲਈ 28 ਲੱਖ ਰੁਪਏ ਤੇ 5 ਟੀ.ਪੀ.ਐੱਚ. ਪਲਾਂਟ ਲਈ 140 ਲੱਖ ਰੁਪਏ ਤੱਕ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਦਫ਼ਤਰੀ ਸਮੇਂ ਦੌਰਾਨ ਪ੍ਰਮੁੱਖ ਵਿਗਿਆਨ ਅਫ਼ਸਰ ਇੰਜ. ਮਗਨਬੀਰ ਸਿੰਘ ਦੇ ਮੋਬਾਇਲ ਨੰ. 9888331415 ਜਾਂ 0172-2792325 ਐਕਸਟੈਂਸ਼ਨ ਨੰ. 134 ਤੇ ਸੰਪਰਕ ਕੀਤਾ ਜਾ ਸਕਦਾ ਹੈ।

## 'ਆਪ' ਸਰਕਾਰ ਨੰਬਰਦਾਰਾਂ ਨਾਲ ਕੀਤੇ ਵਾਅਦੇ ਪੂਰੇ ਕਰੇ : ਆਲਮਪੁਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਨੰਬਰਦਾਰ ਯੂਨੀਅਨ 643 ਤਹਿ. ਸਮਾਣਾ ਤੇ ਤਹਿ. ਪਟਿਆਲਾ ਦੇ ਪੰਜਾਬ ਕਮੇਟੀ ਮੈਂਬਰ ਜ਼ਿਲ੍ਹਾ ਪਟਿਆਲਾ ਦੇ ਕਾਰਜਕਾਰੀ ਪ੍ਰਧਾਨ ਤਹਿਸੀਲ ਸਮਾਣਾ ਦੇ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ (ਗੁੱਜਰ) ਦੋਵਾਂ ਤਹਿਸੀਲਾਂ ਦੇ ਨੰਬਰਦਾਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜੋ ਪੰਜਾਬ ਸਰਕਾਰ ਨੇ ਜੋ ਵਾਅਦੇ ਕੀਤੇ ਸੀ, ਉਹ ਨੰਬਰਦਾਰਾਂ ਦੇ ਵਾਅਦੇ ਪੂਰੇ ਕੀਤੇ ਜਾਣ। ਵੋਟਾਂ ਤੋਂ ਪਹਿਲਾਂ ਸੀ.ਐੱਮ. ਭਗਵੰਤ ਮਾਨ ਨੂੰ ਮੰਗ ਪੱਤਰ ਦਿੱਤਾ ਸੀ, ਜਿਸ ਵਿੱਚ ਕੇਜਰੀਵਾਲ ਤੇ ਭਗਵੰਤ ਮਾਨ ਨੇ ਗਰੰਟੀ ਦਿੱਤੀ ਸੀ ਕਿ ਅਸੀਂ ਸਰਕਾਰ ਚੁਣਨ ਨਾਲ ਹੀ ਨੰਬਰਦਾਰਾਂ ਦੇ ਵਾਅਦੇ ਪੂਰੇ ਕਰਾਂਗੇ, ਜਿਨ੍ਹਾਂ ਵਿੱਚ ਪਹਿਲਾਂ ਵਾਅਦਾ ਨੰਬਰਦਾਰਾਂ ਦੀ ਜੱਦੀ ਪੁਸ਼ਤੀ ਕਰਨਾ ਕਿ ਨੰਬਰਦਾਰ ਦੇ ਲੜਕੇ ਨੂੰ ਹੀ ਨੰਬਰਦਾਰੀ ਦਿੱਤੀ ਜਾਵੇ ਤੇ ਨੰਬਰਦਾਰਾਂ ਦਾ ਮਾਣ ਭੱਤਾ 1500 ਤੋਂ 5100 ਰੁਪਏ ਕਰਾਂਗੇ ਤੇ ਤੀਜਾ ਨੰਬਰਦਾਰਾਂ ਦਾ ਬੱਸ ਸਫਰ ਤੇ ਟੋਲ ਪਲਾਜਾ ਫਰੀ ਕਰਾਂਗੇ ਤੇ ਹੋਰ ਮੰਗਾਂ ਕੁਝ ਸਮੇਂ ਬਾਅਦ ਮਨਜ਼ੂਰ ਕਰਾਂਗੇ। ਜਿਵੇਂ ਕਿ ਅੱਜ ਤੱਕ ਸਰਕਾਰ ਨੇ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ, ਜਿਹੜਾ ਕਿ ਨੰਬਰਦਾਰਾਂ ਦੀਆਂ ਮੀਟਿੰਗਾਂ ਖਜ਼ਾਨਾ ਮੰਤਰੀ ਮਾਲ ਮੰਤਰੀ ਤੇ ਸੀ ਐੱਮ ਨਾਲ ਤੇ ਡਿਪਟੀ ਸਪੀਕਰ ਤੇ ਹੋਰ ਬਹੁਤ ਸਾਰੇ ਮੰਤਰੀਆਂ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਬਿਨਾਂ ਕੁਝ ਕਰੇ ਹੀ ਸਾਰ ਦਿੱਤਾ। ਇਸ ਸਮੇਂ ਤਹਿ. ਪ੍ਰਧਾਨ ਪਟਿਆਲਾ ਗੁਰਦਾਸ ਸਿੰਘ ਪਹਾੜਪੁਰ, ਜਰਨਲ ਸਕੱਤਰ ਜਾਫਰਪੁਰ ਤੇ ਸਮਾਣਾ ਤਹਿ. ਤੇ ਪਟਿਆਲਾ ਦੇ ਨੰਬਰਦਾਰ ਸ਼ਾਮਲ ਸਨ।

# ਸਲਾਈਟ ਨੂੰ ਇੰਸਟੀਚਿਊਟ ਆਫ ਇੰਜੀਨੀਅਰਜ਼ ਵੱਲੋਂ ਪ੍ਰਸ਼ੰਸਾ ਪੱਤਰ ਪ੍ਰਦਾਨ




**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**

ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ ਨੂੰ ਇੰਸਟੀਚਿਊਟ ਆਫ ਇੰਜੀਨੀਅਰਜ (ਇੰਡੀਆ) ਵੱਲੋਂ ਰਾਸ਼ਟਰੀ ਪੱਧਰ ਦਾ ਵੱਕਾਰੀ ਐਜੂਕੇਸ਼ਨ ਐਕਸੀਲੈਂਸ ਐਵਾਰਡ 2022 ਲਈ 'ਪ੍ਰਸ਼ੰਸਾ ਪੱਤਰ' ਨਾਲ ਸਨਮਾਨਤ ਕੀਤਾ ਗਿਆ। ਇਹ ਪੁਰਸਕਾਰ ਇੰਸਟੀਚਿਊਟ ਆਫ ਇੰਜੀਨੀਅਰਜ਼ (ਇੰਡੀਆ) ਦੁਆਰਾ 16 ਦਸੰਬਰ 2022 ਨੂੰ ਚੇਨਈ ਵਿਖੇ 37ਵੀਂ ਇੰਡੀਅਨ ਇੰਜੀਨੀਅਰਿੰਗ ਕਾਂਗਰਸ ਸਮਾਰੋਹ ਦੌਰਾਨ ਦਿੱਤਾ ਗਿਆ। ਇੰਸਟੀਚਿਊਟ ਆਫ ਇੰਜੀਨੀਅਰਜ (ਇੰਡੀਆ) ਭਾਰਤ ਵਿੱਚ ਸਭ ਤੋਂ ਵੱਡੀ ਬਹੁ-ਅਨੁਸ਼ਾਸਨੀ ਪੇਸ਼ੇਵਰ ਸੰਸਥਾ ਹੈ, ਜੋ ਇੰਜੀਨੀਅਰਾਂ ਦੇ ਪੇਸ਼ੇਵਰ ਹਿੱਤਾਂ ਨੂੰ ਸਾਂਝਾ ਕਰਨ ਲਈ ਇੱਕ ਗਲੋਬਲ ਪਲੇਟਫਾਰਮ ਪ੍ਰਦਾਨ ਕਰਦੀ ਹੈ। "ਇੱਕ ਟਿਕਾਊ ਤੇ ਸਵੈ-ਨਿਰਭਰ ਭਾਰਤ ਬਣਾਉਣ ਲਈ ਇੰਜੀਨੀਅਰਾਂ ਦੀ ਭੂਮਿਕ" ਇਸ ਸਾਲ ਦੀ ਕਾਂਗਰਸ ਦਾ ਵਿਸ਼ਾ ਸੀ। ਸੰਨ 2021 ਵਿੱਚ ਸਾਰੇ ਬੀ ਈ ਪ੍ਰੋਗਰਾਮਾਂ ਦੀ ਐੱਨ ਬੀ ਏ ਮਾਨਤਾ ਪ੍ਰਾਪਤ ਕਰਨ ਤੋਂ ਬਾਅਦ ਹੁਣ ਉੱਤਰੀ ਖੇਤਰ ਵਿੱਚ ਉੱਤਮ ਸੰਸਥਾ ਐਵਾਰਡ (ਇੰਜੀਨੀਅਰਿੰਗ ਕਾਲਜ ਸ਼੍ਰੇਣੀ) ਨਾਲ ਸਲਾਈਟ ਨੇ ਇੱਕ ਹੋਰ ਨਵੀਂ ਪੁਲਾਂਘ ਵੱਲ ਕਦਮ ਵਧਾਇਆ ਹੈ। ਸਲਾਈਟ ਨੂੰ ਇੰਜੀਨੀਅਰਿੰਗ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਦਰਸ਼ਨ ਕਰਨ ਲਈ ਇਹ ਰਾਸ਼ਟਰੀ ਪੱਧਰ ਦੀ ਮਾਨਤਾ ਪ੍ਰਾਪਤ ਹੋਈ।

ਪ੍ਰੋ: ਸੈਲੇਂਦਰ ਕੁਮਾਰ ਜੈਨ ਡਾਇਰੈਕਟਰ ਸਲਾਈਟ ਤੇ ਪ੍ਰੋ. ਜੇ. ਐੱਸ. ਉੱਭੀ ਐਸੋਸੀਏਟ ਡੀਨ (ਅਕਾਦਮਿਕ ਯੋਜਨਾ) ਨੇ ਸਮਾਰੋਹ ਵਿੱਚ ਸ਼ਿਰਕਤ ਕੀਤੀ ਤੇ ਮਾਣਯੋਗ ਡਾ. ਕੇ. ਪੋਨਮੂਡੀ ਉਚੇਰੀ ਸਿੱਖਿਆ ਮੰਤਰੀ ਤਾਮਿਲਨਾਡੂ ਸਰਕਾਰ ਤੇ ਪਦਮਭੂਸ਼ਣ ਡਾ. ਏ ਸਿਵਥਾਨੁ ਪਿੱਲੈ ਸਾਬਕਾ ਪ੍ਰਤਿਸ਼ਠਾਵਾਨ ਪ੍ਰੋਫੈਸਰ ਇਸਰੋ ਤੋਂ ਸਨਮਾਨ ਪ੍ਰਾਪਤ ਕੀਤਾ।

ਪੁਰਸਕਾਰ ਪ੍ਰਾਪਤ ਕਰਦੇ ਹੋਏ ਪ੍ਰੋ: ਜੈਨ ਨੇ ਕਿਹਾ, "ਆਈ.ਈ.ਆਈ. ਤੋਂ ਇਹ ਵੱਕਾਰੀ ਰਾਸ਼ਟਰੀ ਪੁਰਸਕਾਰ ਪ੍ਰਾਪਤ ਕਰਨਾ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾ ਇਹ ਪੁਰਸਕਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਸ਼ਰਧਾਂਜਲੀ ਵਜੋਂ ਸਮਰਪਤ ਕੀਤਾ, ਜਿਨ੍ਹਾਂ ਨੇ ਮਾਲਵਾ ਖੇਤਰ ਪੰਜਾਬ ਵਿੱਚ ਇਸ ਸੰਸਥਾ ਦੀ ਸਥਾਪਨਾ ਦਾ ਸੁਪਨਾ ਦੇਖਿਆ ਸੀ। ਉਨ੍ਹਾ ਇਸ ਪ੍ਰਾਪਤੀ ਲਈ ਸਾਰੇ ਸਲਾਈਟ ਫੈਕਲਟੀ, ਸਟਾਫ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਚਨਬੱਧ ਯਤਨਾਂ ਲਈ ਵਧਾਈ ਦਿੱਤੀ ਤੇ ਸੰਸਥਾ ਨੂੰ ਹਰ ਤਰ੍ਹਾਂ ਦੇ ਸਹਿਯੋਗ ਲਈ ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਦਾ ਧੰਨਵਾਦ ਕੀਤਾ।

# ਸ਼ਰਨਦੀਪ ਸਿੰਘ ਨੇ ਵਰਲਡ ਯੂਨੀਵਰਸਿਟੀ ਦਾ ਨਾਂਅ ਕੀਤਾ ਰੌਸ਼ਨ

**■ ਗਣਤੰਤਰ ਦਿਵਸ ਕੈਂਪ ਲਈ ਹੋਈ ਚੋਣ**




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਫੂਡ ਪ੍ਰੋਸੈਸਿੰਗ ਟੈਕਨਾਲੋਜੀ ਦੇ ਵਿਦਿਆਰਥੀ ਸ਼ਰਨਦੀਪ ਸਿੰਘ ਨੂੰ 1 ਜਨਵਰੀ 2022 ਤੋਂ ਨਵੀਂ ਦਿੱਲੀ ਵਿਖੇ ਲੱਗਣ ਵਾਲੇ ਗਣਤੰਤਰ ਦਿਵਸ ਕੈਂਪ ਲਈ ਚੁਣਿਆ ਗਿਆ ਹੈ। ਯੂਨੀਵਰਸਿਟੀ ਦੇ ਐੱਨ.ਐੱਸ.ਐੱਸ. ਵਿੰਗ ਦੇ ਵਾਲੰਟੀਅਰ ਸ਼ਰਨਦੀਪ ਸਿੰਘ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨਗੇ। ਡਾ: ਹਰਨੀਤ ਬਿਲਿੰਗ ਪ੍ਰੋਗਰਾਮ ਕੋਆਰਡੀਨੇਟਰ (ਐੱਨ ਐੱਸ ਐੱਸ) ਨੇ ਕਿਹਾ ਕਿ ਸ਼ਰਨਦੀਪ ਸਿੰਘ ਇੱਕ ਬਹੁਤ ਹੀ ਸੁਹਿਰਦ ਤੇ ਸਮਰਪਤ ਐੱਨ ਐੱਸ ਐੱਸ ਵਾਲੰਟੀਅਰ ਹੈ, ਜੋ ਯੂਨਿਟ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਸਰਗਰਮ ਹਿੱਸਾ ਲੈਂਦਾ ਹੈ ਤੇ ਵਿਸ਼ੇਸ਼ ਐੱਨ ਐੱਸ ਐੱਸ ਕੈਂਪ ਵਿੱਚ ਸ਼ਾਮਲ ਹੋਇਆ ਹੈ। ਉਨ੍ਹਾ ਕਿਹਾ ਕਿ ਸ਼ਰਨਦੀਪ ਅਸਾਧਾਰਣ ਲੀਡਰਸ਼ਿਪ ਗੁਣਾਂ ਦਾ ਪ੍ਰਦਰਸ਼ਨ ਕਰਦਾ ਹੈ ਤੇ ਉਸ ਦੀ ਚੋਣ ਯੂਨੀਵਰਸਿਟੀ ਦੇ ਸਾਰੇ ਐੱਨ ਐੱਸ ਐੱਸ ਵਲੰਟੀਅਰਾਂ ਲਈ ਪ੍ਰੇਰਣਾ ਸਰੋਤ ਹੋਵੇਗੀ। ਡੀਨ ਅਕਾਦਮਿਕ ਮਾਮਲੇ ਡਾ: ਸੁਖਵਿੰਦਰ ਸਿੰਘ ਬਿਲਿੰਗ ਨੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਸ਼ਰਨਦੀਪ ਤੋਂ ਪ੍ਰੇਰਣਾ ਲੈ ਕੇ ਸਮਾਜ ਦੀ ਉੱਨਤੀ ਲਈ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ 25 ਤੋਂ 28 ਦਸੰਬਰ 2022 ਤੱਕ ਫਤਹਿਗੜ੍ਹ ਸਾਹਿਬ ਵਿਖੇ ਹੋਣ ਵਾਲੀ ਸ਼ਹੀਦੀ ਸਭਾ ਦੌਰਾਨ ਯੂਨੀਵਰਸਿਟੀ ਦੇ ਐੱਨ ਐੱਸ ਐੱਸ ਵਲੰਟੀਅਰ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਕਰਨਗੇ। ਯੂਨੀਵਰਸਿਟੀ ਦੇ ਐੱਨ.ਐੱਸ.ਐੱਸ. ਯੂਨਿਟ ਵੱਲੋਂ ਇਸ ਦੌਰਾਨ ਤਿੰਨ ਦਿਨਾ ਵਿਸ਼ੇਸ਼ ਕੈਂਪ ਲਾਇਆ ਜਾ ਰਿਹਾ ਹੈ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪ੍ਰਿਤਪਾਲ ਸਿੰਘ ਨੇ ਵਲੰਟੀਅਰ ਦੀ ਸਫਲਤਾ ਲਈ ਐੱਨ ਐੱਸ ਐੱਸ ਵਿਭਾਗ ਨੂੰ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਯੂਨੀਵਰਸਿਟੀ ਨੂੰ ਸ਼ਰਨਦੀਪ 'ਤੇ ਮਾਣ ਹੈ ਤੇ ਯੂਨੀਵਰਸਿਟੀ ਉਸ ਦੇ ਭਵਿੱਖ ਦੇ ਯਤਨਾਂ ਲਈ ਵੀ ਹਰ ਸਹਾਇਤਾ ਪ੍ਰਦਾਨ ਕਰੇਗੀ।

# 40 ਮੁਕਤਿਆਂ ਦੀ ਪਵਿੱਤਰ ਧਰਤੀ ਨੂੰ ਤਖਤਾਂ ਨਾਲ ਜੋੜਨ ਵਾਸਤੇ ਵੋਲਵੋ ਬੱਸ ਸਰਵਿਸ ਸ਼ੁਰੂ ਕਰਨ ਲਈ ਟਰਾਂਸਪੋਰਟ ਮੰਤਰੀ ਨੂੰ ਦਿੱਤਾ ਮੰਗ ਪੱਤਰ



ਲਾਲਜੀਤ ਸਿੰਘ ਭੁੱਲਰ ਨੂੰ ਮੰਗ ਪੱਤਰ ਸੌਂਪਦੇ ਸੁਖਜਿੰਦਰ ਸਿੰਘ ਕਾਉਣੀ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਕੁਲਭੂਸ਼ਣ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੋਲਵੋ ਏ.ਸੀ. ਬੱਸ ਸਰਵਿਸ ਚਲਾਉਣ ਸਬੰਧੀ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਸੰਬੰਧੀ ਸੁਖਜਿੰਦਰ ਸਿੰਘ ਕਾਉਣੀ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੋਲਵੋ ਏ.ਸੀ. ਬੱਸ ਸਰਵਿਸ ਚਲਾਉਣ ਸਬੰਧੀ ਮੰਗ ਪੱਤਰ ਲਾਲਜੀਤ ਸਿੰਘ ਟਰਾਂਸਪੋਰਟ ਮੰਤਰੀ ਪੰਜਾਬ ਨੂੰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਫਾਸਲਾ 190 ਕਿਲੋਮੀਟਰ ਤੇ ਸ੍ਰੀ ਆਨੰਦਪੁਰ ਸਾਹਿਬ ਦਾ ਫਾਸਲਾ 270 ਕਿਲੋਮੀਟਰ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਵੇਂ ਧਾਰਮਿਕ ਅਸਥਾਨਾਂ ਦਰਮਿਆਨ ਕੋਈ ਵੀ ਸਰਕਾਰੀ ਏ. ਸੀ. ਬੱਸ ਦੀ ਸੁਵਿਧਾ ਉਪਲਬਧ ਨਾ ਹੋਣ ਕਾਰਨ ਯਾਤਰੀਆਂ ਨੂੰ ਇਨ੍ਹਾਂ ਧਾਰਮਿਕ ਅਸਥਾਨਾਂ 'ਤੇ ਦਰਸ਼ਨ ਕਰਨ ਲਈ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਯਾਤਰੀਆਂ ਦੀ ਸਹੂਲਤ ਲਈ ਸ੍ਰੀ ਮੁਕਤਸਰ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੋਲਵੋ ਏ.ਸੀ. ਬੱਸਾਂ ਚਲਾਈਆਂ ਜਾਣ ਤਾਂ ਜੋ ਸ਼ਰਧਾਲੂ ਇਨ੍ਹਾਂ ਅਸਥਾਨਾਂ ਦੀ ਯਾਤਰਾ ਕਰ ਸਕਣ। ਇਸ ਸਮੇਂ ਗੁਰਦਿੱਤ ਸਿੰਘ ਸੇਖੋਂ ਐੱਮ ਐੱਲ ਏ ਫਰੀਦਕੋਟ, ਜਗਮੋਹਨ ਸਿੰਘ ਸੁਖਣਾ, ਰਾਜਾ ਖੋਸਾ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਅਣਗਹਿਲੀ ਕਰਨ ਵਾਲੇ ਡਾਕਟਰਾਂ ਖਿਲਾਫ਼ ਜਲਦ ਕਾਰਵਾਈ ਨਾ ਕੀਤੀ ਤਾਂ ਅੰਦੋਲਨ ਨੂੰ ਤਿੱਖਾ ਕਰਾਂਗੇ : ਸਮਾਓਂ

**■ ਸਿਵਲ ਹਸਪਤਾਲ ਤੋਂ ਮਾਨਸਾ ਠੀਕਰੀਵਾਲਾ ਚੌਕ ਤੱਕ ਜਨਤਕ ਜਥੇਬੰਦੀਆਂ ਵੱਲੋਂ ਰੋਸ ਮਾਰਚ**

**■ ਐੱਸ ਐੱਸ ਪੀ ਮਾਨਸਾ ਨੂੰ ਮੰਗ ਪੱਤਰ ਸੌਂਪ ਕੇ ਤਿੱਖੇ ਸੰਘਰਸ਼ ਦੀ ਦਿੱਤੀ ਚਿਤਾਵਨੀ**




**ਮਾਨਸਾ (ਆਤਮਾ ਸਿੰਘ ਪਮਾਰ, ਬਿੰਦਰ ਗੀਤਵਾਲ)**

ਸਿਵਲ ਹਸਪਤਾਲ ਮਾਨਸਾ ਦੇ ਡਾਕਟਰਾਂ ਤੇ ਸਟਾਫ ਦੀ ਅਣਗਹਿਲੀ ਕਾਰਨ ਪਿੰਡ ਅਤਲਾ ਕਲਾਂ ਦੀ ਦਲਿਤ ਔਰਤ ਸਪਨਾ ਕੌਰ ਤੇ ਉਸ ਦੇ ਬੱਚੇ ਦੀ ਮੌਤ ਦੇ ਚਾਰ ਦਿਨਾਂ ਬਾਅਦ ਵੀ ਦੋਸ਼ੀ ਡਾਕਟਰਾਂ ਖਿਲਾਫ ਅਜੇ ਤੱਕ ਪੁਲਸ ਪ੍ਰਸ਼ਾਸਨ ਤੇ ਸਿਹਤ ਵਿਭਾਗ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਅਤੇ ਇਸਨਾਫ ਲਈ ਧਰਨੇ 'ਤੇ ਬੈਠੇ ਪੀੜਤ ਪਰਿਵਾਰ ਨਾਲ ਕੋਈ ਵੀ ਅਧਿਕਾਰੀ ਗੱਲ ਕਰਨ ਤੱਕ ਨਹੀਂ ਆਇਆ, ਜਿਸ ਦੇ ਰੋਸ ਵਜੋਂ ਅੱਜ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਬਣੀ ਐਕਸ਼ਨ ਕਮੇਟੀ ਵੱਲੋਂ ਸਿਵਲ ਹਸਪਤਾਲ ਮਾਨਸਾ ਵਿਖੇ ਇਕੱਠ ਕਰਕੇ ਸ਼ਹਿਰ ਵਿੱਚ ਰੋਸ ਮਾਰਚ ਕਰਦੇ ਹੋਏ ਬੱਸ ਸਟੈਂਡ ਚੌਕ ਵਿਖੇ ਪਹੁੰਚ ਕੇ ਐੱਸ ਐੱਸ ਪੀ ਮਾਨਸਾ ਨੂੰ ਮੰਗ ਪੱਤਰ ਦਿੱਤਾ, ਜਿਸ ਨੂੰ ਪ੍ਰਾਪਤ ਕਰਨ ਲਈ ਡੀ ਐੱਸ ਪੀ ਸੰਜੀਵ ਗੋਇਲ ਨੇ ਇਕੱਠ ਵਿੱਚ ਆ ਕੇ ਮੰਗ ਪੱਤਰ ਪ੍ਰਾਪਤ ਕੀਤਾ। ਇਸ ਸਮੇਂ ਰੋਸ ਮਾਰਚ ਤੇ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੂਬਾ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ, ਲਿਬਰੇਸ਼ਨ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਸੁਰਿੰਦਰਪਾਲ ਸ਼ਰਮਾ, ਜਮੂਹਰੀ ਕਿਸਾਨ ਸਭਾ ਦੇ ਸੂਬਾ ਆਗੂ ਮੇਜਰ ਸਿੰਘ ਦੂਲੋਵਾਲ, ਬੀਕੇਯੂ ਉਗਰਾਹਾਂ ਦੇ ਭੋਲਾ ਸਿੰਘ ਅਤਲਾ, ਪ੍ਰਗਤੀਸ਼ੀਲ ਇਸਤਰੀ ਸਭਾ ਦੀ ਕੇਂਦਰੀ ਆਗੂ ਕਾਮਰੇਡ ਜਸਵੀਰ ਕੌਰ ਨੱਤ, ਬੀਕੇਯੂ ਮਾਨਸਾ ਦੇ ਮੱਘਰ ਸਿੰਘ, ਖੇਤੀਬਾੜੀ ਵਿਕਾਸ ਮੰਚ ਜੁਗਰਾਜ ਸਿੰਘ ਰੱਲਾ ਨੇ ਕਿਹਾ ਕਿ ਹਸਪਤਾਲ ਦੇ ਅੰਦਰ ਡਿਊਟੀ ਕਰ ਰਹੇ ਡਾਕਟਰਾਂ ਤੇ ਮੁਲਾਜ਼ਮਾਂ ਦੀ ਅਣਗਹਿਲੀ ਕਾਰਨ ਦਲਿਤ ਔਰਤ ਤੇ ਉਸ ਦੇ ਬੱਚੇ ਦੀ ਮੌਤ ਦੇ ਚਾਰ ਦਿਨਾਂ ਬਾਅਦ ਵੀ ਦੋਸ਼ੀਆਂ 'ਤੇ ਕੋਈ ਕਾਰਵਾਈ ਨਾ ਹੋਣਾ ਸਾਬਿਤ ਕਰਦਾ ਹੈ ਕਿ ਸਿਹਤ ਵਿਭਾਗ ਨੇ ਭਾਵੇਂ ਜਾਂਚ ਲਈ ਬੋਰਡ ਤਾਂ ਗਠਿਤ ਕਰ ਦਿੱਤਾ ਹੈ, ਪਰ ਅਜੇ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਹੋਣਾ ਜਾਂਚ ਅਧਿਕਾਰੀ ਤੇ ਦੋਸ਼ੀਆਂ ਦੀ ਮਿਲੀਭੁਗਤ ਨੂੰ ਸਾਬਿਤ ਕਰ ਰਿਹਾ ਹੈ। ਐਕਸ਼ਨ ਕਮੇਟੀ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਜਲਦੀ ਅਣਗਹਿਲੀ ਕਰਨ ਵਾਲੇ ਡਾਕਟਰਾਂ ਤੇ ਡਾਕਟਰਾਂ ਦੀ ਅਣਗਹਿਲੀ ਨੂੰ ਛੁਪਾਉਣ ਲਈ ਮ੍ਰਿਤਕ ਦੇ ਪਤੀ ਦੇ ਨਾਂਅ 'ਤੇ ਜਾਲ੍ਹੀ ਦਸਤਾਵੇਜ਼ ਬਣਾ ਕੇ ਨਕਲੀ ਦਸਤਖਤ ਕਰਨ ਵਾਲੇ ਹਸਪਤਾਲ ਦੇ ਸਟਾਫ ਖਿਲਾਫ ਜਲਦੀ ਕਾਰਵਾਈ ਨਾ ਕੀਤੀ ਤਾਂ ਸਿਹਤ ਵਿਭਾਗ ਤੇ ਸਰਕਾਰ ਖਿਲਾਫ ਤਿੱਖਾ ਅੰਦੋਲਨ ਕੀਤਾ ਜਾਵੇਗਾ।

ਇਸ ਸਮੇਂ ਰਾਜਿੰਦਰ ਸਿੰਘ ਜਵਾਹਰਕੇ, ਹਸਪਤਾਲ ਸੁਧਾਰ ਸੰਘਰਸ਼ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਡਸਕਾ, ਬਸਪਾ ਆਗੂ ਦਰਸਨ ਸਿੰਘ ਰਾਠੀ, ਮੀਹਾ ਸਿੰਘ, ਟੇਕ ਸਿੰਘ ਭੰਮੇ, ਪਰਵੀਨ ਰਮਦਿੱਤੇ ਵਾਲਾ, ਭੋਲਾ ਸਿੰਘ ਝੱਬਰ, ਜੰਟਾ ਸਿੰਘ ਅਤਲਾ ਕਲਾਂ, ਮ੍ਰਿਤਕ ਦੇ ਪਤੀ ਬਲਜਿੰਦਰ ਸਿੰਘ, ਮੌਜੂਦਾ ਸਰਪੰਚ ਭੂਰਾ ਸਿੰਘ ਅਤਲਾ ਕਲਾਂ ਆਦਿ ਸ਼ਾਮਲ ਸਨ।

# ਵਿਦਿਆਰਥੀਆਂ ਨੂੰ ਸਟਾਕ ਮਾਰਕੀਟ ਬਾਰੇ ਕੀਤਾ ਜਾਗਰੂਕ



**ਰਾਜਪੁਰਾ (ਰਮੇਸ਼ ਕਟਾਰੀਆ)**-ਸਵਾਮੀ ਵਿਵੇਕਾ ਨੰਦ ਦੇ ਡੀਪਾਰਟਮੈਂਟ ਆਫ ਕਾਮਰਸ ਤੇ ਮੈਨੇਜਮੈਂਟ ਦੁਆਰਾ ਸਟਾਕ ਮਾਰਕੀਟ 'ਤੇ ਇੱਕ ਸੈਮੀਨਾਰ ਕੀਤਾ ਗਿਆ ਸੀ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਟਾਕ ਮਾਰਕੀਟ ਤੇ ਇਸ ਦੇ ਕੰਮਕਾਜ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਕੇ.ਐੱਸ.ਐੱਮ ਐਸੋਸੀਏਟਸ ਤੋਂ ਸ੍ਰੀ ਮੋਹਿਤ ਸਿੰਗਲਾ ਇਸ ਮੌਕੇ ਮਹਿਮਾਨ ਬੁਲਾਰੇ ਸਨ। ਉਨ੍ਹਾ ਸਟਾਕ ਮਾਰਕੀਟ, ਇਸ ਦੇ ਰੁਝਾਨਾਂ, ਕੈਂਡਲ ਸਟਿੱਕ ਚਾਰਟ, ਇੰਟਰਾਡੇ ਟ੍ਰੇਡਿੰਗ, ਆਈ ਪੀ ਓਜ਼, ਵਪਾਰ ਦੇ ਮੌਕੇ ਤੇ ਹੋਰ ਬਹੁਤ ਕੁਝ ਦੇ ਪ੍ਰਭਾਵਾਂ ਬਾਰੇ ਦੱਸਿਆ। ਉਸ ਨੇ ਬੁਨਿਆਦੀ ਵਿਸ਼ਲੇਸ਼ਣ ਤੇ ਤਕਨੀਕੀ ਵਿਸ਼ਲੇਸ਼ਣ, ਮਾਰਕੀਟ ਪੂੰਜੀਕਰਨ, ਬਕਾਇਆ ਸ਼ੇਅਰ, ਤੇਜ਼ੀ ਦਾ ਰੁਝਾਨ, ਬੇਅਰਿਸ ਰੁਝਾਨ ਵਰਗੀਆਂ ਧਾਰਨਾਵਾਂ ਨੂੰ ਸਾਫ ਕੀਤਾ। ਉਸ ਨੇ ਵਿਦਿਆਰਥੀਆਂ ਨੂੰ ਸੈਂਸੈਕਸ ਤੇ ਨਿਫਟੀ ਰੀਡਿੰਗ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਇਸ ਦੇ ਪੈਟਰਨਾਂ ਤੇ ਬੁਕਿੰਗ ਮੁਨਾਫੇ ਬਾਰੇ ਸਹਾਇਤਾ ਤੇ ਪ੍ਰਤੀਰੋਧ ਲਾਈਨਾਂ ਬਾਰੇ ਵੀ ਜਾਣੂ ਕਰਵਾਇਆ। ਉਸ ਨੇ ਅੰਬੂਜਾ ਸੀਮਿੰਟ ਸਟਾਕਾਂ ਦੀ ਉਦਾਹਰਣ ਦੇ ਨਾਲ ਸਟਾਕ ਮਾਰਕੀਟ ਵਿੱਚ ਲਾਈਵ ਵਪਾਰ 'ਤੇ ਕੁਝ ਮਿੰਟਾਂ ਦਾ ਸੈਸ਼ਨ ਕੀਤਾ। ਇਹ ਇੱਕ ਇੰਟਰਐਕਟਿਵ ਸੈਸ਼ਨ ਸੀ ਤੇ ਵਿਦਿਆਰਥੀਆਂ ਨੇ ਜੋਸ਼ ਨਾਲ ਹਿੱਸਾ ਲਿਆ ਅਤੇ ਸ੍ਰੀ ਮੋਹਿਤ ਦੇ ਸਵਾਲਾਂ ਦੇ ਜਵਾਬ ਦਿੱਤੇ। ਵਿਦਿਆਰਥੀਆਂ ਨੇ ਸ੍ਰੀ ਸਿੰਗਲਾ ਅੱਗੇ ਸਵਾਲ ਵੀ ਰੱਖੇ। ਇਸ ਮੌਕੇ ਕਾਲਜ ਦੇ ਪ੍ਰਬੰਧਕ ਸ੍ਰੀ ਸਾਹਿਲ ਗਰਗ ਵੀ ਹਾਜ਼ਰ ਹੋਏ। ਡੀਪਾਰਟਮੈਂਟ ਹੈੱਡ ਮਿਸ ਨਵਦੀਸ਼ ਨੇ ਆਏ ਹੋਏ ਮਹਿਮਾਨ ਨੂੰ ਯਾਦਗਾਰ ਚਿੰਨ੍ਹ ਭੇਟ ਕੀਤਾ।

CMYK

page-6-17-(DEC)-2022-G-(BV).qxd 12/16/2022 9:54 PM Page 1



# ਪੰਜਾਬ ਸਰਕਾਰ ਵੱਲੋਂ 'ਪੰਜਾਬੀ ਐੱਨ ਆਰ ਆਈਜ਼ ਨਾਲ ਮਿਲਣੀ' ਪ੍ਰੋਗਰਾਮ ਦੀ ਸ਼ੁਰੂਆਤ



**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ 'ਪੰਜਾਬੀ ਐਨ.ਆਰ.ਆਈਜ਼ ਨਾਲ ਮਿਲਣੀ' ਪ੍ਰੋਗਰਾਮ ਮੌਕੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਐਨ.ਆਰ.ਆਈ.ਪੰਜਾਬੀਆਂ ਦੀ ਸਹੂਲਤ ਲਈ ਨਵੇਂ ਸਾਲ ਵਿੱਚ ਵਿਸ਼ੇਸ਼ ਪਾਲਿਸੀ ਲਿਆਂਦੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਦੇ ਮਾਮਲਿਆਂ ਦੇ ਹੱਲ ਤੋਂ ਇਲਾਵਾ ਪੰਜਾਬ ਦੇ ਚਹੁੰਮੁਖੀ ਵਿਕਾਸ ਵਿੱਚ ਉਨਾਂ ਨੂੰ ਸਰਗਰਮ ਭਾਈਵਾਲ ਬਣਾਇਆ ਜਾ ਸਕੇ।

ਸਥਾਨਕ ਸੇਂਟ ਸੋਲਜ਼ਰ ਕੈਂਪਸ ਵਿਖੇ ਕਰਵਾਈ ਐਨ.ਆਰ.ਆਈ.ਪੰਜਾਬੀਆਂ ਨਾਲ ਮਿਲਣੀ ਦੌਰਾਨ ਧਾਲੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ ਨੂੰ ਪੂਰੀ ਗੰਭੀਰਤਾ ਨਾਲ ਲੈ ਕੇ ਹੱਲ ਕਰਨ ਲਈ ਵਚਨਬੱਧ ਹੈ ਅਤੇ ਅੱਜ ਇਸ ਦਿਸ਼ਾ ਵਿੱਚ ਇਕ ਵੱਡਾ ਕਦਮ ਪੁੱਟਿਆ ਗਿਆ ਹੈ, ਭਵਿੱਖ ਵਿੱਚ ਜਿਸ ਦੇ ਸਾਰਥਕ ਅਤੇ ਉਸਾਰੂ ਸਿੱਟੇ ਨਿਕਲਣਗੇ। ਪ੍ਰਵਾਸੀ ਪੰਜਾਬੀਆਂ ਵਲੋਂ ਇਸ ਉਪਰਾਲੇ ਪ੍ਰਤੀ ਦਿਖਾਏ ਉਤਸ਼ਾਹ 'ਤੇ ਖੁਸ਼ੀ ਜਾਹਿਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਐਨ.ਆਰ.ਆਈ. ਪੰਜਾਬੀਆਂ ਨਾਲ ਸਮੇਂ-ਸਮੇਂ ਸਿਰ ਸਲਾਹ-ਮਸ਼ਵਰਾ ਕਰਕੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਵੀਜ਼ਾ ਸਮੱਸਿਆਵਾਂ ਦੇ ਹੱਲ ਲਈ ਕੇਂਦਰ ਸਰਕਾਰ ਨਾਲ ਵਿਚਾਰਿਆ ਜਾਵੇਗਾ। ਐਨ.ਆਰ.ਆਈ.ਪੰਜਾਬੀਆਂ ਵਲੋਂ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਦੇ ਨਾਲ ਸੂਬੇ ਅੰਦਰ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਐਨ.ਆਰ.ਆਈਜ਼ ਦੇ ਕੇਸਾਂ ਲਈ ਵਿਸ਼ੇਸ਼ ਫਾਸਟ ਟਰੈਕ ਕੋਰਟਾਂ ਸਥਾਪਿਤ ਕਰਨ ਲਈ ਪੂਰੀ ਚਾਰਾਜੋਈ ਕੀਤੀ ਜਾਵੇਗੀ ਤਾਂ ਜੋ ਪ੍ਰਵਾਸੀ ਪੰਜਾਬੀਆਂ ਦੇ ਮਾਮਲੇ ਘੱਟੋ-ਘੱਟ ਸਮੇਂ ਵਿੱਚ ਨਿਪਟਾਏ ਜਾ ਸਕਣ ਜਿਸ ਨਾਲ ਉਨ੍ਹਾਂ ਦਾ ਸਮਾਂ ਅਤੇ ਪੈਸਾ ਬੱਚ ਸਕੇ।

ਸਿਵਲ ਅਤੇ ਪੁਲਿਸ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਧਾਲੀਵਾਲ ਨੇ ਜ਼ਿਲ੍ਹਾ ਜਲੰਧਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਅਤੇ ਕਪੂਰਥਲਾ ਤੋਂ ਆਏ ਐਨ.ਆਰ.ਆਈਜ਼ ਦੀਆਂ ਸਮੱਸਿਆਵਾਂ ਦੀ ਮੌਕੇ 'ਤੇ ਸੁਣਵਾਈ ਕਰਦਿਆਂ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਪ੍ਰਵਾਸੀ ਪੰਜਾਬੀਆਂ ਦੀ ਸਹੂਲਤ ਲਈ ਜ਼ਿਲ੍ਹਾ ਵਾਰ ਕਾਊਂਟਰ ਸਥਾਪਿਤ ਕੀਤੇ ਗਏ ਸਨ ਜਿਥੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀ ਉਨ੍ਹਾਂ ਦੇ ਮਸਲੇ ਸੁਣਕੇ ਹੱਲ ਦੀ ਪ੍ਰਕਿਰਿਆ ਨੂੰ ਅਮਲ ਵਿੱਚ ਲਿਆ ਰਹੇ ਸਨ। ਇਸ ਦੌਰਾਨ 160 ਤੋਂ ਵੱਧ ਮਾਮਲਿਆਂ ਦੀ ਸੁਣਵਾਈ ਕੀਤੀ ਗਈ। ਇਸ ਮੌਕੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਹਲਕਾ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ, ਹਲਕਾ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ, ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ, ਟਾਂਡਾ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ, ਦਸੂਹਾ ਤੋਂ ਵਿਧਾਇਕ ਕਰਮਵੀਰ ਸਿੰਘ, ਆਪ ਆਗੂ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਸੱਜਣ ਸਿੰਘ ਚੀਮਾ, ਪੰਜਾਬ ਐਗਰੋ ਦੇ ਚੇਅਰਮੈਨ ਮੰਗਲ ਸਿੰਘ, ਜ਼ਿਲ੍ਹਾ ਯੋਜਨਾ ਬੋਰਡ ਜਲੰਧਰ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ਜੀਤ ਲਾਲ ਭੱਟੀ, ਪ੍ਰਿੰਸੀਪਲ ਪ੍ਰੇਮ ਕੁਮਾਰ ਆਦਿ ਮੌਜੂਦ ਸਨ।

# ਸਰਪੰਚ ਯੂਨੀਅਨ ਬਲਾਕ ਅਜਨਾਲਾ ਵੱਲੋਂ ਅਹੁਦੇਦਾਰਾਂ ਦੀ ਚੋਣ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਅੱਜ ਇੱਥੇ ਬਲਾਕ ਅਜਨਾਲਾ ਨਾਲ ਸਬੰਧਿਤ ਵੱਖ-ਵੱਖ ਸਰਪੰਚਾਂ ਦੇ ਸਥਾਨਕ ਇੱਕ ਨਿੱਜੀ ਪੈਲੇਸ ਵਿੱਚ ਸੀਨੀਅਰ ਆਗੂ ਸਰਪੰਚ ਸੁਖਜਿੰਦਰ ਸਿੰਘ ਗੁੱਜਰਪੁਰਾ ਦੀ ਪ੍ਰਧਾਨਗੀ ਹੇਠ ਹੋਏ ਵਿਸ਼ੇਸ਼ ਚੋਣ ਅਜਲਾਸ ਦੌਰਾਨ ਪਿੰਡ ਗੁੱਝਾਪੀਰ ਦੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਬਲਾਕ ਅਜਨਾਲਾ ਦੇ ਪ੍ਰਧਾਨ ਚੁਣੇ ਗਏ। ਇਸ ਤੋਂ ਇਲਾਵਾ ਸਰਪੰਚ ਪ੍ਰਿਥੀਪਾਲ ਸਿੰਘ ਘੋਨੇਵਾਹਲਾ ਨੂੰ ਸੀਨੀਅਰ ਮੀਤ ਪ੍ਰਧਾਨ, ਸਰਪੰਚ ਨਿਰਮਲ ਸਿੰਘ ਕੋਟਲਾ, ਮੇਹਰ ਸਿੰਘ ਤੇ ਗੁਰਵਿੰਦਰ ਸਿੰਘ ਨੂੰ ਮੀਤ ਪ੍ਰਧਾਨ, ਰਣਜੀਤ ਸਿੰਘ ਨੂੰ ਜਨਰਲ ਸਕੱਤਰ, ਤੇਜਬੀਰ ਸਿੰਘ ਮਾਕੋਵਾਲ ਨੂੰ ਸਕੱਤਰ, ਦਲਜੀਤ ਸਿੰਘ ਨੂੰ ਬੁਲਾਰਾ, ਸਰਪੰਚ ਗੁਰਨਾਮ ਸਿੰਘ ਕਮੀਰਪੁਰਾ ਨੂੰ ਪ੍ਰੈੱਸ ਸਕੱਤਰ ਤੋਂ ਇਲਾਵਾ ਸਰਪੰਚ ਜਲਾਲ ਮਸੀਹ, ਨਿਰਮਲ ਸਿੰਘ ਕੋਟਲਾ, ਪਰਮਿੰਦਰ ਸਿੰਘ ਸੰਗੋਆਣਾ, ਹਰਭੇਜ ਸਿੰਘ ਤੇੜ੍ਹੀ, ਰੇਸ਼ਮ ਸਿੰਘ ਬਲੜ੍ਹਵਾਲ ਅਤੇ ਹਰਨਾਮ ਸਿੰਘ ਹਾਸ਼ਮਪੁਰਾ ਵਰਕਿੰਗ ਕਮੇਟੀ ਮੈਂਬਰ ਬਣੇ। ਇਸ ਮੌਕੇ ਬਲਦੇਵ ਸਿੰਘ ਭੋਏਵਾਲੀ, ਅਰਵਿੰਦਰਪਾਲ ਸਿੰਘ ਜੈਂਟੀ, ਬਲਵਿੰਦਰ ਸਿੰਘ, ਜਗਤਾਰ ਸਿੰਘ ਆਦਿ ਕਾਂਗਰਸੀ ਧੜੇ ਨਾਲ ਸਬੰਧਿਤ ਸਰਪੰਚ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਬਲਾਕ ਅਜਨਾਲਾ ਵਿੱਚ ਪਹਿਲੀ ਵਾਰ ਸਰਪੰਚ ਯੂਨੀਅਨ ਦੀ ਚੋਣ ਹੋਈ ਹੈ ਜਿਸ ਵਿੱਚ ਜ਼ਿਆਦਾਤਰ ਸਰਪੰਚ ਕਾਂਗਰਸ ਪਾਰਟੀ ਨਾਲ ਸਬੰਧਿਤ ਹਨ ਜਿਨ੍ਹਾਂ ਨੇ ਵਿਰੋਧੀ ਧਿਰ ਦੀ ਸਰਕਾਰ ਹੋਣ ਸਮੇਂ ਯੂਨੀਅਨ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

# ਮੈਡਿਕਸ ਗਲੋਬਲ ਤੇ ਐਮਪਾਵਰ ਦਾ ਭਾਰਤ 'ਚ ਮਾਨਸਿਕ ਸਮੱਸਿਆਵਾਂ ਘੱਟ ਕਰਨ 'ਚ ਚੋਖਾ ਯੋਗਦਾਨ

**ਜਲੰਧਰ** : ਮਾਨਸਿਕ ਸਿਹਤ ਸਮੱਸਿਆਵਾਂ ਪੂਰੀ ਦੁਨੀਆ ਵਿੱਚ ਵੱਧ ਰਹੀਆਂ ਹਨ ਅਤੇ ਤੇਜ਼ੀ ਨਾਲ ਇੱਕ ਵਿਸਵਵਿਆਪੀ ਮਹਾਂਮਾਰੀ ਬਣ ਰਹੀਆਂ ਹਨ। ਮੈਡਿਕਸ ਇੱਕ ਗਲੋਬਲ ਹੈਲਥ ਮੈਨੇਜਮੈਂਟ ਕੰਪਨੀ ਨੇ ਐਮਪਾਵਰ , ਅਦਿੱਤਿਆ ਬਿਰਲਾ ਐਜੂਕੇਸ਼ਨ ਟਰੱਸਟ ਦੀ ਇੱਕ ਪਹਿਲਕਦਮੀ ਅਤੇ ਭਾਰਤ ਵਿੱਚ ਮਾਨਸਿਕ ਸਿਹਤ ਖੇਤਰ ਵਿੱਚ ਇੱਕ ਨੇਤਾ ਦੇ ਨਾਲ ਇੱਕ ਮਹੱਤਵਪੂਰਨ ਸਾਂਝੇਦਾਰੀ ਵਿੱਚ ਪ੍ਰਵੇਸ਼ ਕੀਤਾ ਹੈ।

ਡਾਕਟਰ 300 ਤੋਂ ਵੱਧ ਇਨ-ਹਾਊਸ ਡਾਕਟਰਾਂ ਦੀ ਟੀਮ ਅਤੇ ਵਿਸਵ ਦੇ 4,500 ਤੋਂ ਵੱਧ ਪ੍ਰਮੁੱਖ ਮਾਹਿਰਾਂ ਦੇ ਇੱਕ ਗਲੋਬਲ ਗੁਣਵੱਤਾ-ਮਾਨਤਾ ਪ੍ਰਾਪਤ ਨੈਟਵਰਕ ਦੇ ਨਾਲ ਲੱਖਾਂ ਗਾਹਕਾਂ ਦੀਆਂ ਸਿਹਤ ਜ਼ਰੂਰਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਬੋਧਨ ਕਰਦੇ ਹਨ ਅਤੇ ਐਮਪਾਵਰ ਕੋਲ 600 ਤੋਂ ਵੱਧ ਤਜਰਬੇਕਾਰ ਮਾਨਸਿਕ ਸਿਹਤ ਪੇਸ਼ੇਵਰਾਂ ਦੀ ਮਜ਼ਬੂਤ ਸਮਰੱਥਾ ਹੈ। ਐਮਪਾਵਰ ਦੇ ਸੰਸਥਾਪਕ ਅਤੇ ਚੇਅਰਪਰਸਨ, ਡਾ. ਨੀਰਜਾ ਬਿੜਲਾ ਨੇ ਇਸ ਸਬੰਧ ਵਿੱਚ ਮਜਬੂਤ ਟਿੱਪਣੀਆਂ ਕਰਦਿਆਂ ਕਿਹਾ ਕਿ ਐਮਪਵਰ ਹਮੇਸ਼ਾ ਭਾਰਤ ਵਿੱਚ ਮਾਨਸਿਕ ਸਿਹਤ ਦੇ ਖੇਤਰ ਵਿੱਚ ਅਗਵਾਈ ਕਰਦਾ ਹੈ ਅਤੇ ਇਹ ਭਾਰਤ ਦੇ ਇਸ ਖੇਤਰ ਵਿੱਚ ਇੱਕ ਵਾਰ ਫਿਰ ਤੋਂ ਇੱਕ ਚੇਂਜ ਮੇਜ਼ ਦੇ ਰੂਪ ਵਿੱਚ ਸਾਡੀ ਸਥਿਤੀ ਨੂੰ ਮਜ਼ਬੂਤ ਕਰਦਾ ਹੈ।

ਇਸ ਸਾਂਝੇਦਾਰੀ ਦੇ ਮਾਧਿਅਮ ਤੋਂ ਐਮਪੀਏ ਅਤੇ ਮੈਡਿਕਸ 2023 ਭਾਰਤ ਵਿੱਚ ਮਾਨਸਿਕ ਸਿਹਤ ਸੇਵਾਵਾਂ ਤੱਕ ਬਿਹਤਰ ਪਹੁੰਚ ਬਣਾਉਣ ਲਈ ਮਜ਼ਬੂਤੀ ਬਣਾਉਂਦੇ ਹਨ!

# ਸੰਤ ਫਰਾਂਸਿਸ ਕਾਨਵੈਂਟ ਸਕੂਲ ਡੇਰਾ ਬਾਬਾ ਨਾਨਕ ਵੱਲੋਂ ਰਿਕਸ਼ਾ ਚਾਲਕ ਸਨਮਾਨਤ




**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਥਾਨਕ ਕਸਬੇ ਦੇ ਸੰਤ ਫਰਾਂਸਿਸ ਕਾਨਵੈਂਟ ਸਕੂਲ ਵਿੱਚ 5ਵੀਂ ਜਮਾਤ ਅਤੇ ਛੇਵੀਂ ਜਮਾਤ ਦੇ ਬੱਚਿਆਂ ਵੱਲੋਂ ਕ੍ਰਿਸਮਿਸ ਨੂੰ ਸਮਰਪਿਤ ਇੱਕ ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਆਰਮੀ ਹੈੱਡਕਵਾਟਰ ਡੇਰਾ ਬਾਬਾ ਨਾਨਕ ਦੇ ਲੈਫਟੀਨੈਂਟ ਕਰਨਲ ਸਤਿੰਦਰ ਸਿੰਘ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਪਹੁੰਚਣ 'ਤੇ ਸਕੂਲ ਦੇ ਫਾਦਰ ਡਾਇਰੈਕਟਰ ਰੀਮੋਲਡ ਮਾਰਿਓ ਵੱਲੋਂ ਮੁੱਖ ਮਹਿਮਾਨ ਲੈਫਟੀਨੈਂਟ ਕਰਨਲ ਸਤਿੰਦਰ ਸਿੰਘ ਨੂੰ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਸੱਭਿਆਚਾਰਕ ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਕਰਨਲ ਸਤਿੰਦਰ ਸਿੰਘ ਨੇ ਬੱਚਿਆਂ ਤੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਕੂਲ ਮੈਨੇਜਮੈਂਟ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਸਕੂਲ ਮੈਨੇਜਮੈਂਟ ਵੱਲੋਂ ਜੋ ਹਰ ਸਾਲ ਰਿਕਸ਼ਾ ਚਾਲਕ ਭਰਾਵਾਂ ਨੂੰ ਉੱਚਾ ਦਰਜਾ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ ਉਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਸਾਡੇ ਸਮਾਜ ਦੇ ਹਰ ਵਰਗ ਨੂੰ ਚਾਹੀਦਾ ਹੈ ਕਿ ਜੋ ਸਾਡੇ ਸਮਾਜ ਵਿੱਚ ਗਰੀਬ ਵਰਗ ਦੇ ਲੋਕ ਰਹਿੰਦੇ ਹਨ ਉਨ੍ਹਾਂ ਨੂੰ ਸਨਮਾਨ ਦਿੱਤਾ ਜਾਵੇ।

ਸਕੂਲ ਦੀ ਪ੍ਰਿੰਸੀਪਲ ਸਿਸਟਰ ਐਨਸਲਿਟ ਵੱਲੋਂ ਸਾਰੇ ਆਏ ਹੋਏ ਰਿਕਸ਼ਾ ਚਾਲਕਾਂ ਨੂੰ ਸਰਦੀਆਂ ਲਈ ਤੋਹਫੇ ਵਜੋ ਕੰਬਲ ਭੇਟ ਕੀਤੇ ਗਏ। ਇਸ ਮੌਕੇ ਰਿਕਸ਼ਾ ਚਾਲਕਾਂ ਦੇ ਪ੍ਰਧਾਨ ਤੇ ਸਮੂਹ ਰਿਕਸ਼ਾ ਚਾਲਕਾਂ ਵੱਲੋਂ ਸਕੂਲ ਦੇ ਡਾਇਰੈਕਟਰ ਰਿਮੋਲਡ ਮਾਰਿਓ ਅਤੇ ਪ੍ਰਿੰਸੀਪਲ ਸਿਸਟਰ ਐਨਸਲਿਟ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਮੈਨਜਮੈਂਟ ਵੱਲੋਂ ਰਿਕਸ਼ਾ ਚਾਲਕਾਂ ਨਾਲ ਮਿਲ ਕੇ ਕ੍ਰਿਸਮਿਸ ਅਤੇ ਆਉਣ ਵਾਲੇ ਨਵੇਂ ਸਾਲ ਦਾ ਕੇਕ ਕੱਟ ਕੇ ਸਮੂਹ ਹਾਜ਼ਰੀਨ ਦਾ ਮੂੰਹ ਵੀ ਮਿੱਠਾ ਕਰਵਾਇਆਂ ਗਿਆ। ਇਸ ਮੌਕੇ ਡਾਇਰੈਕਟਰ ਫਾਦਰ ਰਿਮੋਲਡ ਮਾਰਿਓ, ਪ੍ਰਿੰਸੀਪਲ ਸਿਸਟਮ ਐਨਸਲਿਟ, ਸਿਸਟਰ ਜਯਾ, ਸਿਸਟਰ ਅੰਜੂ ਰੋਜ਼ ਸਮੇਤ ਸਕੂਲ ਦਾ ਸਮੂਹ ਸਟਾਫ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

## ਪਬਲਿਕ ਨੋਟਿਸ

ਸ਼ਾਪ-34 ਏ ਏ ਮੰਡੀ ਫਾਜ਼ਿਲਕਾ ਦੇ ਪਲਾਟ ਦੀ ਮਲਕੀਅਤ ਸ੍ਰੀ ਪਵਨ ਕੁਮਾਰ, ਸ੍ਰੀ ਰਾਜਪਾਲ ਪੁੱਤਰਾਨ ਸ੍ਰੀ ਬਿਹਾਰੀ ਲਾਲ ਦੇ ਨਾਂਅ 'ਤੇ ਹੈ। ਇਸ ਦਫਤਰ ਵਿੱਚ ਸ੍ਰੀਮਤੀ ਸੀਮਾ ਕਵਾਤੜਾ ਵਿਧਵਾ ਪਵਨ ਕੁਮਾਰ ਵਾ ਕਰਨ ਕਵਾਤੜਾ (ਪੁੱਤਰ), ਕਨਿਕਾ ਕਵਾਤੜਾ ਪੁੱਤਰੀ ਸ੍ਰੀ ਪਵਨ ਕੁਮਾਰ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ। ਪਵਨ ਕੁਮਾਰ ਪੁੱਤਰ ਸ੍ਰੀ ਬਿਹਾਰੀ ਲਾਲ ਦੀ ਮੌਤ ਹੋਣ ਉਪਰੰਤ ਇਸ ਪਲਾਂਟ ਦੀ ਮਲਕੀਅਤ ਸਬ ਰਜਿਸਟਰਾਰ ਫਾਜ਼ਿਲਕਾ ਵਿੱਚ ਦਰਜ ਕਰਵਾਏ ਬੈਨਾਮਾ, ਵਸੀਕਾ ਨੰ: 1644 ਮਿਤੀ 26.7.2017 ਤਹਿਸੀਲਦਾਰ ਫਾਜ਼ਿਲਕਾ ਵੱਲੋਂ ਤਸਦੀਕ ਵਾਰਸਾਂ ਦੀ ਰਿਪੋਰਟ ਮਿਤੀ 31.1.2022 ਦੇ ਆਧਾਰ ਉਤੇ ਮਲਕੀਅਤ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਸ਼ਾਪ-34 ਏ ਏ ਮੰਡੀ ਫਾਜ਼ਿਲਕਾ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਹੇਠ ਲਿਖੇ ਐਡਰੈੱਸ 'ਤੇ ਜਾਂ ਈਮੇਲ dir.colon@Punjab.gov.in 'ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/-
ਐਡਮਨਿਸਟਰੇਟਰ, ਨਿਊ ਮੰਡੀ ਟਾਊਨਸ਼ਿਪਸ, ਪੰਜਾਬ।
ਮੰਡੀ ਭਵਨ ਸੈਕਟਰ 65 ਏ ਮੋਹਾਲੀ ਪੰਜਾਬ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਗੁਰਜਿੰਦਰ ਸਿੰਘ ਬੈਨੀਪਾਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼ ਕਪੂਰਥਲਾ।

1. ਕੇਸ ਨੰ: 7-19/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ, ਤਾਰੀਖ ਦਾਇਰ 12/5/2022, ਤਕਸੀਮ ਖੇਵਟ ਨੰ: 2, 17, 25, 26, 41, 57, 92, 99, 137, 158, 196, 217, 222 ਖਤੌਨੀ ਨੰ: 3, 35 -37, 46, 47, 77, 96-97, 169, 173, 238, 276, 324-325, 365, 370 ਮੁਤਾਬਕ ਜਮ੍ਹਾਂਬੰਦੀ ਸਾਲ 2014-15, ਵਾਕਿਆ ਰਕਬਾ ਪਿੰਡ ਕਬੀਰਪੁਰ, ਹੱਦਬਸਤ ਨੰ: 159, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

2. ਕੇਸ ਨੰ: 21-23/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ, ਤਾਰੀਖ ਦਾਇਰ : 12/5/2022, ਤਕਸੀਮ ਖੇਵਟ ਨੰ: 44, 56, 96, ਖਤੌਨੀ ਨੰ: 69-70, 82, 142-143 ਮੁਤਾਬਕ ਜਮ੍ਹਾਂਬੰਦੀ ਸਾਲ 2017-18, ਵਾਕਿਆ ਰਕਬਾ ਪਿੰਡ ਹੁਸੈਨਪੁਰ ਬੂਲੇ, ਹੱਦਬਸਤ ਨੰ: 178, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

3. ਕੇਸ ਨੰ: 20,24-26/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ, ਤਾਰੀਖ ਦਾਇਰ : 12/5/2022, ਤਕਸੀਮ ਖੇਵਟ ਨੰ: 18, 27, 32, 33 ਖਤੌਨੀ ਨੰ: 24, 36-37, 46-50 ਮੁਤਾਬਕ ਜਮ੍ਹਾਂਬਦੀ ਸਾਲ 2017-18 ਵਾਕਿਆ ਰਕਬਾ ਪਿੰਡ ਚੱਕ ਪੱਤੀ ਭਾਲੂ ਬਹਾਦਰ, ਹੱਦਬਸਤ ਨੰ: 155, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

4. ਕੇਸ ਨੰ: 27/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ, ਤਾਰੀਖ ਦਾਇਰ : 12/5/2022, ਤਕਸੀਮ ਖੇਵਟ ਨੰ: 13, ਖਤੌਨੀ ਨੰਬਰ 22 ਮੁਤਾਬਕ ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਪਿੰਡ ਮੰਡ ਧੰਨ, ਹੱਦਬਸਤ ਨੰਬਰ 175, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

1. ਕੁਲਦੀਪ ਸਿੰਘ ਜੋਸ਼ਨ ਪੁੱਤਰ ਸਰੂਪ ਸਿੰਘ ਵਾਸੀ ਪਿੰਡ ਲੋਧੀਵਾਲ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਹਾਲ ਵਾਸੀ ਕੈਨੇਡਾ ਰਾਹੀਂ ਮੁਖਤਾਰ ਹਰਵਿੰਦਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਹੈਦਰਾਬਾਦ ਬੇਟ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

2. ਸਰੂਪ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਲੋਧੀਵਾਲ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਹਾਲ ਵਾਸੀ ਕੈਨੇਡਾ ਰਾਹੀਂ ਮੁਖਤਾਰ ਹਰਵਿੰਦਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਹੈਦਰਾਬਾਦ ਬੇਟ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ। (ਫਰੀਕ ਅੱਵਲ)

ਬਨਾਮ : 1. ਮੋਤਾ ਸਿੰਘ ਪੁੱਤਰ ਜਵਾਹਰ ਸਿੰਘ 1. ਜਸਵੰਤ ਸਿੰਘ ਪੁੱਤਰ ਮਹਿੰਦਰ ਸਿੰਘ 2. ਬਲਵਿੰਦਰ ਸਿੰਘ ਪੁੱਤਰ ਸਰੂਪ ਸਿੰਘ 3. ਸੁਰਿੰਦਰ ਸਿੰਘ ਪੁੱਤਰ ਚਰਨ ਸਿੰਘ 4. ਹੀਰਾ ਸਿੰਘ ਪੁੱਤਰ ਮਹਿੰਦਰ ਸਿੰਘ 5. ਸਵਰਨ ਸਿੰਘ ਪੁੱਤਰ ਚਰਨ ਸਿੰਘ 6. ਗਿਆਨ ਕੌਰ ਪਤਨੀ ਸਰੂਪ ਸਿੰਘ 7. ਜਸਬੀਰ ਕੌਰ ਪਤਨੀ ਬਲਵਿੰਦਰ ਸਿੰਘ 8. ਕੁਲਵੰਤ ਕੌਰ ਪਤਨੀ ਆਲਾ ਸਿੰਘ 9. ਕਰਨੈਲ ਸਿੰਘ ਪੁੱਤਰ ਉਜਾਗਰ ਸਿੰਘ 10. ਬਲਵਿੰਦਰ ਸਿੰਘ ਪੁੱਤਰ ਸਾਧੂ ਸਿੰਘ 11. ਸੁਰਜੀਤ ਸਿੰਘ ਪੁੱਤਰ ਸਾਧੂ ਸਿੰਘ 12. ਕਰਮ ਸਿੰਘ ਪੁੱਤਰ ਪਾਲ ਸਿੰਘ 13. ਜੋਗਿੰਦਰ ਸਿੰਘ ਪੁੱਤਰ ਸੁਲੱਖਣ ਸਿੰਘ 14. ਸੁਰਜੀਤ ਸਿੰਘ ਪੁੱਤਰ ਗੁਰਨਾਮ ਸਿੰਘ 15. ਕਾਰਜ ਸਿੰਘ ਪੁੱਤਰ ਬੂਟਾ ਸਿੰਘ 16. ਲਵਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ 17. ਬਲਵਿੰਦਰ ਸਿੰਘ ਪੁੱਤਰ ਮੋਤਾ ਸਿੰਘ 18. ਸੁਖਦੇਵ ਸਿੰਘ ਪੁੱਤਰ ਸਵਰਣ ਸਿੰਘ 19. ਮਹਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ 20. ਬਲਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ 21. ਜਰਨੈਲ ਸਿੰਘ ਪੁੱਤਰ ਗੁਰਦੀਪ ਸਿੰਘ 22. ਚੰਨਣ ਸਿੰਘ ਪੁੱਤਰ ਗੁਰਦੀਪ ਸਿੰਘ 23. ਗੁਰਨਾਮ ਸਿੰਘ 24. ਰੇਸ਼ਮ ਸਿੰਘ 25. ਬਚਨ ਸਿੰਘ ਪੁੱਤਰਾਨ ਰਤਨ ਸਿੰਘ 26. ਸਾਧੂ ਸਿੰਘ 27. ਜਗੀਰ ਸਿੰਘ ਪੁੱਤਰਾਨ ਉਜਾਗਰ ਸਿੰਘ 28. ਭਜਨ ਸਿੰਘ ਪੁੱਤਰ ਭਗਤ ਸਿੰਘ 29. ਪਿਆਰਾ ਸਿੰਘ 30. ਸ਼ਿੰਗਾਰਾ ਸਿੰਘ ਪੁੱਤਰਾਨ ਭਗਤ ਸਿੰਘ 31. ਰਤਨ ਸਿੰਘ ਪੁੱਤਰ ਝੰਡਾ ਸਿੰਘ 32. ਉਜਾਗਰ ਸਿੰਘ ਪੁੱਤਰ ਵਸਾਵਾ ਸਿੰਘ 33. ਸੁਖਦੇਵ ਸਿੰਘ ਪੁੱਤਰ ਮਹਿੰਦਰ ਸਿੰਘ 34. ਕਮਲਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ 35. ਕਰਮਜੀਤ ਸਿੰਘ ਪੁੱਤਰ ਮਹਿੰਦਰ ਸਿੰਘ 36. ਸੁਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ 37. ਬਲਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ 38. ਅਮਰਜੀਤ ਸਿੰਘ ਪੁੱਤਰ ਚੰਨਣ ਸਿੰਘ 39. ਮਹਿਲ ਸਿੰਘ ਪੁੱਤਰ ਉਜਾਗਰ ਸਿੰਘ 40. ਨਿਸ਼ਾਨ ਸਿੰਘ ਪੁੱਤਰ ਮਹਿਲ ਸਿੰਘ 41. ਬਲਦੇਵ ਸਿੰਘ ਪੁੱਤਰ ਮਹਿਲ ਸਿੰਘ 42. ਮੋਤਾ ਸਿੰਘ ਪੁੱਤਰ ਜਵਾਹਰ ਸਿੰਘ 43. ਮਹਿੰਦਰ ਕੌਰ ਵਿਧਵਾ ਗੁਰਨਾਮ ਸਿੰਘ 44. ਇੰਦਰਜੀਤ ਸਿੰਘ ਪੁੱਤਰ ਗੁਰਨਾਮ ਸਿੰਘ 45. ਪਰਗਟ ਸਿੰਘ ਪੁੱਤਰ ਸ਼ਿੰਗਾਰਾ ਸਿੰਘ 46. ਉਜਾਗਰ ਸਿੰਘ ਪੁੱਤਰ ਮਿੱਤ ਸਿੰਘ 47. ਦਰਸ਼ਨ ਸਿੰਘ ਪੁੱਤਰ ਬਹਾਦਰ ਸਿੰਘ 48. ਭਜਨ ਸਿੰਘ ਪੁੱਤਰ ਬਹਾਦਰ ਸਿੰਘ 49. ਦਲਬੀਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ 50. ਦੀਦਾਰ ਸਿੰਘ ਪੁੱਤਰ ਮੱਖਣ ਸਿੰਘ 51. ਬਲਕਾਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ 52. ਦਿਲਬਾਗ ਸਿੰਘ ਪੁੱਤਰ ਸ਼ਿੰਗਾਰਾ ਸਿੰਘ 53. ਸਵਰਨ ਕੌਰ ਪਤਨੀ ਅਨੋਖ ਸਿੰਘ 54. ਗੁਰਦੀਪ ਸਿੰਘ ਪੁੱਤਰ ਮੱਖਣ ਸਿੰਘ 55. ਜਗੀਰ ਕੌਰ ਵਿਧਵਾ ਦਲਬੀਰ ਸਿੰਘ 56. ਦਲਬੀਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ 57. ਦਲਜੀਤ ਸਿੰਘ ਪੁੱਤਰ ਪਿਆਰਾ ਸਿੰਘ ਸਾਰੇ ਖੇਵਟਦਰਾਨ ਵਾਸੀਆਨ ਪਿੰਡ ਕਬੀਰਪੁਰ ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ 58. ਹਰੀ ਸਿੰਘ ਪੁੱਤਰ ਸੂਜਾ ਸਿੰਘ 59. ਮਨਦੀਪ ਸਿੰਘ ਪੁੱਤਰ ਲਖਵਿੰਦਰ ਸਿੰਘ 60. ਅਨੋਖ ਸਿੰਘ ਪੁੱਤਰ ਸ਼ਿੰਗਾਰਾ ਸਿੰਘ 61. ਪਰਗਟ ਸਿੰਘ ਪੁੱਤਰ ਸ਼ਿੰਗਾਰਾ ਸਿੰਘ 62. ਬਲਕਾਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ 63. ਨਿਸ਼ਾਨ ਸਿੰਘ ਗਿੱਲ ਪੁੱਤਰ ਦਲਬੀਰ ਸਿੰਘ 64. ਸਤਨਾਮ ਸਿੰਘ ਗਿੱਲ ਪੁੱਤਰ ਦਲਬੀਰ ਸਿੰਘ 65. ਕੁੰਦਨ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਸੂਜਾ ਸਿੰਘ 66. ਮਿਲਖਾ ਸਿੰਘ ਪੁੱਤਰ ਹਰੀ ਸਿੰਘ 67. ਮਨਦੀਪ ਸਿੰਘ ਪੁੱਤਰ ਲਖਵਿੰਦਰ ਸਿੰਘ 68. ਰੂਪਾ ਵਿਧਵਾ ਕਾਬਲ ਸਿੰਘ ਪੁੱਤਰ ਮੱਖਣ ਸਿੰਘ 69. ਗੁਰਮੀਤ ਸਿੰਘ ਪੁੱਤਰ ਕਾਬਲ ਸਿੰਘ 70. ਜਸਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ 71. ਜੰਗ ਬਹਾਦਰ ਪੁੱਤਰ ਰਿਖੀ ਰਾਮ ਖੇਵਟਦਾਰਾਨ ਵਾਸੀਆਨ ਪਿੰਡ ਹੁਸੈਨਪੁਰ ਬੂਲੇ, ਚੱਕ ਪੱਤੀ ਭਾਲੂ ਬਹਾਦਰ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ

72. ਸ਼ਮਸ਼ੇਰ ਸਿੰਘ ਪੁੱਤਰ ਗੁਰਨਾਮ ਸਿੰਘ 73. ਬਘੇਲ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀਆਨ ਪਿੰਡ ਕਬੀਰਪੁਰ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

(ਫਰੀਕ ਦੋਮ)

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉੱਪਰ ਲਿਖੇ ਫਰੀਕੈਨ ਦੋਇਮ ਦੀ ਸਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸਾਰੇ ਫਰੀਕੈਨ ਦੋਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੁਦ ਜਾਂ ਉਹਨਾਂ ਦੇ ਵਾਰਸ ਜਾਂ ਰਾਹੀਂ ਕੌਂਸਲ ਮਿਤੀ 27.12.2022 ਨੂੰ ਦੁਪਹਿਰ 2 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ। ਸਮੇਂ ਸਿਰ ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 8.10.2022 ਨੂੰ ਮੋਹਰ ਅਦਾਲਤ ਇਸ਼ਤਿਹਾਰ ਰਾਹੀਂ ਜਾਰੀ ਹੋਇਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

ਨੰ: 1090/ਰੀਡਰ/ਮਿਤੀ : 13.12.2022

## Court Notice

**In the Court of Sh. Parshant Verma Civil Judge Senior Division, Faridkot.**

CNR No. PBFD02-000958-2022
Next Date : 30.1.2023
Gobind Ram Mittal
Versus
General Public

The Plaintiff prays for declaration that the Affidavit, Publication dt. 1.9.2016 and legal Notice dated 8.9.2016 issued by the plaintiffs to Vishal Kumar Mittal and Smt. Jyoti Mittal wife of Vishal Kumar Mittal regarding disinheritance and disowning them are having no binding effect and have already been withdrawn by plaintiff.

Publication issued to : General Public, Faridkot

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.1.2023 at 10.00 a.m.

For details logon to https://highcourtchd.gov.in/?trs=district notice&district=Faridkot

Civil Judge Senior Division, Faridkot.
Dated, this day of 2.12.2022

## Court Notice

**In the Court of Ms. Kiran Bala Addl. Principal Judge Family Court, Garhshankar.**

CNR No. PBHOF3-0000642021
Next Date : 6.1.2023

Manjit Kaur age 33 years wife of Manga Ram S/o Avtar Chand R/o H.No.11953, Street No. 2, Atal Nagar, Basti Jodhewal, Ludhiana, Distt. Ludhiana D/o Melu Ram R/o Vill. Seehwan, Tehsil Garhshankar Distt. Hoshiarpur. Petitioner

Versus

Manga Ram S/o Avtar Chand R/o H.No. 11953 , Street No. 2, Atal Nagar, Basti Jodhewal, Ludhiana, Distt. Ludhiana. Respondent

Petition under Section 125 Cr.P.C.

Publication issued to : Manga Ram S/o Avtar Chand R/o H.No. 11953 , Street No. 2, Atal Nagar, Basti Jodhewal, Ludhiana, Distt. Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 6.1.2023 at 10.00 a.m.

For details logon to https://highcourtchd.gov.in/?trs=district notice&district=Hoshiarpur

Addl. Principal Judge Family Court, Garhshankar.
Dated, this day of 14.12.2022

## Court Notice

**In the Court of Sh. Ravi Inder Singh Civil Judge (Senior Division), Rupnagar.**

CS/1013/2021
CNR No. PBRO0-001534-2021
Next Date : 25.1.2023

Lovepreet Singh Minor S/o Late Bhagwant Singh S/o Amar Singh R/o Vill. Garh Dolian, Police Station Nurpur Bedi, Tehsil Anandpur Sahib, Distt. Rupnagar, now residing at Vill. Kakrali, Tehsil Chamkaur Sahib, Distt. Rupnagar and another .

Versus
General Public
Petition u/s

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 25.1.2023 at 10.00 a.m.

For details logon to https://highcourtchd.gov.in/?trs=district notice&district=Ropar

Civil Judge (Senior Division), Rupnagar.
Dated, this day of 8.12.2022

# ਕਲਾਸੀਫਾਈਡ ਇਸ਼ਤਿਹਾਰ

## Change of Name

I, Harkamal S/o Sh. Mohinder Lal R/o Village Bassi Nau, PO Kakkon Tehsil & Distt. Hoshiarpur Punjab have changed my name from Harkamal to Harkamal Motten. Concerned Note.

I,Pooja Arora W/O Manoj Kumar Bhatia R/O 3606/9,Gali No.2, Bhagtan Wala, Amritsar,Punjab have changed my name from Pooja Arora to Pooja Bhatia. Concerned note.

I,Subhash Chawla S/O Jai Ram R/O H.No.15, Ward No.4, Opp. Central Jail, Ajnala Road, Amritsar, Punjab have changed my name from Subhash Chawla to Subash Chawla.Concerned note.

I, Asha Bhatia w/o Naresh Kumar Kohli r/o H.no. 240, Gali No. 7, Guru Harkrishan Nagar, Banga Road, Phagwara have changed my name to Asha Kohli. All Please Note.

I, Sanjeev Kumar s/o Ravi Parkash r/o 518, Link Road, Back Side Dera Satkartar, Model Town, Jalandhar-144001, Punjab have changed my name to Sanjeev Mehmi. All Please Note.

I, Gurdeep Heer c/o Sham Lal r/o 502, New Chandan Nagar, Kartarpur-144801, Punjab have changed my name from Gurdeep to Gurdeep Heer. All Please Note.

## Court Notice

**In the Court of Sh. Ravi Inder Singh Civil Judge (Senior Division), Rupnagar.**

CS/655/2020
CNR No. PBRO02-000961-2020
Next Date : 21.1.2023

State Bank of India having different branches at different places including one at New Grain Market, Khanna Tehsil Khanna, Distt. Ludhiana through its Principal officer and branch manager Sh. Balwinder Singh.

Versus

Sarabjit Kaur W/o Onkar Singh R/o H.No. 249 A, Anand Nagar, Near Gas Godown, Marian Road, Khanna, Tehsil Khanna, Distt. Ludhiana.

Suit for recovery

Publication issued to : Sarabjit Kaur W/o Onkar Singh R/o H.No. 249 A, Anand Nagar, Near Gas Godown, Marian Road, Khanna, Tehsil Khanna, Distt. Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.1.2023 at 10.00 a.m.

For details logon to https://highcourtchd.gov.in/?trs=district notice&district=Ropar

Civil Judge (Senior Division), Rupnagar.
Dated, this day of 8.12.2022

## Court Notice

**In the Court of Sh. Hasan Deep Singh Bajwa Judicial Magistrate Ist Class, Malerkotla.**

CNR No. PBSGC1-000805-2020
Next Date : 15.2.2023

1. Seema Jindal Proprietor of M/s Mahadev Foods, Vill. Mehtabgarh, P.O. Ghungrana Distt. Ludhiana-141204 (M) 9781954055 email mahadev-foods@rediffmail.com 2. M/s Mahadev Foods Vill. Mehtabgarh, P.O. Ghungrana, Distt. Ludhiana-141204 through its Proprietor Mrs. Seema Jindal.

Versus

1. S.K. Industries through its proprietor Mrs. Sarla Rani Thatai, Tiwana Road, Jalalabad-152024 2. Sarla Rani Thatai, Proprietor and authorized signatory of M/s S.K. Industries, Tiwana Road, Jalalabad-152024 3. Amit Thatai, Manager of M/s S.K. Industries. Tiwana Road, Jalalabad-152024

Complaint under section 138 of the Negotiable Instruments Act

Publication issued to : 1. S.K. Industries through its proprietor Mrs. Sarla Rani Thatai, Tiwana Road, Jalalabad-152024 2. Sarla Rani Thatai, Proprietor and authorized signatory of M/s Industries, Tiwana Road, Jalalabad-152024 3. Amit Thatai, Manager of M/s S.K. Industries. Tiwana Road, Jalalabad-152024

In above titled case, the accused could not be served. It is ordered that accused should appear in person or through counsel on 15.2.2023 at 10.00 a.m.

For details logon to https://highcourtchd.gov.in/?trs=district notice&district=Sangrur

Judicial Magistrate Ist Class, Malerkotla.
Dated, this day of 15.12.2022

## Public Notice

I Harvir Singh S/o Davinderpal Singh R/o VPO Bakraha, Patran, Patiala, 147102 had lost my previous original sale deed executed by Nirmila Devi W/o Hans Raj in favour of Nina Kumari W/o Bheem sen S/o Amar Naath Document No. 299 additional book No. 1 Page No. 99 Dated 4-5-1995. If anyone found these papers or having any kind of objection. Please Contact us or Contact State Bank of India Jakhal Road Patran within 7 days.
Contact No. 01764-245192

I, Chaitanya Sunitha person W/o Sarat Chandra Bose peterson R/o Ruby Nelson Memorial Hospital C-1, Cantt. Road, Jalandhar, Punjab, India, declare that my name is mentioned in some documents as K Ch Sunitha and in my some documents as Karumanchi Ch Sunitha and also mentioned in my passport as Chaitanya Sunitha Peterson and also in some documents as Ch Sunitha Peterson. Actually all these name i.e. K Ch Sunitha, Karumanchi Ch Sunitha, Chaitanya Sunitha peterson and Ch Sunitha peterson belongs to one and same person. Concerned please note. (5494)

I, Simranjit Kaur W/o Balwinder Singh R/o H. No. 26, New Green Park, Jalandhar, Punjab, India, declare that in my 10th School Certificate Vide Sr. No. AISC/90 my name is wrongly mentioned as Simaran Jit Kaur but my correct name Simranjit Kaur and my Father `s correct name is Rajinder Pal Singh. (6597)

It is for general information that I, Ajeeva Beniwal D/o Juginder Tiger R/o 707, 3rd Floor, Block-E, Phase-1, Near Sukhna Choe, Ravindra Apartment, Baltana, SAS Nagar (Mohali), Punjab-140604 declare that name of mine has been wrongly written as Ekta in my all educational documents and the name of my father has been wrongly written as Jogender Singh in my 10th class Marksheet and as Joginder Singh in my 12th class marksheet and graduation documents. The actual name of mine and my father are Ajeeva Beniwal and Juginder Tiger respectively which may be amended accordingly.

I, Sanjeev Kumar S/o Late. Tilak Raj R/o H.No. W.L-135, Binda Chowk, Basti Guzan, Jalandhar, Punjab declare that my son Ajay Verma is out of my control. I disinherit him from my movable and immovable properties. I and my family shall not be held responsible for any of his acts deeds and things. All please note.

## ਪਬਲਿਕ ਨੋਟਿਸ

ਅਸੀਂ, ਸ਼ਿਵ ਕੁਮਾਰ ਪੁੱਤਰ ਸ੍ਰੀ ਦਿਵਰਜੀਤ ਸ਼ਰਮਾ ਅਤੇ ਹਰਪ੍ਰੀਤ ਸ਼ਰਮਾ ਪਤਨੀ ਸ਼ਿਵ ਕੁਮਾਰ ਵਾਸੀਆਨ ਆਨੰਦ ਨਗਰ, ਫਗਵਾੜਾ, ਕਪੂਰਥਲਾ ਬਿਆਨ ਕਰਦੇ ਹਾਂ ਕਿ ਸੰਤ ਰਾਮ ਉਰਫ ਪ੍ਰਿੰਸ ਜੋ ਕਿ ਸਾਡੇ ਘਰ ਆਉਂਦਾ ਜਾਂਦਾ ਸੀ ਅਤੇ ਸਾਡੇ ਉਸ ਨਾਲ ਦੋਸਤੀ ਦੇ ਤੌਰ ਤੇ ਸਬੰਧ ਸਨ। ਅਸੀਂ ਇਸ ਨਾਲ ਆਪਣੇ ਸਾਰੇ ਸੰਬੰਧ ਤੋੜਦੇ ਹਾਂ। ਇਸ ਦੇ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਸਾਡੀ ਤੇ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮਨਜੀਤ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ, ਵਾਸੀ ਧੂਰੀ ਦੇ ਨਾਮ ਪਰ ਖੇਵਟ ਪਿੰਡ ਮਾਨਵਾਲਾ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰ:- ਏ.ਪੀ31/913 (12.50 ਪਾਵਰ ਹਾਰਸ) ਨੂੰ ਜਗਸੀਰ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ ਵਾਸੀ ਪੁਰੀ ਪਿੰਡ, ਧੂਰੀ, ਜ਼ਿਲਾਂ ਸੰਗਰੂਰ ਨੇ ਖੇਵਟ ਪਿੰਡ ਮਾਨਵਾਲਾ ਚੱਲਦੇ ਮੋਟਰ ਕੁਨੈਕਸ਼ਨ ਨੂੰ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ, ਇਤਰਾਜੀ 15 ਦਿਨਾਂ ਅੰਦਰ ਐਸ.ਡੀ.ਓ. ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਦੇ ਇਤਰਾਜ ਪੇਸ਼ ਕਰੋ।

ਮੈਂ, ਸਰਵਣ ਸਿੰਘ ਪੁੱਤਰ ਨੰਦ ਲਾਲ ਪਿੰਡ ਤੇ ਡਾਕਖਾਨਾ ਪੰਡੋਰੀ ਗੰਗਾ ਸਿੰਘ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨਵਦੀਪ ਤੇ ਕਮਲਜੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਸਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕੀਤਾ ਹੋਇਆ ਸੀ। ਇਹ ਦੋਵੇਂ ਹੁਣ ਮੇਰੇ ਕਹਿਣੇ ਵਿੱਚ ਹਨ। ਮੈਂ ਆਪਣੀ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੀਆਂ ਪੂਰਨ ਮਾਲਕ ਅਤੇ ਕਾਬਜ਼ ਹੋਣਗੀਆਂ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਰਾਜ ਕੁਮਾਰ ਪੁੱਤਰ ਕਰਤਾਰ ਚੰਦ ਵਾਸੀ ਪੱਤੀ ਤੱਖਰ, ਪਿੰਡ ਸ਼ੰਕਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਹਰਪ੍ਰੀਤ ਅਤੇ ਉਸ ਦਾ ਪਤੀ ਸ਼ਿਵ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਖੁਦ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈ ਕੁਲਬੀਰ ਸਿੰਘ ਪੁੱਤਰ ਚੈਚਲ ਸਿੰਘ ਵਾਸੀ ਪਿੰਡ ਭਰੋਵਾਲ,ਤਹਿਸੀਲ ਖਡੂਰ ਸਾਹਿਬ, ਜਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਮਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਆਪਣੇ ਲੜਕੇ ਹਰਮਨਦੀਪ ਸਿੰਘ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। (Sandha)

ਮੈਂ ਦੁਰਗਾਦਾਸ ਪੁੱਤਰ ਗੁਜਰ ਰਾਮ ਵਾਸੀ ਬਾਉਲੀ ਇੰਦਰਜੀਤ ਨੇੜੇ ਰਾਮ ਤਲਾਈ ਮੰਦਰ ਬਟਾਲਾ ਜਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਮੇਰਾ ਲੜਕਾ ਅਸ਼ੋਕ ਕੁਮਾਰ ਅਤੇ ਨੂੰਹ ਨਰਿੰਦਰ ਬਾਲਾ ਅਤੇ ਉਸ ਦੀ ਲੜਕੀ ਪ੍ਰੀਤੀ ਉਰਫ ਪਾਸੀ ਅਤੇ ਲੜਕਾ ਸਾਹਿਲ ਉਰਫ ਬੋਨੀ ਮੇਰੇ ਪੋਤਰਾ ਪੋਤਰੀ )ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ ਉਹਨਾਂ ਨੂੰ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ ।

ਅਸੀ ਬਿਕਰ ਰਾਮ ਪੁੱਤਰ ਸ਼੍ਰੀ ਬਸੰਤ ਰਾਮ ਅਤੇ ਬਿਮਲਾ ਪਤਨੀ ਸ਼੍ਰੀ ਬਿਕਰ ਰਾਮ ਵਾਸੀ ਪਿੰਡ ਤੇ ਡਾਕਘਰ ਸੁਦਾਨਾ ਜਿਲਾ ਜਲੰਧਰ ਬਿਆਨੀ ਹਾਂ ਕਿ ਸਾਡਾ ਪੁੱਤਰ ਹਰਪ੍ਰੀਤ ਸਾਡੇ ਕਹਿਣੇ ਤੋਂ ਬਾਹਰ ਹੋਣ ਕਾਰਨ ਅਸੀਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿਤਾ ਹੈ । ਉਸ ਦਾ ਸਾਡੀ ਚੱਲ ਅਚੱਲ ਜਾਇਦਾਦ ਤੇ ਸਾਡੇ ਪਰਿਵਾਰ ਦੇ ਕਿਸੇ ਵੀ ਮੈਂਬਰ ਨਾਲ ਕੋਈ ਸੰਬਧ ਨਹੀਂ ਰਿਹਾ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜੁਮੇਵਾਰ ਹੋਵੇਗਾ। (Parshotam)

ਮੈਂ ਅਨਟੋਨੀਆ ਪਤਨੀ ਲੇਟ ਸ਼੍ਰੀ ਨਾਜਰ ਵਾਸੀ 917-ਸੀ,ਐਚ.ਆਈ.ਜੀ.ਹਾਊਸਿੰਗ ਬੋਰਡ ਕਲੋਨੀ,ਸੀ-ਬਲਾਕ,ਰਣਜੀਤ ਐਵੀਨਿਊ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਅਨੀਤਾ ਉਰਫ ਨੀਤੂ ਪਤਨੀ ਡਿੰਪਲ ਤੇ ਇਸਦੀ ਲੜਕੀ ਤਨੁਸ਼ਿਕਾ ਉਰਫ ਮਿੱਠੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮਨ ਮਰਜੀ ਦੇ ਮਾਲਕ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਅਸੀਂ ਜੈ ਕਿਸ਼ਨ ਪੁੱਤਰ ਤਿਲਕ ਰਾਜ ਅਤੇ ਮੀਨਾ ਰਾਣੀ ਪਤਨੀ ਜੈ ਕਿਸ਼ਨ ਵਾਸੀਆਨ ਨੇੜੇ ਰਾਮ ਮੰਦਿਰ,ਤਿੱਬੜ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਅਕਾਸ਼ ਕਪਿਲ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ । ਉਹ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ।

ਮੈਂ, ਕੁਲਜੀਤ ਕੌਰ ਪਤਨੀ ਗੁਰਦੇਵ ਸਿੰਘ ਵਾਸੀ ਨਿਊ ਅਜ਼ਾਦ ਨਗਰ, ਗਲੀ ਨੰ. 6, ਮਕਾਨ ਨੰ. 719, ਸੁਲਤਾਨਵਿੰਡ ਰੋਡ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮਨਪ੍ਰੀਤ ਕੌਰ ਪਤਨੀ ਰਵਿੰਦਰ ਸਿੰਘ ਤੇ ਸਿਮਰਨਜੀਤ ਕੌਰ ਪਤਨੀ ਸੰਨੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਮਕਾਨ ਨੰ. 22 ਏ, ਗਲੀ ਨੰ. 1, ਰਜਿੰਦਰ ਨਗਰ, ਜੀ ਟੀ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਨਜੀਤ ਸਿੰਘ ਤੇ ਮੇਰੀ ਨੂੰਹ ਨਵਨੀਤ ਕੌਰ ਅਤੇ ਦੋ ਪੋਤਰੇ ਆਲਮਬੀਰ ਸਿੰਘ ਤੇ ਫਤਿਹਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸਵਿੰਦਰ ਸਿੰਘ ਪੁੱਤਰ ਸ੍ਰ. ਪੂਰਨ ਸਿੰਘ ਵਾਸੀ ਮਕਾਨ ਨੰਬਰ 21-ਏ, ਸੋਰੀ ਨਗਰ, ਪੁਰਾਣੀ ਚੁੰਗੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ ਤੇ ਉਸ ਦੀ ਪਤਨੀ ਰਵਿੰਦਰ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪ੍ਰੀਤਮ ਸਿੰਘ ਪੁੱਤਰ ਸ੍ਰ. ਖਜਾਨ ਸਿੰਘ ਵਾਸੀ ਮਕਾਨ ਨੰ. 226-ਏ, ਰਾਣਾ ਗਾਰਡਨ, ਮੇਹਤਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਤੇ ਉਸ ਦੀ ਪਤਨੀ ਬੇਅੰਤ ਕੌਰ ਤੇ ਇਨ੍ਹਾਂ ਦੇ ਦੋ ਬੱਚੇ ਖੁਸ਼ਦੀਪ ਕੌਰ, ਗੁਰਨੂਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਹਰਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਮਕਾਨ ਨੰ: 29/9-ਆਰ, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ, (ਪੰਜਾਬ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਜੇ ਰਾਣਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਅਰਪਿਤ)

## ਨਾਂਅ ਦੀ ਬਦਲੀ

ਮੈਂ ਚਰਨਾਂ ਪੁੱਤਰ ਸੋਹਣ ਰਾਮ ਵਾਸੀ ਮਾਨਾਂ ਪਿੰਡੀ ਧਨੌਲਾ ਤਸੀਲ ਬਰਨਾਲਾ ਜ਼ਿਲ੍ਹਾ ਬਰਨਾਲਾ ਦਾ ਰਹਿਣ ਵਾਲਾ ਹਾਂ ਚਰਨਾਂ ਰਾਮ ਪੁੱਤਰ ਸੋਹਨ ਰਾਮ ਨਾਲ ਜਾਣਿਆ ਜਾਵੇ।

ਮੈਂ ਹਰਜਿੰਦਰ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਕੁੱਕੜ ਪਿੰਡ ਜਲੰਧਰ ਨੇ ਆਪਣਾ ਨਾਮ ਬਦਲ ਕੇ ਗੁਰਦੀਪ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (Walia )

ਮੈਂ ਨਰੇਸ਼ ਚੰਦ ਪੁੱਤਰ ਸਰਵਣ ਰਾਮ ਪਿੰਡ/ਡਾਕਖਾਨਾ ਨੰਗਲ ਮੱਜਾ, ਤਹਿ. ਫਗਵਾੜਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੈਂ ਦੋ ਨਾਵਾਂ ਨਾਲ ਜਾਣਿਆ ਜਾਂਦਾ ਹਾਂ ਯਾਨੀ ਨਰੇਸ਼ ਚੰਦ ਉਰਫ ਨਰੇਸ਼ ਚੰਦ ਜੱਸੀ। ਦੋਵੇਂ ਨਾਂ ਮੇਰੇ ਹਨ।

ਮੈਂ, ਡੋਲੀ ਪਤਨੀ ਮਨੋਹਰ ਲਾਲ ਵਾਸੀ 1515-ਬੀ, ਗਲੀ ਮੋਚੀਆਂ ਵਾਲੀ, ਅੰਦਰੂਨ ਹਾਲ ਗੇਟ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਡੇਜ਼ੀ ਰਾਣੀ ਅਤੇ ਡੋਲੀ ਦੋਵੇਂ ਮੇਰੇ ਹੀ ਨਾਂਅ ਹਨ ਅਤੇ ਇੱਕੋ ਹੀ ਔਰਤ ਦੇ ਹਨ। ਮੇਰਾ ਐੱਲ ਆਈ ਸੀ ਨੰ. 174758202 ਹੈ।

ਮੈਂ, ਸੁਨੀਤਾ ਰਾਣੀ ਪਤਨੀ ਨਰਿੰਦਰ ਕੁਮਾਰ ਵਾਸੀ ਚੌਗਾਵਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਸੁਨੀਤਾ ਅਤੇ ਸੁਨੀਤਾ ਰਾਣੀ ਦੋਵੇਂ ਨਾਂਅ ਮੇਰੇ ਇੱਕੋ ਹੀ ਔਰਤ ਦੇ ਹਨ ਅਤੇ ਪਿੰਡ ਵਿੱਚ ਮੈਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਮੈਂ, ਅਮ੍ਰਿਤ ਸਿੰਘ ਪੁੱਤਰ ਸ੍ਰੀ ਹਰਭਜਨ ਸਿੰਘ ਵਾਸੀ ਪਿੰਡ ਲੰਮੇ, ਡਾਕ. ਸ਼ਾਮ ਚੁਰਾਸੀ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਅਮਿਤ ਕੁਮਾਰ ਤੋਂ ਬਦਲ ਕੇ ਅਮ੍ਰਿਤ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈ, ਪਰਮਜੀਤ ਕੌਰ ਪਤਨੀ ਹਰਦੀਪ ਸਿੰਘ ਵਾਸੀ ਪਿੰਡ ਫੱਤੂ ਢਿੰਗਾ ਜਿਲਾ ਕਪੂਰਥਲਾ ਬਿਆਨੀ ਹਾਂ ਕਿ ਮੈ ਐਲ ਆਈ ਸੀ ਦੀ ਪਾਲਸੀ ਨੰ 133741754 ਲੈਣ ਸਮੇ ਮੇਰਾ ਨਾਮ ਦਰਸ਼ਨ ਕੌਰ ਸੀ ਜੋ ਮੈ ਬਦਲ ਕੇ ਪਰਮਜੀਤ ਕੌਰ ਕਰ ਲਿਆ ਸੀ । ਹੁੱਣ ਮੇਰੇ ਸਾਰੇ ਸਨਾਖਤੀ ਦਸਤਾਵੇਜ਼ ਪਰਮਜੀਤ ਕੌਰ ਦੇ ਨਾਲ ਹੀ ਹਨ।

## Change of Name

I, Sunpreet Kaur W/o Gurkanwar Singh Sahota R/o H.No. 56, B-8, Model Colony Distt. Hoshiarpur Punjab have changed my name from Sunpreet Kaur to Sunpreet Kaur Sahota. Concerned note.

Hema w/o Sandeep Kumar vpo kot fatuhi teh garshankar district Hoshiarpur I have changed my name hema to hema rani. (Dr Raman)

I, Jaskaran S/o Harwinder Singh R/o Vill. Sarhali, Tehsil Phillaur, Distt. Jalandhar, Pb., have changed my name Jaskaran to Jaskaran Singh. All concerned please note. (6596)

I, Manjeet Kaur W/o Surjeet Singh R/o W.No. 3/15, Sant Isher Singh Colony, Urmar, Tehsil Dasuya (Hoshiarpur), Punjab, have changed my name to Manjit Kaur. All concerned please note. (Behl)

I, Amarinder Singh Pruthi S/o Gurinder Paul Singh R/o 538-R, Model Town, Jalandhar, Punjab,declare that I have changed my name from Amarinder Paul Singh Pruthi to Amarinder Singh Pruthi.

I, Ashok Kumar Passi S/o Bsheshar Dass R/o Sheikhupur, Kapurthala, Punjab declare that Ashok Kumar Passi and Ashok Passi are the names of one and same person i.e. me. All concerned may please note.

I Kabal Singh S/o Dalip Singh R/o Village Nangal Guru PO Bundala Distt Amritsar have changed my name from Kabul Singh to Kabal Singh

I, Navjinderjit Singh S/o Ajit Singh R/o Village Chak Mukand PO Khassa Bazar Amritsar have changed my name from Navjinderjit Singh to Navinder Singh

I, Komal W/o Paru Sonik R/o H.No.S 4/629, Gali Khai Wali, Katra Khazana, Amritsar have changed my name from Komal to Komal Sonik.

I, Sukhpal Kaur D/o Gurbachan Singh W/o Gurpreet Singh Suchu R/oH.No.1165-B, New Partap Nagar, G.T.Road, Amritsar have changed my name from Sukhpal Kaur to Raminderjit Kaur.

I Simran w/o Surjit Arora, R/o H. no. 166, Ward no. 26, Patti Chiraga, Chowk Shekhan, Moga.Have change my name to Simran Arora after marriage

I hitherto known as HEMLATA GAUTAM alias ABHAR SHARMA D/o Bishan Dass Gautam W/o Arun Jatinder Mehta R/o House Number 177, Street No.06, Near Mann Resort Green Vally Colony, Churpur Road, Haibowal, Ludhiana, Punjab-141001 have changed my name and shall hereafterbe known as ABHAR SHARMA.

I Jagga S/o Resham Singh R/o Village Khan Khana, Tehsil Banga, Distt. S.B.S. Nagar, Punjab, India, 144509 are knowing by two names *JAGGA & JAGVIR SINGH RAI* is one & the same person

I hitherto known as PREM PARKASH Son of Atam Parkash Residing at HOUSE NO. B-13/78, GURUDWARA STREET, KATCHA TOBA, HOSHIARPUR, PUNJAB-146001 have changed my name and shall hereafterbe known as PREM PARKASH CHARLA.

I Malkit Singh s/o Piara Singh r/o village bika post office Khankhana TEHSIL Banga distt sbs nagar Punjab India want to change name of my minor son From HARASH TO HARSH

I, Deepak Bhagat S/o: Madan Lal, R/O:H.NO: 53- Fullian Wali Gali Madhuban Colony, Basti Bawa Khel, Jalandhar, have changed my name from: Deepak to: Deepak Bhagat.

I, Nargis W/o Rajinder Pal R/O Vill. Sarangwal, P.O. Sandhanwal, Tehsil Shahkot, Distt. Jalandhar have changed my name to Nargis Pal

I, Bikkar S/o Sohan Lal R/o VPO. Nijjran, Distt.Jalandhar, Punjab have changed my name from Bikkar to Bikkar Mattu. All Please Note.

I, Gurmit Singh S/o Gurdish Singh R/o Vill. Bajuha Kalan, Po. Bajuha Khurd, Distt. Jalandhar-144033, Punjab have correction in my spelling name from Gurmit Singh to Gurmeet Singh. All Please Note.

I, Paras Mani S/o Ramesh Chander R/o H.No. NM-43, Mohalla Karar Khan, Jalandhar have changed my name from Paras Mani to Paras Mani Sahota. All Please Note.

I, Gurdial Singh S/o Gian Singh R/o Vill. Muradpur Awana, PO & Teh. Mukerian, Distt. Hoshiarpur-144211, Punjab have changed my name from Gurdial Singh to Singh Gurdial. All Please Note.

# ਖੇਤ ਮਜ਼ਦੂਰ ਯੂਨੀਅਨ ਵੱਲੋਂ ਕਾਮਰੇਡ ਧਨੌਲਾ ਨੂੰ ਸ਼ਰਧਾਂਜਲੀ ਭੇਟ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਸਾਥੀ ਗੁਰਨਾਮ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ਇਕੱਤਰਤਾ ਹੋਈ ਜਿਸ ਵਿੱਚ ਸੋਗ ਮਤੇ ਰਾਹੀਂ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਲਾਲ ਸਿੰਘ ਧਨੌਲਾ ਦੀ ਅਚਨਚੇਤ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਧਨੌਲਾ ਦੀ ਮੌਤ ਜਥੇਬੰਦੀ ਲਈ ਨਾ ਸਹਿਣਯੋਗ ਘਾਟਾ ਹੈ। ਜਥੇਬੰਦੀ ਧਨੌਲਾ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਅਤੇ ਪਰਿਵਾਰ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਜਥੇਬੰਦੀ ਹਰ ਵਕਤ ਆਗੂ ਦੇ ਪਰਿਵਾਰ ਦੇ ਹਰ ਦੁੱਖ ਸੁੱਖ ਵਿੱਚ ਸ਼ਰੀਕ ਹੋਵੇਗੀ। 18 ਦਸੰਬਰ ਨੂੰ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਵਿੱਚ ਵੱਧ ਤੋਂ ਵੱਧ ਸਾਥੀ ਹਾਜ਼ਰ ਹੋਣਗੇ। ਇਸ ਮੌਕੇ ਹਾਜ਼ਰ ਸਤਨਾਮ ਸਿੰਘ ਕਲੇਰ, ਵਿਰਸਾ ਸਿੰਘ, ਕਰਤਾਰ ਸਿੰਘ, ਵਜ਼ੀਰ ਚੰਦ ਨੰਗਲੀ, ਕ੍ਰਿਪਾ ਰਾਮ, ਤਰਸੇਮ ਸਿੰਘ ਬਾਠ, ਜਗੀਰ ਸਿੰਘ ਸਰਗਾ ਅਤੇ ਨਿਰਮਲ ਸਿੰਘ ਪੱਟੀ ਨੇ ਸ਼ਰਧਾਂਜਲੀ ਭੇਟ ਕੀਤੀ।

# ਐੱਚ ਡੀ ਐੱਫ ਸੀ ਬੈਂਕ ਨੇ ਪੂਰੇ ਭਾਰਤ 'ਚ 100 ਨਵੀਆਂ ਸ਼ਾਖਾਵਾਂ ਖੋਲ੍ਹੀਆਂ

**ਅੰਮ੍ਰਿਤਸਰ** : ਐੱਚਡੀਐੱਫਸੀ ਬੈਂਕ ਨੇ ਐਲਾਨ ਕੀਤਾ ਕਿ ਉਸਨੇ ਪੂਰੇ ਭਾਰਤ ਵਿੱਚ 100 ਨਵੀਆਂ ਸ਼ਾਖਾਵਾਂ ਖੋਲ੍ਹੀਆਂ ਹਨ। ਨਵੀਆਂ ਸ਼ਾਖਾਵਾਂ 15 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਫੈਲੇ 83 ਸ਼ਹਿਰਾਂ/ਕਸਬਿਆਂ ਵਿੱਚ ਖੋਲ੍ਹੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਲਗਭਗ 50% ਸ਼ਾਖਾਵਾਂ ਅਰਧ-ਸ਼ਹਿਰੀ ਅਤੇ ਪੇਂਡੂ ਭੂਗੋਲਿਕ ਖੇਤਰਾਂ ਵਿੱਚ ਹਨ। ਨਵੀਆਂ ਸ਼ਾਖਾਵਾਂ ਨੂੰ ਸ਼ਸ਼ੀਧਰ ਜਗਦੀਸ਼ਨ ਐੱਮਡੀ ਦੁਆਰਾ ਡਿਜੀਟਲ ਰੂਪ ਵਿੱਚ ਲਾਂਚ ਕੀਤਾ ਗਿਆ। ਨਵੀਆਂ ਸ਼ਾਖਾਵਾਂ 'ਤੇ ਟਿੱਪਣੀ ਕਰਦੇ ਹੋਏ ਅਰਵਿੰਦ ਵੋਹਰਾ ਗਰੁੱਪ ਹੈੱਡ ਰਿਟੇਲ ਬ੍ਰਾਂਚ ਬੈਂਕਿੰਗ, ਐੱਚਡੀਐੱਫਸੀ ਬੈਂਕ ਨੇ ਕਿਹਾ ਕਿ ਅਸੀਂ ਭੌਤਿਕ ਸ਼ਾਖਾ ਇਕਾਈਆਂ ਅਤੇ ਡਿਜੀਟਲ ਬੈਂਕਿੰਗ ਸੇਵਾਵਾਂ ਦੇ ਸੁਮੇਲ ਰਾਹੀਂ ਆਪਣੇ ਗਾਹਕਾਂ ਦੀ ਸੇਵਾ ਕਰਨ ਲਈ ਵਚਨਬੱਧ ਹਾਂ। ਅਸੀਂ ਹੋਰ ਸ਼ਾਖਾਵਾਂ ਖੋਲ੍ਹਣ ਦੀ ਉਮੀਦ ਰੱਖਦੇ ਹਾਂ। ਆਉਣ ਵਾਲੇ ਮਹੀਨਿਆਂ ਵਿੱਚ ਦੇਸ਼ ਭਰ ਵਿੱਚ ਮਿਆਰੀ ਬੈਂਕਿੰਗ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਾਂਗੇ। ਬੈਂਕ ਨੇ ਚਾਲੂ ਵਿੱਤੀ ਸਾਲ ਵਿੱਚ 425 ਪ੍ਰਚੂਨ ਸ਼ਾਖਾਵਾਂ ਅਤੇ ਚਾਰ ਡਿਜੀਟਲ ਬੈਂਕਿੰਗ ਯੂਨਿਟ ਖੋਲ੍ਹੇ ਹਨ। ਜਿਵੇਂ ਕਿ ਦਸੰਬਰ ਦੇ ਅੰਤ ਵਿੱਚ 15, 2022, ਬੈਂਕ ਦੇ ਵਿਤਰਣ ਨੈੱਟਵਰਕ ਵਿੱਚ 3,279 ਸ਼ਹਿਰਾਂ/ਕਸਬਿਆਂ ਵਿੱਚ 6,762 ਪ੍ਰਚੂਨ ਸ਼ਾਖਾਵਾਂ, ਚਾਰ ਡਿਜੀਟਲ ਬੈਂਕਿੰਗ ਯੂਨਿਟਾਂ ਅਤੇ 17,076 ਏਟੀਐੱਮ ਸ਼ਾਮਲ ਹਨ। ਐੱਚਡੀਐੱਫਸੀ ਬੈਂਕ ਦੇ ਵਿਸਤ੍ਰਿਤ ਵਿਤਰਣ ਨੈੱਟਵਰਕ ਨਾਲ ਇਸਦੇ ਕਾਰੋਬਾਰਾਂ ਦੇ ਵਾਧੇ ਵਿੱਚ ਸਹਾਇਤਾ ਕਰਨ ਅਤੇ ਬੈਂਕ ਨੂੰ ਆਪਣੇ ਗਾਹਕਾਂ ਦੀ ਸੇਵਾ ਵਿੱਚ ਮਦਦ ਕਰਨ ਦੀ ਉਮੀਦ ਹੈ। ਬੈਂਕ ਨੇ ਤਿੰਨ ਮੁੱਖ ਖੇਤਰਾਂ ਵਪਾਰਕ ਵਰਟੀਕਲ, ਡਲਿਵਰੀ ਚੈਨਲ ਅਤੇ ਟੈਕਨਾਲੋਜੀ/ਡਿਜੀਟਲ ਵਿੱਚ ਆਪਣੀ ਐਗਜ਼ੀਕਿਊਸ਼ਨ ਤਾਕਤ ਨੂੰ ਮਜ਼ਬੂਤ ਕਰਨਾ ਜਾਰੀ ਰੱਖਿਆ ਹੈ।

# ਲਘੂ ਫਿਲਮ 'ਏ ਚੀਟ ਡੇ' ਦਾ ਪ੍ਰੀਮੀਅਰ ਲਾਂਚ

**ਅੰਮ੍ਰਿਤਸਰ** : ਰਾਇਲ ਸਟੈਗ ਬੈਰਲ ਸਿਲੈਕਟ ਲਾਰਜ ਸ਼ਾਰਟ ਫਿਲਮਜ਼ ਨੇ ਆਪਣੀ ਨਵੀਨਤਮ ਲਘੂ ਫਿਲਮ 'ਏ ਚੀਟ ਡੇਅ' ਦਾ ਪ੍ਰੀਮੀਅਰ ਕੀਤਾ, ਜਿਸ ਵਿੱਚ ਚਾਰ ਫੋਰ ਮੋਰ ਸਾਟਸ ਪਲੀਜ਼ ਵਾਲੇ ਫੇਮ ਅਭਿਨੇਤਾ ਰਾਜੀਵ ਸਿਧਾਰਥ ਅਤੇ ਨੀਰਜਾ ਫੇਮ ਅਦਾਕਾਰਾ ਈਸ਼ਾ ਏ ਚੋਪੜਾ ਮੁੱਖ ਭੂਮਿਕਾ ਵਿੱਚ ਹਨ। ਗੌਤਮ ਅਰੋੜਾ ਦੁਆਰਾ ਨਿਰਦੇਸ਼ਤ ਜਿਸ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਫਿਲਮ ਫੈਸਟੀਵਲਾਂ ਵਿੱਚ ਤਾਰੀਫ ਮਿਲੀ ਹੈ, ਇਹ ਲਘੂ ਫਿਲਮ ਦੋ ਅਜਨਬੀਆਂ ਮਾਇਆ ਅਤੇ ਚਿਰਾਗ ਵਿਚਕਾਰ ਹੁੰਦੀ ਗੱਲਬਾਤ ਦੇ ਆਲੇ-ਦੁਆਲੇ ਘੁੰਮਦੀ ਹੈ, ਜਿਨ੍ਹਾਂ ਨੂੰ ਇੱਕ ਵਾਰ ਮਿਲਣ ਦਾ ਮੌਕਾ ਮਿਲਦਾ ਹੈ। ਉਹ ਵਚਨਬੱਧਤਾ ਅਤੇ ਵਫ਼ਾਦਾਰੀ ਪ੍ਰਤੀ ਦੋ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਪ੍ਰਗਟ ਕਰਦੀ ਹੈ। 'ਏ ਚੀਟ ਡੇ' ਬਾਰੇ ਗੱਲ ਕਰਦਿਆਂ ਅਭਿਨੇਤਾ ਰਾਜੀਵ ਸਿਧਾਰਥ ਨੇ ਆਖਿਆ ਕਿ ਰਾਇਲ ਸਟੈਗ ਬੈਰਲ ਸਿਲੈਕਟ ਲਾਰਜ ਸ਼ਾਰਟ ਫਿਲਮਾਂ ਨਾਲ ਇਹ ਮੇਰਾ ਪਹਿਲਾ ਰਿਸ਼ਤਾ ਹੈ ਅਤੇ ਮੈਂ ਏ ਚੀਟ ਡੇ ਦੀ ਰਿਲੀਜ਼ ਲਈ ਬਹੁਤ ਉਤਸ਼ਾਹਿਤ ਹਾਂ। ਫਿਲਮ ਬਾਰੇ ਆਪਣੇ ਉਤਸ਼ਾਹ ਜ਼ਾਹਰ ਕਰਦੇ ਹੋਏ ਅਭਿਨੇਤਰੀ ਈਸ਼ਾ ਏ ਚੋਪੜਾ ਨੇ ਆਖਿਆ ਕਿ ਏ ਚੀਟ ਡੇ ਮੇਰੇ ਲਈ ਨਾ ਸਿਰਫ ਇੱਕ ਅਭਿਨੇਤਾ ਦੇ ਤੌਰ 'ਤੇ ਸਗੋਂ ਇੱਕ ਵਿਅਕਤੀਗਤ ਤੌਰ 'ਤੇ ਵੀ ਇੱਕ ਦਿਲਚਸਪ ਮੌਕਾ ਲੈ ਕੇ ਆਈ ਹੈ ਕਿਉਂਕਿ ਇਸ ਨੇ ਮੈਨੂੰ ਆਪਣੇ ਅੰਦਰ ਦੇਖਣ ਲਈ ਪ੍ਰੇਰਿਤ ਕੀਤਾ, ਉਹ ਸਮਾਜ ਜਿਸ ਵਿੱਚ ਅਸੀਂ ਵੱਡੇ ਪੱਧਰ 'ਤੇ ਮੌਜੂਦ ਹਾਂ।

# ਵਿਦਿਆਰਥੀਆਂ ਤੋਂ ਜੁਰਮਾਨੇ ਦੇ ਨਾਂਅ 'ਤੇ ਨਜਾਇਜ਼ ਵਸੂਲੀ ਨਹੀਂ ਹੋਣ ਦਿੱਤੀ ਜਾਵੇਗੀ : ਆਇਸਾ



**ਮਾਨਸਾ (ਆਤਮਾ ਸਿੰਘ ਪਮਾਰ)**-ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੀ ਅਗਵਾਈ ਵਿੱਚ ਸਥਾਨਕ ਮਾਤਾ ਸੁੰਦਰੀ ਗਰਲਜ਼ ਕਾਲਜ ਮਾਨਸਾ ਦੇ ਗੇਟ ਅੱਗੇ ਕਾਲਜ ਪ੍ਰਸ਼ਾਸਨ ਖਿਲਾਫ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਰੋਸ ਪ੍ਰਦਰਸ਼ਨ ਕਾਲਜ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਤੋਂ ਵਸੂਲ ਕੀਤੇ ਜਾ ਰਹੇ ਨਜਾਇਜ਼ ਜੁਰਮਾਨੇ ਖਿਲਾਫ ਕੀਤਾ ਗਿਆ, ਜਿਸ ਤੋਂ ਬਾਅਦ ਵਿਦਿਆਰਥੀ ਜਥੇਬੰਦੀ ਆਇਸਾ ਦੀ ਅਗਵਾਈ ਵਿੱਚ ਡੀ ਸੀ ਦਫਤਰ ਮਾਨਸਾ ਤੱਕ ਰੋਸ ਮਾਰਚ ਕਰਕੇ ਧਰਨਾ ਦਿੱਤਾ ਗਿਆ। ਇਸ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥੀ ਜਥੇਬੰਦੀ ਆਇਸਾ ਦੇ ਸੂਬਾ ਪ੍ਰਧਾਨ ਪ੍ਰਦੀਪ ਗੁਰੂ ਨੇ ਕਿਹਾ ਕਿ ਆਪਣੇ ਆਪ ਨੂੰ ਆਮ ਲੋਕਾਂ ਦੀ ਸਰਕਾਰ ਅਖਵਾਉਣ ਵਾਲੀ ਆਪ ਸਰਕਾਰ ਦੇ ਰਾਜ ਵਿੱਚ ਆਉਣ ਤੋਂ ਬਾਅਦ ਸੂਬੇ ਅੰਦਰ ਵਿਦਿਆਰਥੀਆਂ ਦੀਆਂ ਜੇਬਾਂ ਉੱਪਰ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਤੇ ਪ੍ਰਾਈਵੇਟ ਕਾਲਜਾਂ ਵੱਲੋਂ ਵਿਦਿਆਰਥੀਆਂ ਤੋਂ ਨਜਾਇਜ਼ ਫੀਸਾਂ ਤੇ ਜੁਰਮਾਨੇ ਵਸੂਲ ਕੀਤੇ ਜਾ ਰਹੇ ਹਨ ਅਤੇ ਦਾਖਲਾ ਫੀਸਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਦੀ ਉਦਾਹਰਨ ਜੋ ਅੱਜ ਮਾਤਾ ਸੁੰਦਰੀ ਗਰਲਜ਼ ਕਾਲਜ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਤੋਂ ਨਜਾਇਜ਼ ਜੁਰਮਾਨੇ ਵਸੂਲਣ ਦੀ ਕੋਸ਼ਿਸ਼ ਦੇ ਸਾਹਮਣੇ ਆ ਗਈ ਹੈ, ਜਿਸ ਨੂੰ ਵਿਦਿਆਰਥੀ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮਾਤਾ ਸੁੰਦਰੀ ਗਰਲਜ਼ ਕਾਲਜ ਮਾਨਸਾ ਦੀਆਂ ਵਿਦਿਆਰਥਣਾਂ ਤੋਂ ਕਾਲਜ ਵੱਲੋਂ ਯੂਨੀਵਰਸਿਟੀ ਨਿਯਮਾਂ ਦੇ ਖਿਲਾਫ ਨਜਾਇਜ਼ ਜੁਰਮਾਨਾ ਵਸੂਲਣਾ ਬੰਦ ਕਰਵਾ ਕੇ ਵਿਦਿਆਰਥੀਆਂ ਦੇ ਰੁਕੇ ਹੋਏ ਰੋਲ ਨੰਬਰ ਤੁਰੰਤ ਜਾਰੀ ਕਰਵਾਏ ਜਾਣ ਤੇ ਵਿਦਿਆਰਥੀਆਂ ਨੂੰ ਬਿਨਾਂ ਗੱਲ ਤੋਂ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਤੇ ਐੱਸ ਐੱਚ ਓ ਸਿਟੀ 2 ਨਾਲ ਵਿਦਿਆਰਥੀਆਂ ਦੀ ਵਫਦ ਏਡੀਸੀ ਜਨਰਲ ਨਾਲ ਮੀਟਿੰਗ ਕਰਵਾਈ ਗਈ ਤੇ ਉਨ੍ਹਾਂ ਕਾਲਜ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ ਕਿਹਾ ਕਿ ਕਾਲਜ ਪ੍ਰਸ਼ਾਸਨ ਕੋਲ੍ਹ, ਜੋ ਐੱਮ ਐੱਸ ਟੀ ਨਾ ਦੇਣ ਕਰਕੇ ਜ਼ਬਰਦਸਤੀ ਵਿਦਿਆਰਥੀਆਂ ਤੋਂ ਜੁਰਮਾਨਾ ਵਸੂਲ ਰਿਹਾ ਸੀ, ਉਹ ਜੁਰਮਾਨਾ ਨਹੀਂ ਵਸੂਲ ਸਕਦਾ ਤੇ ਵਿਦਿਆਰਥੀਆਂ ਦੇ ਕੋਲ੍ਹ ਤੋਂ ਰਹਿੰਦੇ ਐੱਮ ਐੱਸ ਟੀ ਲਏ ਜਾਣਗੇ ਤੇ ਵਿਦਿਆਰਥੀਆਂ ਤੋਂ ਕਿਸੇ ਪ੍ਰਕਾਰ ਦਾ ਜੁਰਮਾਨਾ ਨਹੀਂ ਵਸੂਲਿਆ ਜਾਵੇਗਾ। ਆਇਸਾ ਆਗੂ ਨੇ ਕਿਹਾ ਕਿ ਜੇਕਰ ਕਾਲਜ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਤਾਂ ਜਥੇਬੰਦੀ ਵੱਲੋਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਮਾਤਾ ਸੁੰਦਰੀ ਗਰਲਜ਼ ਕਾਲਜ ਮਾਨਸਾ ਕਮੇਟੀ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਪ੍ਰਧਾਨ ਹੈਪੀ ਕੌਰ, ਮੀਤ ਪ੍ਰਧਾਨ ਸਿਮਰਨ ਕੌਰ, ਸਕੱਤਰ ਵਿਸਵਪ੍ਰੀਤ ਕੌਰ, ਪ੍ਰੈੱਸ ਸਕੱਤਰ ਮਨਪ੍ਰੀਤ ਕੌਰ ਸਮੇਤ 29 ਮੈਂਬਰੀ ਕਮੇਟੀ ਦੀ ਚੋਣ ਵੀ ਕੀਤੀ ਗਈ। ਇਸ ਸਮੇਂ ਆਇਸਾ ਸੂਬਾ ਸਕੱਤਰ ਸੁਖਜੀਤ ਰਾਮਾਨੰਦੀ, ਜ਼ਿਲ੍ਹਾ ਆਗੂ ਸੰਨੂੰ ਝੱਬਰ, ਨਰਿੰਦਰ ਵਿਰਦੀਪੁਰ, ਗੁਰਬਖ਼ ਵਿਰਦੀਪੁਰ, ਭੁਪਿੰਦਰ ਕੁਮਾਰ ਆਦਿ ਵਿਦਿਆਰਥੀ ਆਗੂ ਸ਼ਾਮਲ ਸਨ।

# ਨਵਜੋਤ ਕੌਰ ਸਿੱਧੂ ਵਿਰਕਤ ਕੁਟੀਆ ਵਿਖੇ ਹੋਏ ਨਤਮਸਤਕ

**ਭੀਖੀ (ਧਰਮਵੀਰ ਸ਼ਰਮਾ)**-ਉਦਾਸੀ ਸੰਪਰਦਾਇ ਦੀ ਭਾਰਤੀ ਚਿੰਤਨ ਪ੍ਰੰਪਰਾ ਵਿੱਚ ਵਿਸ਼ੇਸ਼ ਸਥਾਨ ਹੈ, ਜਿਸ ਦੀ ਸਾਹਿਤ, ਸਮਾਜਿਕ, ਚਿਕਿਤਸਾ ਦੇ ਖੇਤਰ ਵਿੱਚ ਮਹਾਨ ਦੇਣ ਰਹੀ ਹੈ। ਇਹ ਪ੍ਰਗਟਾਵਾ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਧਰਮ ਪਤਨੀ ਨਵਜੋਤ ਕੌਰ ਸਿੱਧੂ ਨੇ ਬਾਬਾ ਸ੍ਰੀ ਚੰਦ ਜੀ ਵਿਰਕਤ ਕੁਟੀਆ ਮਾਨਸਾ ਖੁਰਦ ਵਿਖੇ ਨਤਮਸਤਕ ਹੋਣ ਤੋਂ ਬਾਅਦ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਵਿਰਕਤ ਕੁਟੀਆ ਮਾਨਸਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਦੌਰਾਨ ਵਿਰਕਤ ਕੁਟੀਆ ਆਪਣੀਆਂ ਵੱਖ ਵੱਖ ਸੇਵਾਵਾਂ ਦੁਆਰਾ ਸਮਾਜ ਸੇਵਾ ਤੇ ਧਾਰਮਿਕ ਖੇਤਰ ਵਿੱਚ ਵੱਡਾ ਯੋਗਦਾਨ ਪਾ ਰਹੀ ਹੈ। ਇਸ ਮੌਕੇ ਵਿਰਕਤ ਕੁਟੀਆ ਦੇ ਮੌਜੂਦਾ ਮੁਖੀ ਮਹੰਤ ਪ੍ਰਸ਼ੋਤਮ ਦਾਸ ਜੀ ਨੇ ਸਰਵ ਧਰਮ ਮਹਿ ਸ੍ਰੇਸ਼ਟ ਧਰਮ, ਹਰਿ ਕੋ ਨਾਮੁ ਜਪ ਨਿਰਮਲ ਕਰਮ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਉਂਦਿਆਂ ਆਪਣੇ ਪ੍ਰਵਚਨਾਂ ਰਾਹੀਂ ਲੋਕਾਂ ਨੂੰ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਇਸ ਮੌਕੇ ਨਵਜੋਤ ਕੌਰ ਸਿੱਧੂ ਦਾ ਮਹੰਤ ਪ੍ਰਸ਼ੋਤਮ ਦਾਸ ਜੀ ਨੇ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਰਣਧੀਰ ਸਿੰਘ ਕਲੇਰ ਕੌਂਪਰ, ਐਡਵੋਕੇਟ ਕੇਸਰ ਸਿੰਘ, ਪ੍ਰੀਤਮ ਸਿੰਘ, ਕੁਲਵੰਤ ਸਿੰਘ, ਜਗਸੀਰ ਸਿੰਘ ਮਾਨਸ਼ਾਹੀਆ ਹਾਜ਼ਰ ਸਨ।



# ਸਰਪੰਚ ਨੂੰ ਇਨਸਾਫ ਦਿਵਾਉਣ ਲਈ ਐਕਸ਼ਨ ਕਮੇਟੀ ਦਾ ਗਠਨ



ਮੋਰਚੇ ਦੌਰਾਨ ਨਾਅਰੇਬਾਜ਼ੀ ਕਰਦੇ ਵਰਕਰ।

**ਭੀਖੀ (ਧਰਮਵੀਰ ਸ਼ਰਮਾ)**-ਭੀਖੀ ਬਲਾਕ ਦੇ ਪਿੰਡ ਮੱਤੀ ਵਿਖੇ ਦੀ ਮਹਿਲਾ ਸਰਪੰਚ ਰਾਜਦੀਪ ਕੌਰ ਨੂੰ ਮਾਨਸਿਕ, ਸਮਾਜਿਕ ਤੌਰ ਤੇ ਉਤਪੀੜਨ ਕਰਨ ਵਾਲੇ ਵਿਅਕਤੀਆਂ ਖਿਲਾਫ ਐੱਫ ਆਈ ਆਰ ਕਰਕੇ ਕਾਰਵਾਈ ਕਰਵਾਉਣ ਤੇ ਸਰਪੰਚ ਨੂੰ ਇਨਸਾਫ ਦਿਵਾਉਣ ਲਈ ਭੀਖੀ ਵਿਖੇ ਪਾਰਟੀਆਂ ਦੀਆਂ ਵੱਖ ਵੱਖ ਜਨਤਕ, ਜਮਹੂਰੀ, ਕਿਸਾਨ ਜਥੇਬੰਦੀਆਂ ਵੱਲੋਂ ਮੀਟਿੰਗ ਕਰਕੇ ਸਰਪੰਚ ਰਾਜਦੀਪ ਕੌਰ ਮੌਕੇ ਕਰਨ ਇਨਸਾਫ ਐਕਸ਼ਨ ਕਮੇਟੀ ਭੀਖੀ ਦਾ ਗਠਨ ਕੀਤਾ ਗਿਆ। ਕਮੇਟੀ ਵੱਲੋਂ ਚੁਣੀ ਐਕਸ਼ਨ ਕਮੇਟੀ ਦੇ ਮੈਂਬਰਾਂ ਵੱਲੋਂ ਮੀਟਿੰਗ ਕਰਕੇ ਪੀੜਤ ਪਰਿਵਾਰ ਦਾ ਹਾਲ ਜਾਣਿਆ ਤੇ ਇਸ ਮਾਮਲੇ ਨਾਲ ਸਬੰਧਤ ਪੂਰੀ ਘਟਨਾ ਦੀ ਜਾਣਕਾਰੀ ਲਈ। ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂ ਵਿਜੈ ਕੁਮਾਰ ਭੀਖੀ ਜ਼ਿਲ੍ਹਾ ਸਕੱਤਰ ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਲਖਵੀਰ ਸਿੰਘ ਲੌਂਗੋਵਾਲ ਸੂਬਾ ਸਕੱਤਰ ਕਾਰਜਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਕ੍ਰਿਸ਼ਨ ਚੌਹਾਨ ਸੂਬਾ ਮੀਤ ਪ੍ਰਧਾਨ ਖੇਤ ਮਜ਼ਦੂਰ ਸਭਾ ਪੰਜਾਬ, ਭੋਲਾ ਸਿੰਘ ਸਮਾਉਂ, ਗੁਰਨਾਮ ਸਿੰਘ ਭੀਖੀ ਪੰਜਾਬ ਕਿਸਾਨ ਯੂਨੀਅਨ ਪੰਜਾਬ, ਧਰਮਪਾਲ, ਭਜਨ ਸਿੰਘ, ਦਲਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਭਾਰਤ ਮੁਕਤੀ ਮੋਰਚਾ ਮਾਨਸਾ, ਸੁਖਚੈਨ ਸਿੰਘ ਅਤਲਾ ਕੌਮੀ ਜਰਨਲ ਸਕੱਤਰ ਕਿਸਾਨ ਯੂਨੀਅਨ ਅੰਮ੍ਰਿਤਸਰ, ਸੰਤਪਾਲ ਰਿਸ਼ੀ ਮੈਡੀਕਲ ਪ੍ਰੈਕਟਸਨਰਜ਼ ਐਸੋਸੀਏਸ਼ਨ ਪੰਜਾਬ ਤੋਂ ਇਲਾਵਾ ਕਾ. ਸੁਖਦਰਸ਼ਨ ਨੱਤ, ਬਹਾਲ ਸਿੰਘ, ਕਰਨੈਲ ਸਿੰਘ, ਕੁਲਦੀਪ ਸਿੰਘ, ਰਾਜਿੰਦਰ ਸਿੰਘ, ਸਰਬਰ ਕੁਰੈਸ਼ੀ, ਸੇਵਾ ਸਿੰਘ ਆਦਿ ਆਗੂ ਹਾਜ਼ਰ ਸਨ। ਇਸ ਮੌਕੇ ਉਕਤ ਨੇ ਜੂਸ ਪਿਆ ਕੇ ਕੁਲਦੀਪ ਸਿੰਘ ਤੇ ਕਰਨੈਲ ਸਿੰਘ ਦਾ ਮਰਨ ਵਰਤ ਤੁੜਵਾਇਆ ਅਤੇ ਮੋਰਚੇ ਦਾ ਐਲਾਨ ਕੀਤਾ।

## ਕਾਤਰਾਂ

### 10 ਗ੍ਰਾਮ ਹੈਰੋਇਨ ਸਮੇਤ 2 ਗ੍ਰਿਫ਼ਤਾਰ

**ਜਗਰਾਉਂ (ਅਮਿਤ ਖੰਨਾ)**-ਨਸ਼ਾ ਤਸਕਰੀ ਦੇ ਧੰਦੇ ਵਿੱਚ ਸ਼ਾਮਲ ਦੋ ਭਰਾਵਾਂ ਨੂੰ ਥਾਣਾ ਸਿੱਧਵਾਂ ਬੇਟ ਦੀ ਪੁਲਸ ਨੇ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਕੇਸ ਦਰਜ ਕੀਤਾ ਹੈ। ਏ.ਐੱਸ.ਆਈ. ਰਾਜਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਮਨਜੀਤ ਸਿੰਘ ਆਪਣੇ ਸਾਥੀ ਕਰਮਚਾਰੀਆਂ ਸਮੇਤ ਗਸ਼ਤ ਦੌਰਾਨ ਟੀ ਪੁਆਇੰਟ ਪਿੰਡ ਕੁੱਲ ਗਹਿਣਾ ਵਿਖੇ ਮੌਜੂਦ ਸਨ ਤਾਂ ਇਤਲਾਹ ਮਿਲੀ ਕਿ ਅਸਲ ਭਰਾ ਹਰਪ੍ਰੀਤ ਸਿੰਘ ਉਰਫ ਹੈਪੀ ਤੇ ਵੀਰਪਾਲ ਸਿੰਘ ਵਾਸੀ ਪਿੰਡ ਗਾਲਿਬ ਕਲਾਂ ਦਾ ਕਾਰੋਬਾਰ ਕਰਦੇ ਹਨ। ਹੈਰੋਇਨ ਵੇਚ ਰਿਹਾ ਹੈ। ਅੱਜ ਵੀ ਦੋਵੇਂ ਭਰਾ ਆਪਣੇ ਗਾਹਕਾਂ ਨੂੰ ਹੈਰੋਇਨ ਵੇਚਣ ਲਈ ਪਿੰਡ ਕੁੱਲ ਗਹਿਣਾ ਤੋਂ ਹੈਬਣ ਰੋਡ ਨੂੰ ਜਾਣ ਵਾਲੀ ਕੱਚੀ ਸੜਕ 'ਤੇ ਟੀ ਪੁਆਇੰਟ ਕੋਟਲੀ (ਕੁੱਲ ਗਹਿਣਾ) 'ਤੇ ਖੜੇ ਗਾਹਕਾਂ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਮਿਲੀ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਛਾਪੇਮਾਰੀ ਦੌਰਾਨ ਦੋਵਾਂ ਮੁਲਜ਼ਮਾਂ ਨੂੰ ਕਾਬੂ ਕਰਕੇ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ।

### ਪੈਨਸ਼ਨਰ ਐਸੋਸੀਏਸ਼ਨ ਆਜ਼ਾਦ ਸਰਕਲ ਵਰਕਿੰਗ ਕਮੇਟੀ ਦੀ ਮੀਟਿੰਗ

**ਭੀਖੀ (ਧਰਮਵੀਰ ਸ਼ਰਮਾ)**-ਪੈਨਸ਼ਨਰ ਐਸੋਸੀਏਸ਼ਨ ਆਜ਼ਾਦ ਸਰਕਲ ਵਰਕਿੰਗ ਕਮੇਟੀ ਬਠਿੰਡਾ ਦੀ ਇੱਕ ਮੀਟਿੰਗ ਸਰਕਲ ਪ੍ਰਧਾਨ ਬਲਤੇਜ ਸਿੰਘ ਘੁੰਮਣ ਕਲਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸਰਕਲ ਸਕੱਤਰ ਜਗਤਾਰ ਸਿੰਘ ਬੱਪੀਆਣਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਸਮੁੱਚੀ ਵਰਕਿੰਗ ਕਮੇਟੀ ਨੇ ਹਿੱਸਾ ਲਿਆ। ਸਰਕਲ ਵਰਕਿੰਗ ਕਮੇਟੀ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਾਂਝਾ ਮੰਚ ਤਾਲਮੇਲ ਸੰਘਰਸ਼ ਫਰੰਟ ਪੰਜਾਬ, ਠੇਕਾ ਮੁਲਾਜ਼ਮ ਸਾਂਝਾ ਸੰਘਰਸ਼ ਮੋਰਚਾ ਪੰਜਾਬ ਵੱਲੋਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਤੇ ਮ੍ਰਿਤਕਾਂ ਦੇ ਆਸ਼ਰਿਤਾਂ ਦੀ ਜਥੇਬੰਦੀ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ ਨੌਕਰੀਆਂ ਦਿਵਾਉਣ ਦੀ ਹੱਕੀ ਮੰਗ ਦਾ ਸਮਰਥਨ ਕਰਦਿਆਂ ਪਾਵਰਕਾਮ ਮੈਨੇਜਮੈਂਟ ਵੱਲੋਂ ਨੌਕਰੀ ਦੇਣ ਸਮੇਂ ਬੇਲੋੜੀਆਂ ਸ਼ਰਤਾਂ ਲਾਉਣ ਦੀ ਸਖਤ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਦਖਲ ਦੇ ਕੇ ਬੇਲੋੜੀਆਂ ਸ਼ਰਤਾਂ ਰੱਦ ਕਰਨ। ਉਨ੍ਹਾ ਦੱਸਿਆ ਕਿ ਸਾਰੇ ਸਾਥੀ ਸਾਂਝੇ ਸੰਘਰਸ਼ ਦੀ ਉਸਾਰੀ ਲਈ ਚੇਤਨਾ ਮੀਟਿੰਗਾਂ ਜਥੇਬੰਦ ਕਰਨ ਦਾ ਵੀ ਫੈਸਲਾ ਕੀਤਾ।

### ਵਿਆਹੁਤਾ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ 'ਚ ਪਤੀ, ਸੱਸ ਤੇ ਸਹੁਰਾ ਨਾਮਜ਼ਦ

**ਜਗਰਾਉਂ (ਅਮਿਤ ਖੰਨਾ)**-ਥਾਣਾ ਮਹਿਲਾ ਪੁਲਸ ਨੇ ਵਿਆਹੁਤਾ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿੱਚ ਉਸ ਦੇ ਪਤੀ, ਸੱਸ ਤੇ ਸਹੁਰੇ ਨੂੰ ਨਾਮਜ਼ਦ ਕਰਕੇ ਆਈਪੀਸੀ ਦੀ ਧਾਰਾ 498ਏ, 406, 506, 294, 295ਏ, 34 ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐੱਸ.ਆਈ. ਗੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਪੁਲਸ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ ਸ਼ਿਕਾਇਤ ਵਿੱਚ ਵਿਆਹੁਤਾ ਔਰਤ ਬਲਜੀਤ ਕੌਰ ਵਾਸੀ ਰਾਏਕੋਟ ਵੱਲੋਂ ਉਸ ਨੂੰ ਤੰਗ-ਪ੍ਰੇਸ਼ਾਨ ਕਰਨ, ਉਸ ਨਾਲ ਦੁਰਵਿਹਾਰ ਕਰਨ ਤੇ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਾਏ ਗਏ ਸਨ। ਮਹਿਲਾ ਬਲਜਿੰਦਰ ਕੌਰ ਵੱਲੋਂ ਦਿੱਤੀ ਸ਼ਿਕਾਇਤ ਦੇ ਮਾਮਲੇ ਵਿੱਚ ਡੀ.ਐੱਸ.ਪੀ. ਰਾਏਕੋਟ ਵੱਲੋਂ ਕੀਤੀ ਗਈ ਤਫਤੀਸ਼ ਵਿੱਚ ਔਰਤ ਵੱਲੋਂ ਆਪਣੇ ਪਤੀ, ਸੱਸ ਤੇ ਸਹੁਰੇ ਖਿਲਾਫ ਲਗਾਏ ਗਏ ਸਾਰੇ ਦੋਸ਼ਾਂ ਨੂੰ ਸਹੀ ਪਾਏ ਜਾਣ ਤੋਂ ਬਾਅਦ ਅੱਜ ਡੀ.ਐੱਸ.ਪੀ. ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਦੇ ਹੁਕਮਾਂ 'ਤੇ ਪੁਲਸ ਨੇ ਸ਼ਿਕਾਇਤਕਰਤਾ ਔਰਤ ਦੇ ਪਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਸੱਸ ਤੇ ਸਹੁਰੇ ਨੂੰ ਨਾਮਜ਼ਦ ਕਰਕੇ ਪਰਚਾ ਦਰਜ ਕੀਤਾ ਹੈ।

### ਬਾਬਾ ਮੋਤੀ ਰਾਮ ਮਹਿਰਾ ਸੁਸਾਇਟੀ ਦੀ ਮੀਟਿੰਗ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿੱਚ ਮਾਛੀਵਾੜਾ ਸਾਹਿਬ ਵਿਖੇ ਲੱਗਦੇ ਤਿੰਨ ਦਿਨਾਂ ਜੋੜ ਮੇਲ 'ਤੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਚੈਰੀਟੇਬਲ ਟਰੱਸਟ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਦੁੱਧ ਦਾ ਲੰਗਰ ਲਗਾਇਆ ਜਾਂਦਾ ਹੈ। ਇਸ ਸੰਬੰਧੀ ਇੱਕ ਮੀਟਿੰਗ ਮੁੱਖ ਸਲਾਹਕਾਰ ਨਰਿੰਦਰਪਾਲ ਸਿੰਘ ਬਾਜਵਾ ਤੇ ਸਰਪ੍ਰਸਤ ਪਿਆਰਾ ਲਾਲ ਦੀ ਪ੍ਰਧਾਨਗੀ ਹੇਠ ਹੋਈ। ਜਾਣਕਾਰੀ ਅਨੁਸਾਰ ਇਹ ਜੋੜ ਮੇਲ ਇਸ ਵਾਰ 23, 24 ਤੇ 25 ਦਸੰਬਰ ਨੂੰ ਹੋਵੇਗਾ ਤੇ ਸੰਸਥਾ ਵੱਲੋਂ ਆਈਆਂ ਸੰਗਤਾਂ ਲਈ ਤਿੰਨੋਂ ਦਿਨ ਦੁੱਧ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ। ਇਸ ਮੌਕੇ ਪ੍ਰਧਾਨ ਸ਼ੰਮੀ ਪਹਿਲਵਾਨ, ਜਨਰਲ ਸਕੱਤਰ ਅੰਗਰੇਜ਼ ਸਿੰਘ, ਐਡੀਟਰ ਜਗਜੀਤ ਕੁਮਾਰ, ਜੁਆਇੰਟ ਸੈਕੇਟਰੀ ਅਵਤਾਰ ਸਿੰਘ, ਅਮਰੀਕ ਸਿੰਘ, ਨਰਿੰਦਰ ਕੁਮਾਰ, ਊਧਮ ਸਿੰਘ, ਪ੍ਰੀਤਮ ਸਿੰਘ ਫੋਰਮੈਨ, ਬਲਬੀਰ ਸਿੰਘ ਟਿਊਬਵੈੱਲ ਆਪ੍ਰੇਟਰ, ਸੁਖਦੇਵ ਸਿੰਘ, ਮਨਦੀਪ ਸਿੰਘ, ਕ੍ਰਿਸ਼ਨ ਮਹਿਰਾ, ਅਮਰਜੀਤ ਸਿੰਘ, ਦਰਸ਼ਨ ਸਿੰਘ, ਗੁਰਚਰਨ ਸਿੰਘ ਮੌਜੂਦ ਸਨ।

# ਲੋਕ ਸੇਵਾ ਸੁਸਾਇਟੀ ਨੇ ਸਕੂਲਾਂ ਨੂੰ ਦਿੱਤੀਆਂ ਕੁਰਸੀਆਂ



**ਜਗਰਾਉਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਸਰਪ੍ਰਸਤ ਰਾਜਿੰਦਰ ਜੈਨ, ਸੈਕਟਰੀ ਡਾ: ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਮਨੋਹਰ ਸਿੰਘ ਟੱਕਰ ਦੀ ਅਗਵਾਈ ਵਿੱਚ ਵਰਿਆਮ ਸਿੰਘ ਮੈਮੋਰੀਅਲ ਆਦਰਸ਼ ਮਿਡਲ ਸਕੂਲ ਨੂੰ 20 ਤੇ ਸੀਤਲਾ ਮੰਦਰ ਜਗਰਾਓਂ ਨੂੰ 10 ਕੁਰਸੀਆਂ ਭੇਟ ਕੀਤੀਆਂ। ਇਸ ਮੌਕੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਸਰਪ੍ਰਸਤ ਰਾਜਿੰਦਰ ਜੈਨ ਨੇ ਕਿਹਾ ਕਿ ਲੋਕ ਸੇਵਾ ਸੁਸਾਇਟੀ ਪਿਛਲੇ 27 ਸਾਲਾਂ ਤੋਂ ਲੋੜਵੰਦ ਲੋਕਾਂ ਦੀ ਸੇਵਾ ਲਈ ਤਤਪਰ ਹੈ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਜਿੱਥੇ ਸਮੇਂ-ਸਮੇਂ ਤੇ ਜਿੱਥੇ ਮੈਡੀਕਲ ਕੈਂਪ ਲਗਾਏ ਜਾਂਦੇ ਹਨ, ਉੱਥੇ ਸਕੂਲਾਂ ਦੀ ਮਦਦ ਵੀ ਕੀਤੀ ਜਾਂਦੀ ਹੈ। ਇਸ ਮੌਕੇ ਵਰਿਆਮ ਸਿੰਘ ਮੈਮੋਰੀਅਲ ਆਦਰਸ਼ ਮਿਡਲ ਸਕੂਲ ਦੇ ਚੇਅਰਮੈਨ ਰਵਿੰਦਰ ਸਿੰਘ ਓਬਰਾਏ, ਸੈਕਟਰੀ ਦਰਸ਼ਨ ਸਿੰਘ ਓਬਰਾਏ, ਅਮਨਦੀਪ ਸਿੰਘ ਓਬਰਾਏ ਤੇ ਮੈਨੇਜਰ ਪ੍ਰੀਤੀ ਓਬਰਾਏ ਨੇ ਸੁਸਾਇਟੀ ਵੱਲੋਂ ਸਮੇਂ ਸਮੇਂ 'ਤੇ ਸਕੂਲ ਨੂੰ ਦਿੱਤੀ ਮਦਦ ਲਈ ਜਿੱਥੇ ਧੰਨਵਾਦ ਕੀਤਾ, ਉੱਥੇ ਸਕੂਲ ਨੂੰ ਬੱਚਿਆਂ ਦੇ ਬੈਠਣ ਲਈ ਡੈਸਕਾਂ ਦੇਣ ਦੀ ਵੀ ਮੰਗ ਕੀਤੀ, ਜਿਸ ਨੂੰ ਸੁਸਾਇਟੀ ਨੇ ਮੌਕੇ 'ਤੇ ਹੀ ਸਵੀਕਾਰ ਕਰਦਿਆਂ ਐਲਾਨ ਕੀਤਾ ਕਿ ਜਨਵਰੀ ਮਹੀਨੇ ਸਕੂਲ ਦੇ ਬੱਚਿਆਂ ਲਈ ਡੈਸਕਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਸਕੂਲ ਦੇ ਸੈਕਟਰੀ ਦਰਸ਼ਨ ਸਿੰਘ ਓਬਰਾਏ ਨੇ ਸਕੂਲ ਦੇ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਸਕੂਲ ਵਿੱਚ ਅੱਤ ਗ਼ਰੀਬ ਪਰਿਵਾਰਾਂ ਦੇ ਬੱਚੇ ਪੜ੍ਹਾਈ ਕਰ ਰਹੇ ਹਨ ਤੇ ਇਹ ਸਕੂਲ ਬਿਨਾਂ ਕਿਸੇ ਮੁਨਾਫ਼ੇ ਦੇ ਚਲਾਇਆ ਜਾ ਰਿਹਾ ਹੈ। ਇਸ ਮੌਕੇ ਨੀਰਜ ਮਿੱਤਲ, ਰਾਜਿੰਦਰ ਜੈਨ ਕਾਕਾ, ਰਾਜੀਵ ਗੁਪਤਾ, ਕੰਵਲ ਕੱਕੜ, ਸੁਨੀਲ ਬਜਾਜ, ਵਿਨੋਦ ਬਾਂਸਲ, ਅਨਿਲ ਮਲਹੋਤਰਾ, ਜਗਦੀਪ ਸਿੰਘ, ਸੰਜੀਵ ਚੋਪੜਾ, ਡਾ: ਭਾਰਤ ਭੂਸ਼ਨ ਬਾਂਸਲ, ਮੁਕੇਸ਼ ਗੁਪਤਾ, ਪ੍ਰਵੀਨ ਜੈਨ, ਪ੍ਰਵੀਨ ਮਿੱਤਲ, ਪ੍ਰੇਮ ਬਾਂਸਲ ਸਮੇਤ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਸੋਨੂੰ ਕੁੰਦਰਾ ਆੜ੍ਹਤੀ ਸਾਥੀਆਂ ਸਮੇਤ 'ਆਪ' 'ਚ ਸ਼ਾਮਲ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਹੀ ਇੱਥੋਂ ਦੀ ਸਿਆਸਤ ਵਿੱਚ ਵੱਡੀ ਹਲਚਲ ਉਸ ਸਮੇਂ ਦੇਖਣ ਨੂੰ ਮਿਲੀ, ਜਦੋਂ ਇੱਥੋਂ ਦੇ ਕੁੰਦਰਾ ਪਰਿਵਾਰ ਨਾਲ ਸਬੰਧਤ ਨੌਜਵਾਨ ਆਗੂ ਮੋਹਿਤ ਕੁੰਦਰਾ ਤੇ ਹੋਰ ਕਈ ਆੜ੍ਹਤੀ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਅੱਜ 'ਆਪ' ਦੇ ਦਫ਼ਤਰ ਵਿਖੇ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਇਨ੍ਹਾਂ ਸਾਰੇ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਹਾਰ ਪਾ ਕੇ ਸਵਾਗਤ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਨੌਜਵਾਨ ਆਗੂ ਮੋਹਿਤ ਕੁੰਦਰਾ, ਪ੍ਰਿੰਸ ਮਿੱਠੇਵਾਲ, ਪ੍ਰਭਦੀਪ ਸਿੰਘ ਰੰਧਾਵਾ, ਰਾਜੀਵ ਕੌਸ਼ਲ, ਅਰੁਣ ਚੋਪੜਾ, ਲਖਵਿੰਦਰ ਸਿੰਘ ਬਾਠ (ਸਾਰੇ ਆੜ੍ਹਤੀ) ਵੱਲੋਂ ਆਪਣੀ ਸਮਰੱਥਾ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਕਾਫ਼ੀ ਮਜ਼ਬੂਤੀ ਮਿਲੇਗੀ। ਉਨ੍ਹਾ ਕਿਹਾ ਕਿ ਆਉਣ ਵਾਲੇ ਕੁਝ ਮਹੀਨਿਆਂ 'ਚ ਜੋ ਨਗਰ ਕੌਂਸਲ ਚੋਣਾਂ ਹੋਣ ਜਾ ਰਹੀਆਂ ਹਨ, ਉਸ ਵਿੱਚ 'ਆਪ' ਦੇ ਸਾਰੇ ਪੁਰਾਣੇ ਆਗੂ ਤੇ ਵਰਕਰਾਂ ਤੋਂ ਇਲਾਵਾ, ਜੋ ਨਵੇਂ ਸਾਡੇ ਪਰਿਵਾਰ ਵਿੱਚ ਸ਼ਾਮਲ ਹੋਏ ਹਨ, ਉਹ ਸਾਰੇ ਹੀ ਪਾਰਟੀ ਦੀ ਜਿੱਤ ਲਈ ਅਹਿਮ ਭੂਮਿਕਾ ਨਿਭਾਉਣਗੇ। ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਵਿੱਚ, ਜੋ ਜਿੱਤਣ ਵਾਲੇ ਉਮੀਦਵਾਰ ਹੋਣਗੇ, ਉਨ੍ਹਾਂ ਨੂੰ ਟਿਕਟਾਂ ਦੇ ਕੇ ਮੈਦਾਨ ਵਿੱਚ ਉਤਾਰਿਆ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨੌਜਵਾਨ ਆਗੂ ਮੋਹਿਤ ਕੁੰਦਰਾ ਨੇ ਕਿਹਾ ਕਿ ਉਹ 'ਆਪ' ਦੀਆਂ ਨੀਤੀਆਂ ਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਲੋਕ ਹਿੱਤਾਂ ਵਾਲੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾ ਇਹ ਵੀ ਸਪੱਸ਼ਟ ਕੀਤਾ ਕਿ ਉਹ ਬਿਨਾਂ ਕਿਸੇ ਸ਼ਰਤ ਤੋਂ ਪਾਰਟੀ ਵਿੱਚ ਸ਼ਾਮਲ ਹੋਏ ਹਨ ਤੇ ਜਿੱਥੇ ਵੀ ਵਿਧਾਇਕ ਦਿਆਲਪੁਰਾ ਉਨ੍ਹਾਂ ਨੂੰ ਕੋਈ ਜ਼ਿੰਮੇਵਾਰੀ ਸੌਂਪਣਗੇ, ਉਹ ਤਨਦੇਹੀ ਨਾਲ ਨਿਭਾਉਣਗੇ। 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ 'ਚ ਕੁਲਵਿੰਦਰ ਸਿੰਘ ਮਾਨ, ਸੁਰਜੀਤ ਸਿੰਘ ਬੁਰਜ, ਸੁਰਜੀਤ ਸਿੰਘ ਸੈਸੋਂਵਾਲ, ਸਰਪੰਚ ਕੁਮਾਰੀ ਮੀਨਾ ਦੇਵੀ, ਜਸਵੰਤ ਸਿੰਘ, ਕਰਮ ਚੰਦ, ਮਨਪ੍ਰੀਤ ਕੌਰ, ਸੁਰਿੰਦਰ ਕੁਮਾਰ ਮਿੱਠੇਵਾਲ (ਸਾਰੇ ਪੰਚ), ਨੰਬਰਦਾਰ ਗੁਰਦੀਪ ਸਿੰਘ ਮਿਲਕੋਵਾਲ, ਰੂੜ ਸਿੰਘ ਮਿਲਕੋਵਾਲ, ਮਨੂੰ ਖੋਸਲਾ, ਨਭੀ ਖੋਸਲਾ, ਮਨੀ ਜੁਲਫ਼ਗੜ੍ਹ, ਐਡਵੋਕੇਟ ਅਭੀ ਖੇੜਾ, ਠੇਕੇਦਾਰ ਚੂਹੜ ਸਿੰਘ, ਗੁਰਜੰਟ ਸਿੰਘ ਹੇਡੋਂ ਬੇਟ, ਜਸਵੰਤ ਸਿੰਘ, ਸਾਬੀ ਕਾਉਂਕੇ, ਉਦੈ ਪ੍ਰਤਾਪ ਸਿੰਘ, ਅਮਨ ਅਗਰਵਾਲ, ਪ੍ਰਦੀਪ ਜੈਨ, ਨਵਦੀਪ ਸ਼ਰਮਾ, ਸੁਭਾਸ਼ ਨਾਗਪਾਲ, ਨਰਿੰਦਰ ਨਾਗਪਾਲ, ਅਮਨਦੀਪ ਸਿੰਘ, ਪੱਪੂ ਰਾਜਗੜ੍ਹ, ਸੁਖਵਿੰਦਰ ਮਾਨ, ਸਿਕੰਦਰ ਭੱਲਾ, ਕਮਲ ਕਿਸ਼ੋਰ ਦੇ ਨਾਮ ਜ਼ਿਕਰਯੋਗ ਹਨ। ਸਮਾਗਮ ਦੌਰਾਨ ਆੜ੍ਹਤੀ ਬਲਵਿੰਦਰ ਸਿੰਘ ਮਾਨ, ਪੀ.ਏ. ਸੁਖਵਿੰਦਰ ਸਿੰਘ ਗਿੱਲ, ਨਰਿੰਦਰ ਸਿੰਘ ਮੱਕੜ, ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ, ਛਿੰਦਰਪਾਲ ਸਮਰਾਲਾ ਵੀ ਮੌਜੂਦ ਸਨ।



'ਆਪ' 'ਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ।

# ਡੀ ਸੀ ਤੇ ਪਰਵਾਰਕ ਮੈਂਬਰਾਂ ਜਸਵਿੰਦਰ ਦੀ ਯਾਦ 'ਚ ਪੌਦਾ ਲਾਇਆ

## ਸ਼ੌਕਤ ਅਹਿਮਦ ਪਰੇ ਨੇ ਪਰਵਾਰ ਨਾਲ ਪ੍ਰਗਟਾਇਆ ਦੁੱਖ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬੀਤੇ ਦਿਨੀਂ ਡਰਾਈਵਰ ਸਵ: ਜਸਵਿੰਦਰ ਸਿੰਘ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸਦੀਵੀਂ ਵਿਛੋੜਾ ਦੇ ਗਏ ਸਨ, ਉਨ੍ਹਾਂ ਦੀ ਯਾਦ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਤੇ ਸਵ: ਜਸਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਜ਼ਿਲ੍ਹਾ ਪਬੰਧਕੀ ਕੰਪਲੈਕਸ 'ਚ ਸਥਿਤ ਪਾਰਕ ਵਿਖੇ ਪੌਦਾ ਲਗਾਇਆ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਉਨ੍ਹਾਂ ਦੇ ਸਮੂਹ ਪਰਿਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟਾਉਂਦਿਆਂ ਪ੍ਰਮਾਤਮਾ ਦਾ ਭਾਣਾ ਮੰਨਣ ਲਈ ਕਿਹਾ। ਉਨ੍ਹਾ ਕਿਹਾ ਕਿ ਚੰਗੇ ਇਨਸਾਨ ਤੁਰ ਜਾਣ ਤੋਂ ਬਾਅਦ ਵੀ ਸਦਾ ਦਿਲਾਂ ਵਿੱਚ ਵਸਦੇ ਰਹਿੰਦੇ ਹਨ ਤੇ ਉਨ੍ਹਾਂ ਦੀ ਯਾਦ ਹਮੇਸ਼ਾ ਹੀ ਪ੍ਰਛਾਵੇਂ ਵਾਂਗ ਨਾਲ-ਨਾਲ ਰਹਿੰਦੀ ਹੈ। ਇਸ ਮੌਕੇ ਡਰਾਈਵਰ ਸਵ: ਜਸਵਿੰਦਰ ਸਿੰਘ ਦੇ ਧਰਮ ਪਤਨੀ ਪਰਮਿੰਦਰ ਕੌਰ, ਪੁੱਤਰ ਅਰਮਾਨਦੀਪ ਸਿੰਘ, ਪੁੱਤਰੀ ਅਮਨਦੀਪ ਕੌਰ ਤੋਂ ਇਲਾਵਾ ਪੀ ਐੱਸ ਓ ਜਸਕਰਨ ਤੇ ਹੋਰ ਸਕਿਉਰਟੀ ਕਰਮਚਾਰੀ ਹਾਜ਼ਰ ਸਨ।

# ਮਿਹਨਤੀ ਅਧਿਆਪਕਾਂ ਦੀ ਅਗਵਾਈ 'ਚ ਮਿਸ਼ਨ ਸੌ ਫੀਸਦੀ ਦਾ ਨਿਸ਼ਾਨਾ ਪੂਰਾ ਕਰਾਂਗੇ : ਭੁਪਿੰਦਰ ਕੌਰ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਭੁਪਿੰਦਰ ਕੌਰ ਨੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਮਿਸ਼ਨ ਸੌ ਫੀਸਦੀ ਨੂੰ ਪੂਰਾ ਕਰਨ ਲਈ ਸਮੂਹ ਅਧਿਆਪਕਾਂ ਨੂੰ ਹੁਣੇ ਤੋਂ ਡਟਣ ਦਾ ਸੱਦਾ ਦਿੱਤਾ। ਸਿੱਖਿਆ ਅਧਿਕਾਰੀ ਅੱਜ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਜ਼ਿਲ੍ਹਾ ਮਾਨਸਾ ਦੀ ਟੀਮ ਨਾਲ ਜ਼ਿਲ੍ਹੇ ਵਿੱਚ ਸਿੱਖਿਆ ਦੀ ਪ੍ਰਗਤੀ ਲਈ ਕੀਤੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਵਿਖੇ ਹੋਈ ਮੀਟਿੰਗ ਦੌਰਾਨ ਉਨ੍ਹਾ ਪੰਜਵੀਂ ਜਮਾਤ ਦੇ ਮਿਸ਼ਨ ਸੌ ਫੀਸਦੀ 'ਤੇ ਵਿਚਾਰ ਵਿਟਾਂਦਰਾ ਕਰਦਿਆਂ ਲੋੜੀਂਦੇ ਸੁਝਾਅ ਲਏ। ਉਨ੍ਹਾ ਪੜ੍ਹੋ ਪੰਜਾਬ ਦੀ ਟੀਮ ਨੂੰ ਵੱਧ ਤੋਂ ਵੱਧ ਦਾਖਲੇ, ਬੱਚਿਆਂ ਦੀ ਹਾਜ਼ਰੀ ਤੇ ਬਾਕੀ ਜ਼ਰੂਰੀ ਵਿਸ਼ਿਆਂ ਦੇ ਕੰਮ 'ਤੇ ਹੋਰ ਫੋਕਸ ਕਰਨ ਲਈ ਉਤਸ਼ਾਹਤ ਕੀਤਾ। ਉਨ੍ਹਾ ਕਿਹਾ ਕਿ ਸਾਡੇ ਅਧਿਆਪਕ ਬਹੁਤ ਮਿਹਨਤੀ ਹਨ, ਜਿਸ ਕਰਕੇ ਸਿੱਖਿਆ ਵਿਭਾਗ ਦੇ ਮਿੱਥੇ ਟੀਚੇ ਨੂੰ ਉਹ ਅਸਾਨੀ ਨਾਲ ਪੂਰਾ ਕਰ ਲੈਣਗੇ। ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਜ਼ਿਲ੍ਹਾ ਕੋਆਰਡੀਨੇਟਰ ਗੁਰਨੈਬ ਸਿੰਘ, ਸਹਾਇਕ ਕੋਆਰਡੀਨੇਟਰ ਗਗਨ ਸ਼ਰਮਾ ਨੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਟੀਮ ਵੱਲੋਂ ਹੋਰ ਵਧੇਰੇ ਮਿਹਨਤ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਮੌਕੇ ਬਲਾਕ ਇੰਚਾਰਜ ਅੰਗਰੇਜ਼ ਸਿੰਘ ਸਰਦੂਲਗੜ੍ਹ, ਹਰਮੀਤ ਸਿੰਘ ਬਰੇਟਾ, ਸੁਖਪਾਲ ਸਿੰਘ ਮਾਨਸਾ, ਹਰਪ੍ਰੀਤ ਸਿੰਘ ਝੁਨੀਰ, ਕਸ਼ਮੀਰ ਸਿੰਘ ਬੁਢਲਾਡਾ ਨੇ ਵੀ ਸੰਬੋਧਨ ਕੀਤਾ।

# ਤਨਜਾਨੀਆ ਦੇ ਬੱਚਿਆਂ ਨੇ ਸੁਤੰਤਰਤਾ ਦਿਵਸ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਸਵਾਈਟ ਵਿੱਚ ਪੜ੍ਹ ਰਹੇ ਤਨਜਾਨੀਆ ਦੇ ਬੱਚਿਆਂ ਨੇ ਤਨਜਾਨੀਆ ਦਾ 61ਵਾਂ ਸੁਤੰਤਰਤਾ ਦਿਵਸ ਮਨਾਇਆ, ਜਿਸ ਵਿੱਚ ਸਵਾਮੀ ਵਿਵੇਕਾਨੰਦ ਗਰੁੱਪ, ਚੰਡੀਗੜ੍ਹ ਦੇ ਤਨਜਾਨੀਆ ਦੇ ਵਿਦਿਆਰਥੀਆਂ ਤੇ ਹੋਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਮਹੱਤਵ ਤੇ ਦੇਸ਼ ਦੇ ਨਾਇਕਾਂ ਦੁਆਰਾ ਦਿੱਤੀਆਂ ਕੁਰਬਾਨੀਆਂ ਬਾਰੇ ਕੁੱਝ ਤੱਥਾਂ 'ਤੇ ਚਰਚਾ ਕੀਤੀ। ਗਰੁੱਪ ਦੇ ਚੇਅਰਮੈਨ ਅਸ਼ਵਨੀ ਗਰਗ ਤੇ ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਸੁਤੰਤਰਤਾ ਦਿਵਸ ਦੀ ਮਹੱਤਤਾ ਬਾਰੇ ਦੱਸਿਆ। ਸਮਾਗਮ ਦੀ ਸਮਾਪਤੀ ਤਨਜਾਨੀਆ ਦੇ ਵਿਦਿਆਰਥੀਆਂ ਵੱਲੋਂ ਪੇਸ਼ਕਾਰੀਆਂ ਤੇ ਮਿਠਾਈ ਵੰਡ ਕੇ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਪ੍ਰਤੀਕ ਗਰਗ, ਅੰਤਰਰਾਸ਼ਟਰੀ ਮਾਮਲਿਆਂ ਦੇ ਇੰਚਾਰਜ ਸੁਨੀਲ ਸੋਨੀ, ਡਾਇਰੈਕਟਰ ਪਲੇਸਮੈਂਟ ਸ਼ੁਭਮ ਗਰਗ ਹਾਜ਼ਰ ਹੋਏ।

# ਜੌੜਾਮਾਜਰਾ ਦੇ ਪੀ ਏ ਨੇ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਹਲਕਾ ਸਮਾਣਾ ਦੀ ਨੁਹਾਰ ਬਦਲਣ ਲਈ ਹਲਕਾ ਵਿਧਾਇਕ ਤੇ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ, ਉਨ੍ਹਾਂ ਦੇ ਪੀ ਏ ਗੁਰਦੇਵ ਸਿੰਘ ਟਿਵਾਣਾ, ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ, ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਤੇ ਸਮੁੱਚੀ ਟੀਮ ਵੱਲੋਂ ਦਿਨ-ਰਾਤ ਇੱਕ ਕੀਤਾ ਜਾ ਰਿਹਾ ਹੈ ਤੇ ਹਲਕੇ ਨੂੰ ਵਿਕਾਸ ਦੀਆਂ ਲੀਹਾਂ ਵੱਲ ਤੋਰਨ ਦੇ ਨਾਲ-ਨਾਲ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ, ਜਿਸ ਦੇ ਚਲਦਿਆਂ ਪੀ ਏ ਟਿਵਾਣਾ ਵੱਲੋਂ ਸਥਾਨਕ ਬਲਾਕ ਦਫਤਰ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਦੇ ਲਈ ਇਕੱਤਰਤਾ ਰੱਖੀ ਗਈ। ਇਸ ਲੋਕ ਮਿਲਣੀ ਉਪਰੰਤ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਸਬੰਧਤ ਵਿਭਾਗਾਂ ਦੇ ਅਫਸਰ ਸਾਹਿਬਾਨਾਂ ਨੂੰ ਹਦਾਇਤ ਕੀਤੀ ਕਿ ਉਹ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾ ਕੇ ਉਨ੍ਹਾਂ ਨੂੰ ਦੱਸਣ।

ਇਸ ਮੌਕੇ ਟਿਵਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਵਾਅਦੇ ਕੀਤੇ ਹਨ, ਉਹ ਵਾਅਦੇ ਦਿਨੋਂ ਦਿਨ ਪੂਰੇ ਕਰ ਰਹੀ ਹੈ ਤੇ ਆਮ ਆਦਮੀ ਪਾਰਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਤੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਦੇਖ-ਰੇਖ ਹੇਠ ਹਲਕਾ ਸਮਾਣਾ ਤਰੱਕੀਆਂ ਦੀਆਂ ਲੀਹਾਂ ਛੋਹੇਗਾ ਤੇ ਹਲਕਾ ਸਮਾਣਾ ਵਿਕਾਸ ਪੱਖੋਂ ਆਪਣੀ ਵੱਖਰੀ ਪਹਿਚਾਣ ਬਣਾਵੇਗਾ। ਇਸ ਮੌਕੇ ਸੀਨੀਅਰ ਆਪ ਆਗੂ ਸੰਦੀਪ ਸ਼ਰਮਾ, ਬਲਵਿੰਦਰ ਸਿੰਘ ਵੜੈਚ, ਹਰਦੀਪ ਸਿੰਘ ਚੀਮਾ, ਰਵਿੰਦਰ ਬੱਲੀ, ਰਾਣਾ ਵਿਰਕ, ਲਖਵਿੰਦਰ ਸਿੰਘ ਜਵੰਦਾ, ਅੰਗਰੇਜ ਸਿੰਘ ਭੁੱਲਰ ਤੇ ਬਿੰਦਰ ਨਾਗਰ ਆਦਿ ਮੌਜੂਦ ਸਨ।

# 'ਭਾਰਤ ਜੋੜੋ' ਯਾਤਰਾ ਦੀ ਸਫ਼ਲਤਾ ਲਈ ਲੋਕਾਂ ਨੂੰ ਕਰਾਂਗੇ ਲਾਮਬੰਦ : ਮਿੱਟੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਜ਼ਿਲ੍ਹਾ ਖੰਨਾ ਕਾਂਗਰਸ ਦੇ ਉਪ ਪ੍ਰਧਾਨ ਕਸ਼ਤੂਰੀ ਲਾਲ ਮਿੰਟੂ ਨੇ ਕਿਹਾ ਕਿ ਕੁੱਲ ਹਿੰਦ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ 'ਭਾਰਤ ਜੋੜੋ' ਪੈਦਲ ਯਾਤਰਾ ਕੀਤੀ ਜਾ ਰਹੀ ਹੈ, ਜਿਸ ਦਾ ਪੰਜਾਬ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਜਾਵੇਗਾ ਤੇ ਇਸ ਦੀ ਸਫ਼ਲਤਾ ਲਈ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਕਾਂਗਰਸੀ ਆਗੂ ਮਿੰਟੂ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ ਯਾਤਰਾ ਜਨਵਰੀ ਦੇ ਪਹਿਲੇ ਹਫ਼ਤੇ ਪੰਜਾਬ ਵਿੱਚ ਦਾਖਲ ਹੋਵੇਗੀ। ਜ਼ਿਲ੍ਹਾ ਖੰਨਾ ਵਿੱਚ ਦਾਖਲ ਹੋਣ 'ਤੇ ਅਸੀਂ ਪਾਰਟੀ ਦੇ ਹਜ਼ਾਰਾਂ ਵਰਕਰਾਂ ਨਾਲ ਉਨ੍ਹਾਂ ਦਾ ਸਵਾਗਤ ਕਰਨ ਲਈ ਪੱਬਾਂ ਭਾਰ ਹੋਏ ਬੈਠੇ ਹਾਂ। ਸੀਨੀਅਰ ਮੀਤ ਪ੍ਰਧਾਨ ਮਿੰਟੂ ਨੇ ਦੱਸਿਆ ਕਿ ਹਿੰਦੋਸਤਾਨ ਦੇ ਇਤਿਹਾਸ ਵਿੱਚ ਅੱਜ ਤੱਕ ਕਿਸੇ ਵੀ ਰਾਜਸੀ ਆਗੂ ਨੇ ਐਨੀ ਲੰਬੀ ਪੈਦਲ ਯਾਤਰਾ ਨਹੀਂ ਕੀਤੀ, ਜਿਹੜੀ ਕਿ ਰਾਹੁਲ ਗਾਂਧੀ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਇਸ ਯਾਤਰਾ ਦਾ ਮਕਸਦ ਕਾਂਗਰਸ ਦੀ ਵਿਚਾਰਧਾਰਾ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਾ ਹੈ। ਉਨ੍ਹਾ ਦੱਸਿਆ ਕਿ ਪਾਰਟੀ ਵੱਲੋਂ ਲੁਧਿਆਣਾ ਤੋਂ ਹਲਕਾ ਈਸਟ ਵਿੱਚ ਵੀ ਮੇਰੀ ਡਿਊਟੀ ਅਬਜ਼ਰਵਰ ਵਜੋਂ ਲਗਾਈ ਹੈ। ਅਸੀਂ ਉੱਥੇ ਵੀ ਭਾਰੀ ਗਿਣਤੀ ਵਿੱਚ ਵਰਕਰਾਂ ਨੂੰ ਨਾਲ ਲੈ ਕੇ ਆਪਣੇ ਸੀਨੀਅਰ ਆਗੂ ਦਾ ਸਵਾਗਤ ਕਰਾਂਗੇ।

# ਕਿਸੇ ਹੋਰ ਪਲਾਟ 'ਤੇ ਕਬਜ਼ੇ ਦੀ ਕੋਸ਼ਿਸ਼, 3 ਨਾਮਜ਼ਦ

**ਜਗਰਾਉਂ (ਅਮਿਤ ਖੰਨਾ)**-ਥਾਣਾ ਸਿੱਧਵਾਂ ਬੇਟ ਦੀ ਪੁਲਸ ਨੇ ਲੀਲਾ ਮੇਘ ਸਿੰਘ ਵਾਸੀ ਪਿੰਡ ਜਗਰਾਉਂ ਦੀ ਸ਼ਿਕਾਇਤ 'ਤੇ ਉਸ ਵੱਲੋਂ ਵੇਚੇ ਗਏ ਪਲਾਟ ਦੀ ਬਜਾਏ ਕਿਸੇ ਹੋਰ ਪਲਾਟ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਤੇ ਉਸ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ ਬਿਹਾਰ ਸਿੰਘ ਦੀ ਸ਼ਿਕਾਇਤ 'ਤੇ ਤਿੰਨ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਏ ਐੱਸ ਆਈ ਬਲਜਿੰਦਰ ਕੁਮਾਰ ਨੇ ਦੱਸਿਆ ਕਿ ਬਿਹਾਰਾ ਸਿੰਘ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਹ ਖੇਤੀਬਾੜੀ ਦਾ ਧੰਦਾ ਕਰਦਾ ਸੀ ਤੇ ਆਪਣੀ ਜ਼ਮੀਨ ਵਿੱਚੋਂ ਇੱਕ ਕਨਾਲ ਦਾ ਪਲਾਟ ਸੁਖਦੇਵ ਸਿੰਘ ਤੇ ਹਰਨੇਕ ਸਿੰਘ ਨੂੰ ਵੇਚਿਆ ਸੀ, ਪਰ ਉਸ ਦੇ ਪਲਾਟ ਦੇ ਨੰਬਰਾਂ ਦੀ ਬਜਾਏ 9 ਦਸੰਬਰ ਨੂੰ ਬਾਅਦ ਦੁਪਹਿਰ 3:15 ਵਜੇ ਦੇ ਕਰੀਬ ਉਹ ਦੂਜੇ ਨੰਬਰਾਂ ਦੇ ਪਲਾਟ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ ਉਕਤ ਵਿਅਕਤੀਆਂ ਨੇ ਧੋਖੇ ਨਾਲ ਪਲਾਟ ਦੇ ਗਲਤ ਨੰਬਰ ਲਗਾ ਕੇ ਉਨ੍ਹਾਂ 'ਤੇ ਕਬਜ਼ਾ ਕਰ ਲਿਆ ਸੀ। ਉਸ ਵੱਲੋਂ ਵੇਚੇ ਗਏ ਪਲਾਟ ਦੀ ਥਾਂ 'ਤੇ ਕੁਝ ਹੋਰ ਪਲਾਟ ਲਗਾ ਦਿੱਤਾ ਗਿਆ, ਪਰ ਜਦੋਂ ਉਸ ਨੇ ਅਜਿਹਾ ਕਰਨ 'ਤੇ ਇਤਰਾਜ਼ ਕੀਤਾ ਤਾਂ ਸੁਖਦੇਵ ਸਿੰਘ, ਉਸ ਦੇ ਭਰਾ ਰਛਪਾਲ ਸਿੰਘ ਤੇ ਹਰਨੇਕ ਸਿੰਘ ਨੇ ਪਲਾਟ 'ਤੇ ਨੀਂਹ ਪੁੱਟਣੀ ਸ਼ੁਰੂ ਕਰ ਦਿੱਤੀ, ਜਦੋਂ ਉਸ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਣਾ ਚਾਹਿਆ ਤਾਂ ਉਸ ਨਾਲ ਲੜਨਾ ਸ਼ੁਰੂ ਕਰ ਦਿੱਤਾ।


## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲ ਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ, ਫਿਰੋਜ਼ਪੁਰ ਮੰਡਲ ਦੇ ਵੱਖ-ਵੱਖ ਸਟੇਸ਼ਨਾਂ ਤੋਂ ਸ਼ੁਰੂ ਹੋਣ ਵਾਲੀ ਵੱਖ-ਵੱਖ ਟ੍ਰੇਨਾਂ ਵਿਚ 3.9/4 ਟਨ ਦੀ ਸ਼ਮਤਾ ਵਾਲੇ ਐਸਐਲਆਰ ਜਗ੍ਹਾਂ ਨੂੰ ਦੋ ਸਾਲ ਦੇ ਸਮੇਂ ਦੇ ਲਈ ਪਟਟੇ ਉਤੇ ਦੇਣ ਦੇ ਲਈ ਈ-ਨੀਲਾਮੀ ਮੰਗ ਕਰਦਾ ਹੈ। ਵੇਰਵਾ ਇਸ ਪ੍ਰਕਾਰ ਹੈ:

| | |
|---|---|
| Admin Unit/Zone | FEROZPUR DIVISION-COMMERCIAL/NORTHERN RLY. |
| Catalogue Published on | 15.12.2022 |
| Auction catalogue No. | FZRPARCEL23 |
| Auction Start (All Lots) | 02.01.2023 11:00 hrs. |
| Auction close Date/Time | 02.01.2023 13:50 hrs. |
| Auction Type | Close Ended |
| Lot No./Category | 19108-SLR-F1-UHP-BVC-22-1 (Parcel-SLR) |
| | 12414-SLR-F1-JAT-All-22-1 (Parcel-SLR) |
| | 12470-SLR-F1-JAT-CNB-22-1 (Parcel-SLR) |
| | 12752-SLR-F1-JAT-NED-22-1 (Parcel-SLR) |
| | 19614-SLR-F1-ASR-All-22-1 (Parcel-SLR) |
| | 19612-SLR-F1-ASR-All-22-1 (Parcel-SLR) |
| | 22480-SLR-F1-LNK-NDLS-22-1 (Parcel-SLR) |
| | 22430-SLR-F1-PTK-DLI-22-1 (Parcel-SLR) |
| | 15652-SLR-F1-JAT-GHY-22-2 (Parcel-SLR) |
| | 19416-SLR-F1-SVDK-ADI-22-1 (Parcel-SLR) |
| | 22486-SLR-F1-MOGA-NDLS-22-1 (Parcel-SLR) |
| | 14616-SLR-F1-ASR-LKU-22-1 (Parcel-SLR) |
| | 12550-SLR-F1-JAT-DURG-22-2 (Parcel-SLR) |
| | 19028-SLR-F1-JAT-BDTS-22-1 (Parcel-SLR) |
| | 22446-SLR-F1-ASR-CNB-22-1 (Parcel-SLR) |

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

Website particulars where complete details of auction can be seen by registered bidders
E-Auction Module of www.ireps.gov.in

G20

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3351/22


# ਸੌ ਫੀਸਦੀ ਨਤੀਜਿਆਂ ਦੀ ਪ੍ਰਾਪਤੀ ਲਈ ਡੀ ਡੀ ਓ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਕੀਤੀ ਗੱਲਬਾਤ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ ਸੰਜੀਵ ਸ਼ਰਮਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਅੰਗਰੇਜ ਸਿੰਘ ਬਲਾਕ ਨੋਡਲ ਅਫਸਰ ਵਿਪਨ ਚਾਵਲਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ 100 ਪ੍ਰਤੀਸ਼ਤ ਨਤੀਜਿਆਂ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਵਿਖੇ ਡੀ.ਡੀ.ਓ. ਕਮ ਪ੍ਰਿੰਸੀਪਲ ਕੈਪਟਨ (ਡਾ.) ਓਮ ਪ੍ਰਕਾਸ਼ ਸੇਤੀਆ ਵੱਲੋਂ ਸਮੁੱਚੇ ਸਟਾਫ ਨੂੰ 100 ਪ੍ਰਤੀਸ਼ਤ ਟੀਚਾ ਪ੍ਰਾਪਤ ਕਰਦਿਆਂ ਸਖਤ ਮਿਹਨਤ ਕਰਵਾਉਣ ਦੀ ਅਪੀਲ ਕੀਤੀ ਗਈ। ਉਨ੍ਹਾ ਸਟਾਫ ਨੂੰ ਵਿਦਿਆਰਥੀਆਂ ਦੀ 100% ਹਾਜ਼ਰੀ ਕੋਈ ਵੀ ਪੀਰੀਅਡ ਖਾਲੀ ਨਾ ਛੱਡਣ ਤੇ ਵਾਧੂ ਰੀਮੀਡੀਅਲ ਜਮਾਤਾਂ ਲਗਾ ਕੇ ਕਮਜ਼ੋਰ ਵਿਦਿਆਰਥੀਆਂ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਵੀ ਅਪੀਲ ਕੀਤੀ। ਇਸ ਦੇ ਨਾਲ ਹੀ ਕਮਜ਼ੋਰ ਵਿਦਿਆਰਥੀਆਂ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਅਪੀਲ ਕੀਤੀ ਗਈ ਤੇ ਕਮਜ਼ੋਰ ਵਿਦਿਆਰਥੀਆਂ ਦੇ ਮਾਪਿਆਂ ਨਾਲ ਘਰ-ਘਰ ਜਾ ਕੇ ਨਿੱਜੀ ਸੰਪਰਕ ਕਰਨ ਲਈ ਪ੍ਰੇਰਿਆ। ਇਸ ਸਮੇਂ ਜਸਵੀਰ ਸਿੰਘ, ਮੇਜਰ ਸਿੰਘ, ਸੁਖਜੀਤ ਸਿੰਘ ਸਮੇਤ ਸਮੁੱਚਾ ਸਟਾਫ ਹਾਜ਼ਰ ਸੀ।

# ਐੱਸ ਐੱਚ ਓ ਰਮਨਦੀਪ ਬਾਵਾ ਨੇ ਵਪਾਰੀਆਂ ਤੋਂ ਮੰਗਿਆ ਸਹਿਯੋਗ

## ਸੀ ਸੀ ਟੀ ਵੀ ਕੈਮਰੇ ਮੁਲਜ਼ਮਾਂ ਨੂੰ ਲੱਭਣ 'ਚ ਸਹਾਈ : ਬਾਵਾ




**ਧੂਰੀ (ਰਾਜੇਸ਼ਵਰ ਪਿੰਟੂ)**-ਥਾਣਾ ਸਿਟੀ ਧੂਰੀ ਦੇ ਮੁਖੀ ਵਜੋਂ ਆਪਣਾ ਅਹੁਦਾ ਸੰਭਾਲਣ ਉਪਰੰਤ ਇੰਸਪੈਕਟਰ ਰਮਨਦੀਪ ਸਿੰਘ ਬਾਵਾ ਨੇ ਸ਼ਹਿਰ ਦੀਆਂ ਵੱਖ-ਵੱਖ ਵਪਾਰਕ ਜਥੇਬੰਦੀਆਂ ਨਾਲ ਸਥਾਨਕ 'ਪ੍ਰੈੱਸ ਟਰੱਸਟ ਪੰਜਾਬ ਦੇ ਦਫ਼ਤਰ' ਵਿਖੇ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ਹਿਰ ਵਿੱਚ ਅਮਨ ਅਮਾਨ ਕਾਇਮ ਰੱਖਣ ਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਗੈਰ-ਸਮਾਜੀ ਗਤੀਵਿਧੀਆਂ ਨੂੰ ਰੋਕਣ ਲਈ ਵਪਾਰੀ ਵਰਗ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਜੁਰਮ ਨੂੰ ਰੋਕਣ ਲਈ ਵਪਾਰੀ ਵਰਗ ਨੂੰ ਆਪੋ-ਆਪਣੇ ਅਦਾਰਿਆਂ ਦੇ ਬਾਹਰ ਸੀਸੀਟੀਵੀ ਕੈਮਰੇ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਅੱਜ ਦੇ ਟੈਕਨਾਲੋਜੀ ਭਰੇ ਯੁੱਗ ਵਿੱਚ ਸੀਸੀਟੀਵੀ ਕੈਮਰੇ ਮੁਲਜ਼ਮਾਂ ਦੀ ਸ਼ਨਾਖ਼ਤ ਕਰਨ ਵਿੱਚ ਬੇਹੱਦ ਸਹਾਈ ਸਿੱਧ ਹੁੰਦੇ ਹਨ ਉਨ੍ਹਾਂ ਸ਼ਹਿਰ 'ਚ ਆਵਾਜਾਈ ਦੀ ਸਮੱਸਿਆ ਨੂੰ ਕਾਬੂ ਹੇਠ ਰੱਖਣ ਲਈ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਜਿੱਥੇ ਉਹ ਆਪਣੀਆਂ ਦੁਕਾਨਾਂ ਤੋਂ ਬਾਹਰ ਸਾਮਾਨ ਰੱਖਣ ਤੋਂ ਗੁਰੇਜ਼ ਕਰਨ, ਉਥੇ ਆਪਣੇ ਗਾਹਕਾਂ ਨੂੰ ਵੀ ਨਿਰਧਾਰਤ ਥਾਵਾਂ 'ਤੇ ਆਪਣੇ ਵਹੀਕਲ ਲਗਾਉਣ ਲਈ ਪ੍ਰੇਰਿਤ ਕਰਨ। ਉਨ੍ਹਾਂ ਕੱਕੜਵਾਲ ਚੌਕ ਵਿੱਚ ਆਵਾਜਾਈ ਦੀ ਦਰਪੇਸ਼ ਸਮੱਸਿਆ ਦੇ ਹੱਲ ਬਾਰੇ ਕਿਹਾ ਕਿ ਜਲਦੀ ਹੀ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨਾਲ ਗੱਲਬਾਤ ਕਰਕੇ ਚੌਕ ਵਿੱਚ ਲੱਗੀਆਂ ਟ੍ਰੈਫਿਕ ਲਾਇਟਾਂ ਨੂੰ ਚਾਲੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਰ ਕੋਈ ਵਿਅਕਤੀ ਆਪਣੀ ਸਮੱਸਿਆ ਉਨ੍ਹਾਂ ਨੂੰ ਵਟੱਸਐਪ 'ਤੇ ਭੇਜ ਕੇ ਵੀ ਧਿਆਨ ਵਿੱਚ ਲਿਆ ਸਕਦਾ ਹੈ। ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ ਤੇ ਧੂਰੀ ਵਪਾਰ ਮੰਡਲ ਧੂਰੀ ਦੇ ਜਨਰਲ ਸਕੱਤਰ ਹੰਸ ਰਾਜ ਬਜਾਜ ਨੇ ਇੰਸਪੈਕਟਰ ਬਾਵਾ ਨੂੰ 'ਜੀ ਆਇਆ' ਆਖਦਿਆਂ ਪੁਲਸ ਪ੍ਰਸ਼ਾਸਨ ਨੂੰ ਵਪਾਰੀ ਵਰਗ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਸਿਟੀ ਵਪਾਰ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਵਿਨੋਦ ਕੁਮਾਰ ਮੋਦੀ, ਨਰੇਸ਼ ਕੁਮਾਰ ਮੰਗੀ, ਗਿਆਨ ਚੰਦ ਗਰਗ, ਸੁਰੇਸ਼ ਬਾਂਸਲ, ਰਾਜੇਸ਼ ਸਚਦੇਵਾ, ਗੁਰਕੰਵਲ ਸਿੰਘ ਕੋਹਲੀ, ਵੇਦ ਪ੍ਰਕਾਸ਼, ਅੱਗਰਵਾਲ ਸਭਾ ਦੇ ਪ੍ਰਧਾਨ ਅਮਨ ਗਰਗ ਕਾਲਾ ਵੀ ਹਾਜ਼ਰ ਸਨ।

# ਮਾਨ ਸਰਕਾਰ ਵੱਲੋਂ ਪੰਜਾਬੀ ਮਾਂ ਬੋਲੀ ਦੇ ਹੱਕ 'ਚ ਲਿਆ ਫ਼ੈਸਲਾ ਸ਼ਲਾਘਾਯੋਗ : ਸੁਖਦੀਪ ਸਿੰਘ ਅੱਪਰਾ

**ਗੁਰਾਇਆ (ਬਿੰਦਰ ਸੁਮਨ)** ਪੰਜਾਬ ਦੀ ਮਾਨ ਸਰਕਾਰ ਵਲੋਂ ਪੰਜਾਬੀ ਮਾਂ ਬੋਲੀ ਦੇ ਹੱਕ ਚ ਡੱਟਕੇ ਲਏ ਸ਼ਲਾਘਾਯੋਗ ਫੈਸਲਾ ਸਦਕਾ ਅੱਜ ਹਰ ਪੰਜਾਬੀ ਖੁਸ਼ ਹੈ। ਸਮਾਜ ਸੇਵੀ ਅਤੇ ਸੀਨੀਅਰ ਆਗੂ ਸੁਖਦੀਪ ਸਿੰਘ ਅੱਪਰਾ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਪਹਿਲਾਂ ਪੰਜਾਬ ਦੇ ਕਈ ਪ੍ਰਾਈਵੇਟ ਸਕੂਲਾਂ ਵਿੱਚ ਇਹੋ ਜਿਹੇ ਹਾਲਾਤ ਬਣ ਗਏ ਸਨ ਕਿ ਸਕੂਲ ਵਿੱਚ ਪੰਜਾਬੀ ਬੋਲਣ ਵਾਲੇ ਬੱਚਿਆਂ ਉੱਤੇ ਜੁਰਮਾਨਾ ਲਗਾਇਆ ਜਾ ਰਿਹਾ ਸੀ ਪਰ ਹੁਣ ਸ ਭਗਵੰਤ ਸਿੰਘ ਮਾਨ ਜੀ ਵਲੋਂ ਉਨ੍ਹਾਂ ਸਕੂਲਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਜੇ ਕਿਸੇ ਸਕੂਲ ਵਿੱਚ ਹੁਣ ਪੰਜਾਬੀ ਮਾਂ ਬੋਲੀ ਪ੍ਰਤੀ ਕਿਸੇ ਵੀ ਤਰਾਂ ਦੀ ਕੁਤਾਹੀ ਕੀਤੀ ਗਈ ਜਾ ਕਿਸੇ ਵੀ ਬੱਚੇ ਨੂੰ ਪੰਜਾਬੀ ਬੋਲਣ ਉੱਤੇ ਪਬੰਦੀ ਲਗਾਈ ਜਾਂ ਜੁਰਮਾਨਾ ਕੀਤਾ ਗਿਆ ਤਾਂ ਉਸ ਸਕੂਲ ਦੀ ਮਾਨਤਾ ਰੱਦ ਕੀਤੀ ਜਾਵੇਗੀ। ਸ. ਅੱਪਰਾ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵਲੋਂ ਸਾਰੇ ਵਿਭਾਗਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ ਕਿ ਹਰ ਸਰਕਾਰੀ ਦਫਤਰ ਵਿੱਚ ਪੰਜਾਬੀ ਮਾਂ ਬੋਲੀ ਨੂੰ ਪਹਿਲ ਦੇ ਅਧਾਰ ਉੱਤੇ ਤਰਜੀਹ ਦਿੱਤੀ ਜਾਵੇ ਅਤੇ ਬਾਕੀ ਸਾਰੇ ਕੰਮ ਪੰਜਾਬੀ ਵਿੱਚ ਹੀ ਕੀਤੇ ਜਾਣ। ਸੁਖਦੀਪ ਅੱਪਰਾ ਨੇ ਕਿਹਾ ਕਿ ਇਸ ਤੋਂ ਇਲਾਵਾ ਮਾਣਯੋਗ ਮੁੱਖ ਮੰਤਰੀ ਜੀ ਨੇ ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ 21 ਫਰਵਰੀ ਤੋਂ ਪਹਿਲਾਂ ਪਹਿਲਾਂ ਪੰਜਾਬ ਦੇ ਸਾਰੇ ਜੀਟੀ ਰੋਡਾਂ ਉੱਤੇ ਲਗਾਏ ਸਾਰੇ ਸਾਈਨ ਬੋਰਡਾਂ ਉੱਤੇ ਪੰਜਾਬੀ ਭਾਸ਼ਾ ਨੂੰ ਪਹਿਲ ਦੇ ਅਧਾਰ ਤੇ ਲਿਖਿਆ ਜਾਣਾ ਲਾਜ਼ਮੀ ਹੈ, ਨਹੀਂ ਤਾਂ ਸਬੰਧਿਤ ਵਿਭਾਗ ਅਤੇ ਜਿੰਮੇਵਾਰ ਅਧਿਕਾਰੀਆਂ ਉੱਤੇ ਸਰਕਾਰ ਵਲੋਂ ਜੁਰਮਾਨਾ ਕੀਤਾ ਜਾਵੇਗਾ . ਅੱਪਰਾ ਨੇ ਕਿਹਾ ਕਿ ਇਹਨਾਂ ਆਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਲਾਗੂ ਕਰਵਾਉਣ ਲਈ ਇਕ ਸੰਸਥਾ ਪੰਜਾਬੀ ਜੁਬਾਨ ਕਾਰਗੁਨ ਹੋਂਦ ਵਿਚ ਲਿਆਂਦੀ ਜਾਂ ਰਹੀ ਹੈ ਜਿਸ ਦਾ ਕਾਰਜ ਹਰ ਸਕੂਲ ਹਰ ਮਹਿਕਮੇ ਚ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੂੰ ਇਨਬਿੰਨ ਲਾਗੂ ਕਰਵਾਉਣਾ ਹੋਵੇਗਾ, ਜਿਸ ਦੀ ਜਾਣਕਾਰੀ ਕੁਝ ਦਿਨ੍ਹਾਂ ਚ ਪੰਜਾਬ ਦੇ ਆਗੂ ਡਾਕਟਰ ਅਮਨਦੀਪ ਸਿੰਘ ਵਿਸਥਾਰ ਚ ਦੇਣਗੇ। ਸ ਆਓ ਆਪਾਂ ਸਾਰੇ ਰਲਕੇ ਪੰਜਾਬ ਦੀ ਮਾਨ ਸਰਕਾਰ ਵਲੋਂ ਪੰਜਾਬੀ ਮਾਂ ਬੋਲੀ ਲਈ ਲਏ ਇਹ ਇਤਿਹਾਸਕ ਫੈਸਲੇ ਵਿੱਚ ਬਣਦਾ ਆਪਣਾ ਬਣਦਾ ਯੋਗਦਾਨ ਪਾਈਏ ਅਤੇ ਵੱਧ ਤੋਂ ਵੱਧ ਆਪਣੀ ਮਾਤਰ ਭਾਸ਼ਾ ਪੰਜਾਬੀ ਮਾਂ ਬੋਲੀ ਨੂੰ ਤਰਜੀਹ ਦਈਏ। ਸੁਖਦੀਪ ਅੱਪਰਾ ਨੇ ਮਾਨ ਸਰਕਾਰ ਵਲੋਂ ਮਾਂ ਬੋਲੀ ਪੰਜਾਬੀ ਲਈ ਲਏ ਇਤਿਹਾਸਕ ਫੈਸਲੇ ਨੂੰ ਸ਼ਲਾਘਾਯੋਗ ਕਦਮ ਦੱਸਦਿਆਂ ਮਾਨ ਸਰਕਾਰ ਦਾ ਧੰਨਵਾਦ ਕੀਤਾ।

# 'ਆਪ' ਸਾਂਸਦ ਰਾਘਵ ਚੱਢਾ ਨੇ ਭੜਕਾਊ ਨਿਊਜ਼ ਚੈਨਲ 'ਤੇ ਬਹਿਸਾਂ ਦਾ ਮੁੱਦਾ ਉਠਾਇਆ

**ਚੰਡੀਗੜ੍ਹ, ( ਗੁਰਜੀਤ ਬਿੱਲਾ)**—ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਨੇਤਾ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਵੀਰਵਾਰ ਨੂੰ ਸੰਸਦ ਵਿੱਚ ਇੱਕ ਅਹਿਮ ਮੁੱਦੇ ਉਠਾਉਂਦੇ ਹੋਏ ਕਿਹਾ ਕਿ ਕਈ ਚੈਨਲਾਂ ਵੱਲੋਂ ਹਰ ਰੋਜ਼ ਸ਼ਾਮ ਨੂੰ ਭਾਵਨਾਵਾਂ ਭੜਕਾਉਣ ਵਾਲੀਆਂ ਬਹਿਸਾਂ ਦਿਖਾਈਆਂ ਜਾਂਦੀਆਂ ਹਨ। ਉਨ੍ਹਾਂ ਸੂਚਨਾ ਤੇ ਪ੍ਰਸਾਰਨ ਮੰਤਰੀ ਨੂੰ ਸਵਾਲ ਕੀਤਾ ਕਿਹਾ ਕਿ ਭੜਕਾਊ ਬਹਿਸਾਂ ਕਰਨ ਵਾਲੇ ਚੈਨਲਾਂ ਬਾਰੇ ਕੇਂਦਰ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

ਉਨ੍ਹਾਂ ਨੇ ਕਿਹਾ ਕਿ ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰਿਵੰਸ਼ ਨਰਾਇਣ ਸਿੰਘ ਆਪ ਜਰਨਲਿਸਟ ਰਹੇ ਹਨ ਅਤੇ ਖਬਰਾਂ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਇਸ ਦੇਸ਼ ਵਿੱਚ ਨਿਊਜ (ਖਬਰਾਂ) ਨਾਇਸ (ਆਵਾਜ ਪ੍ਰਦੂਸ਼ਣ) ਵਿੱਚ ਬਦਲ ਗਈਆਂ ਹਨ। ਜ਼ਿਆਦਾਤਰ ਚੈਨਲ ਸ਼ਾਮ 5 ਵਜੇ ਤੋਂ ਰਾਤ 11 ਵਜੇ ਤੱਕ ਭੜਕਾਊ ਬਹਿਸ ਕਰਵਾ ਕੇ ਮਾਨਸਿਕ ਪ੍ਰਦੂਸ਼ਣ ਫੈਲਾਉਣ ਦਾ ਕੰਮ ਕਰਦੇ ਹਨ। ਚੱਢਾ ਨੇ ਡਿਪਟੀ ਚੇਅਰਮੈਨ ਰਾਹੀਂ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਕੀ ਮਾਨਸਿਕ ਪ੍ਰਦੂਸ਼ਣ ਫੈਲਾਉਣ ਵਾਲੇ ਭੜਕਾਊ ਨਿਊਜ਼ ਚੈਨਲਾਂ ਅਤੇ ਐਂਕਰਾਂ ਖਿਲਾਫ ਕੇਂਦਰ ਸਰਕਾਰ ਕੋਈ ਕਾਰਵਾਈ ਕਰ ਰਹੀ ਹੈ? ਜੇਕਰ ਕਰ ਰਹੀ ਹੈ ਤਾਂ ਕੀ ਕਾਰਵਾਈ ਕੀਤੀ ਜਾ ਚੁੱਕੀ ਹੈ? ਉਨ੍ਹਾਂ ਪੁੱਛਿਆ ਕਿ ਕੀ ਸਰਕਾਰ ਇਨ੍ਹਾਂ ਭੜਕਾਊ ਚੈਨਲਾਂ ਵਿਰੁੱਧ ਜਾਂ ਇਨ੍ਹਾਂ ਮਾਮਲਿਆਂ ਦੇ ਸੰਬੰਧ 'ਚ ਕੋਈ ਨੀਤੀ ਲੈ ਕੇ ਆ ਰਹੀ ਹੈ? ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਇਹ ਕਹਿ ਕੇ ਪੱਲਾ ਝਾੜ ਗਏ ਕਿ ਇਸ 'ਤੇ ਪਹਿਲਾਂ ਹੀ 3-ਪੱਧਰੀ ਸ਼ਿਕਾਇਤ ਨਿਵਾਰਣ ਦੀ ਵਿਵਸਥਾ ਹੈ। ਜੇਕਰ ਕੋਈ ਇਸ ਵਿੱਚ ਆਪਣੀ ਸ਼ਿਕਾਇਤ ਭੇਜਦਾ ਹੈ ਤਾਂ ਇਸ ਦਾ ਨਿਪਟਾਰਾ ਕੀਤਾ ਜਾਂਦਾ ਹੈ ਪਰ ਫਿਲਹਾਲ ਕਿਸੇ ਵੀ ਵਿਅਕਤੀ ਵੱਲੋਂ ਅਜਿਹੀ ਕੋਈ ਸ਼ਿਕਾਇਤ ਨਹੀਂ ਕੀਤੀ ਗਈ ਹੈ।

# ਫ਼ਲਾਈਓਵਰ ਹੇਠਾਂ ਡਰੇਨੇਜ 'ਤੇ ਨਜਾਇਜ਼ ਕਬਜ਼ੇ 20 ਤੋਂ ਪਹਿਲਾਂ ਹਟਾ ਲਏ ਜਾਣ-ਐੱਸ ਡੀ ਐੱਮ

**ਬਹਿਰਾਮ (ਅਵਤਾਰ ਕਲੇਰ)** ਐਸ ਡੀ ਐਮ ਬੰਗਾ ਮੇਜਰ (ਡਾ.) ਸ਼ਿਵਰਾਜ ਸਿੰਘ ਬੱਲ ਨੇ ਬੰਗਾ ਸ਼ਹਿਰ 'ਚ ਫ਼ਲਾਈਓਵਰ ਹੇਠਾਂ ਡਰੇਨੇਜ 'ਤੇ ਨਜਾਇਜ਼ ਕਬਜ਼ੇ ਕਰਨ ਵਾਲੇ ਬੰਗਾ ਦੇ ਦੁਕਾਨਦਾਰਾਂ ਨੂੰ 20 ਦਸੰਬਰ ਤੋਂ ਪਹਿਲਾਂ-ਪਹਿਲਾਂ ਇਹ ਕਬਜ਼ੇ ਹਟਾਉਣ ਦੀ ਅਪੀਲ ਕੀਤੀ ਹੈ। ਐਸ ਡੀ ਐਮ ਦਫ਼ਤਰ ਵਿਖੇ ਸਮੀਖਿਆ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ 20 ਦਸੰਬਰ ਨੂੰ ਨਜਾਇਜ਼ ਕਬਜ਼ੇ ਹਟਾਉਣ ਦੀ ਕੀਤੀ ਜਾਣ ਵਾਲੀ ਕਾਰਵਾਈ ਤਹਿਤ ਮਾਲ ਮਹਿਕਮੇ ਦੀ ਇੱਕ ਟੀਮ ਮੌਕੇ 'ਤੇ ਨਜਾਇਜ਼ ਕਬਜ਼ੇ ਦੀ ਨਿਸ਼ਾਨਦੇਹੀ ਕਰੇਗੀ ਅਤੇ ਦੂਜੀ ਟੀਮ ਕਾਰਜ ਸਾਧਕ ਅਫ਼ਸਰ ਦੀ ਅਗਵਾਈ 'ਚ ਆਰਜ਼ੀ ਕਬਜ਼ਿਆਂ ਨੂੰ ਤੁਰੰਤ ਹਟਾਏਗੀ ਅਤੇ ਪੱਕੇ ਕਬਜ਼ਿਆਂ ਨੂੰ ਹਟਾਉਣ ਲਈ ਨੋਟਿਸ ਜਾਰੀ ਕਰੇਗੀ। ਉਨ੍ਹਾਂ ਕਿਹਾ ਕਿ ਸ਼ਹਿਰ 'ਚ ਫ਼ਲਾਈਓਵਰ ਥੱਲੇ ਡਰੇਨੇਜ ਅਤੇ ਹੋਰ ਨਜਾਇਜ਼ ਕਬਜ਼ਿਆਂ ਤੋਂ ਪ੍ਰੇਸ਼ਾਨ ਲੋਕਾਂ ਦੀਆਂ ਮੁਸ਼ਕਿਲਾਂ ਦੇ ਨਿਪਟਾਰੇ ਲਈ ਸਬ ਡਵੀਜ਼ਨ ਪ੍ਰਸ਼ਾਸਨ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ 20 ਦਸੰਬਰ ਤੋਂ ਪਹਿਲਾਂ-ਪਹਿਲਾਂ ਜਨਤਕ ਹਿੱਤ ਵਿੱਚ ਆਪਣੇ ਕਬਜ਼ੇ ਹਟਾ ਲੈਣਗੇ, ਉਨ੍ਹਾਂ ਨੂੰ ਕੁੱਝ ਨਹੀਂ ਕਿਹਾ ਜਾਵੇਗਾ ਪਰ ਜਿਨ੍ਹਾਂ ਨੇ ਉਸ ਦਿਨ ਤੱਕ ਵੀ ਕਬਜ਼ੇ ਨਾ ਹਟਾਏ, ਉਨ੍ਹਾਂ ਖ਼ਿਲਾਫ਼ ਨਿਯਮਾਂ ਮੁਤਾਬਕ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਆਪਣੇ ਦਫ਼ਤਰ 'ਚ ਬੰਗਾ ਸ਼ਹਿਰ ਦੇ ਨਜਾਇਜ਼ ਕਬਜ਼ਿਆਂ, ਨੈਸ਼ਨਲ ਹਾਈਵੇਅ ਦੇ ਕੰਮਾਂ ਦੇ ਨਿਪਟਾਰੇ ਅਤੇ ਸ਼ਹਿਰ ਦੀ ਪਾਰਕਿੰਗ ਸਬੰਧੀ ਮਾਮਲਿਆਂ 'ਤੇ ਮੀਟਿੰਗ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਨੂੰ ਸ਼ਹਿਰ 'ਚ ਪੱਕੇ ਤੇ ਆਰਜ਼ੀ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਹਦਾਇਤ ਕੀਤੀ। ਇਸ ਮੀਟਿੰਗ ਵਿੱਚ ਗੁਰਸੇਵਕ ਚੰਦ ਤਹਿਸੀਲਦਾਰ ਬੰਗਾ, ਕਮਲਜੀਤ ਸਿੰਘ ਡਿਪਟੀ ਇੰਜੀਨੀਅਰ ਨੈਸ਼ਨਲ ਹਾਈਵੇਅ, ਵਿਸ਼ਾਲ ਗੁਪਤਾ, ਮੈਨੇਜਰ ਗਰਿੱਲ, ਰਮੇਸ਼ ਕੁਮਾਰ ਜੇ.ਈ. ਪੀ.ਡਬਲਿਊ.ਡੀ., ਸੁਖਦੇਵ ਸਿੰਘ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਬੰਗਾ, ਮਹਿੰਦਰ ਸਿੰਘ ਐਸ.ਐਚ.ਓ. ਸਿਟੀ ਬੰਗਾ ਅਤੇ ਵਪਾਰ ਮੰਡਲ ਤੋਂ ਡਾ. ਰਾਜਨ ਸ਼ਰਮਾ, ਰਾਜੇਸ਼ ਧੁੱਪਰ ਅਤੇ ਜਸਵਿੰਦਰ ਸਿੰਘ ਮਾਨ ਨਗਰ ਕੌਂਸਲਰ ਆਦਿ ਹਾਜ਼ਰ ਸਨ।



## ਅਕਾਲੀ ਆਗੂ ਦੀ ਬੇਇੱਜ਼ਤੀ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਆਦਮਪੁਰ (ਪਰਮਜੀਤ ਸਿੰਘ)**–ਬੀਤੀ ਰਾਤ ਪਿੰਡ ਨੰਗਲ ਸਲਾਲਾ ਦੇ ਮੌਜੂਦਾ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਸਰਪੰਚ ਅਮਨਦੀਪ ਸਿੰਘ ਵਿੱਕੀ 'ਤੇ ਹਮਲਾ ਕਰਕੇ ਉਸ ਦੀ ਪੱਗ ਉਤਾਰ ਕੇ ਕੇਸਾਂ ਤੇ ਕਰਾਰਾਂ ਦੀ ਬੇਅਦਬੀ ਕਰਨ ਵਾਲੇ ਵਿਅਕਤੀਆਂ, ਹਰਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ, ਬਲਵੰਤ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਸਲਾਲਾ ਸਮੇਤ ਤਿੰਨ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਆਦਮਪੁਰ ਪੁਲਸ ਵੱਲੋਂ ਥਾਣਾ ਆਦਮਪੁਰ ਵਿਖੇ 295 ਏ,323,341,148 ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਮੁਖੀ ਹਰਦੀਪ ਸਿੰਘ ਆਦਮਪੁਰ ਨੇ ਦੱਸਿਆ ਕਿ ਉੱਕਤ ਮੁਲਜ਼ਮਾਂ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇਗਾ।

## ਕੁਲਦੀਪ ਸਿੰਘ ਪੰਲੋ ਦੀ ਮੌਤ 'ਤੇ ਦੁੱਖ ਪ੍ਰਗਟ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**–ਬੜਾ ਹਸਮੁੱਖ ਸੁਭਾਅ ਸਭ ਨੂੰ ਪਿਆਰ ਨਾਲ ਮਿਲਣ ਵਾਲਾ ਹਰ ਵੇਲੇ ਚਿਹਰੇ ਤੇ ਨੂਰ ਰਖਣ ਵਾਲਾ, ਯਾਰਾਂ ਦਾ ਯਾਰ ਕੁਲਦੀਪ ਸਿੰਘ ਪੰਲੋ ਅੱਜ ਸਾਡੇ ਵਿਚਕਾਰ ਨਹੀਂ ਰਿਹਾ। ਸਰਪੰਚ ਜਰਨੈਲ ਸਿੰਘ ਕਾਹਲੋਂ ਡਾਇਰੈਕਟਰ ਮਿਲਕ ਪਲਾਂਟ ਮੋਹਾਲੀ, ਜੀਵਨ ਕੁਮਾਰ ਸੰਜੂ, ਐਡਵੋਕੇਟ ਪਰਦੀਪ ਕੁਮਾਰ ਚੇਚੀ, ਚਰਨਜੀਤ ਚੰਨੀ ਗੜ੍ਹਸ਼ੰਕਰ, ਪਰਮਜੀਤ ਪੰਮੂ ਗੋਚਰ, ਬਹਾਦਰ ਸਿੰਘ ਸ਼ੌਕੀ, ਠੇਕੇਦਾਰ ਰਜਨੀਸ਼ ਕੁਮਾਰ, ਰਵੀ ਕੁਮਾਰ ਬੂਥਗੜ੍ਹ, ਡਾਕਟਰ ਜਸਵਿੰਦਰ ਕੁਮਾਰ ਚੋਪੜਾ, ਪਰਮਿੰਦਰ ਸਿੰਘ ਪੱਪੂ ਸਰਪੰਚ, ਸਰਪੰਚ ਗੁਰਨੈਬ ਸਿੰਘ, ਡਾਕਟਰ ਸੁਰਿੰਦਰ ਖੇਪੜ, ਦਰਸ਼ਨ ਸਿੰਘ ਕਾਹਲੋਂ, ਪੰਜਾਬ ਸਿੰਘ ਰੈਸੜਾ, ਜਰਨੈਲ ਸਿੰਘ ਗਨੂੰਰਾ, ਲਾਲਾ ਹਰੀ ਕਿਸ਼ਨ ਰੈਸੜਾ, ਰੇਸ਼ਮ ਕਜਲਾ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਸੀ ਟੀ ਯੂ ਵੱਲੋਂ ਰੈਲੀ ਭਲਕੇ

ਜਲੰਧਰ (ਰਾਜੇਸ਼ ਥਾਪਾ )—ਸੈਂਟਰ ਆਫ ਟਰੇਡ ਯੂਨੀਅਨ ਜਲੰਧਰ ਵੱਲੋਂ 18 ਦਸੰਬਰ ਨੂੰ ਬੇਅੰਤ ਸਿੰਘ ਪਾਰਕ ਫੋਕਲ ਪੁਆਇੰਟ ਜਲੰਧਰ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਕਾਮਰੇਡ ਰਾਮ ਕਿਸਨ ਸਿੰਘ ਪ੍ਰਧਾਨ ਸੀ ਟੀ ਯੂ ਜਲੰਧਰ ਅਤੇ ਕਾਮਰੇਡ ਹਰੀਮੂਨੀ ਸਿੰਘ ਸਕੱਤਰ ਸੀ ਟੀ ਯੂ ਜਲੰਧਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਵਿਸ਼ਾਲ ਰੈਲੀ ਮਜਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਰਤ ਕਾਨੂੰਨਾਂ ਵਿੱਚ ਕੇਂਦਰ ਸਰਕਾਰ ਵਲੋਂ ਕੀਤੀ ਗਈ ਫੇਰ ਬਦਲ ਵਾਪਸ ਲਈ ਜਾਵੇ। ਮਜਦੂਰਾਂ ਦੀ ਘੱਟੋ ਘੱਟ ਤਨਖਾਹ 26000/-ਰੁਪਏ ਮਹੀਨਾ ਕੀਤੀ ਜਾਵੇ । ਹਰ ਮਜਦੂਰ ਨੂੰ 5 ਮਰਲੇ ਤੇ ਪਲਾਟ ਤੇ ਮਕਾਨ ਬਣਾਉਣ ਲਈ ਪੰਜ ਲੱਖ ਰੁਪਏ ਗ੍ਰਾਂਟ ਵੀ ਦਿੱਤੀ ਜਾਵੇ । ਹਰ ਮਜਦੂਰ ਦਾ ਨੀਲਾ ਕਾਰਡ ਬਣਾਇਆ ਜਾਵੇ। ਘਰੇਲੂ ਮਜਦੂਰਾਂ ਦੀ ਰਜਿਸਟ੍ਰੇਸ਼ਨ ਕੀਤੀ ਜਾਵੇ। ਆਂਗਣਵਾੜੀ ਮਿਡ-ਡੇ-ਮੀਲ ਅਤੇ ਆਸ਼ਾ ਵਰਕਰਾਂ ਨੂੰ ਘੱਟੋ-ਘੱਟ ਤਨਖਾਹ ਦੇ ਦਾਇਰੇ ਵਿੱਚ ਲਿਆਂਦਾ ਜਾਵੇ । ਹਰ ਮਜਦੂਰ ਨੂੰ 5000 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇ ਵਿਧਵਾ ਅਤੇ ਬੁਢਾਪਾ ਪੈਨਸ਼ਨ 3000 ਰੁਪਏ ਮਹੀਨਾ ਕੀਤੀ ਜਾਵੇ। ਉਸਾਰੀ ਮਜਦੂਰਾਂ ਦਾ ਰਜਿਸਟ੍ਰੇਸ਼ਨ ਬੀ ਉ ਸੀ ਨਾਲ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਜਵਾਹਰ ਸਿੰਘ ਬਹਾਦਰ ਸਿੰਘ ਸ਼ਿਵ ਕੁਮਾਰ ਸਰੀਨ ਚੰਚਲ ਯਾਦਵ ਪਾਰਵਤੀ ਦੇਵੀ ਕੰਚਨ ਸਿੰਘ ਮੀਰਾ ਦੇਵੀ ਹਿੰਦੂ ਦੇਵੀ ਅਨਤ ਯਾਦਵ ਸੁਰਿੰਦਰ ਸਿੰਘ ਆਦਿ ਹਾਜਰ ਸਨ।

# ਰਿਸ਼ਵਤ ਲੈਣ ਦੇ ਦੋਸ਼ 'ਚ ਏ ਐੱਸ ਆਈ ਗ੍ਰਿਫਤਾਰ

**ਕਪੂਰਥਲਾ ( ਰਵਿੰਦਰ ਸਿੰਘ)**- ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਥਾਣਾ ਭੁਲੱਥ, ਜ਼ਿਲ੍ਹਾ ਕਪੂਰਥਲਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਲਖਵਿੰਦਰ ਸਿੰਘ (899/ਕਪੂਰਥਲਾ) ਨੂੰ 5,000 ਰੁਪਏ ਰਿਸ਼ਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 'ਤੇ ਦਰਜ ਆਨਲਾਈਨ ਸ਼ਿਕਾਇਤ ਦੀ ਜਾਂਚ ਉਪਰੰਤ ਉਕਤ ਦੋਸ਼ੀ ਏ.ਐਸ.ਆਈ. ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਅਵਤਾਰ ਸਿੰਘ ਨੇ ਦੱਸਿਆ ਕਿ ਪੁਲਸ ਮੁਲਾਜ਼ਮ ਨੇ ਉਸਦੇ ਲੜਕੇ ਬਾਰੇ ਪੁਲਸ ਸਟੇਸ਼ਨ ਵਿਖੇ ਦਰਜ ਸ਼ਿਕਾਇਤ 'ਤੇ ਕਾਰਵਾਈ ਕਰਨ ਬਦਲੇ 5,000 ਰੁਪਏ ਰਿਸ਼ਵਤ ਦੀ ਲਈ ਹੈ।



# ਮੰਢਾਲੀ ਸਾਲਾਨਾ ਜੋੜ ਮੇਲਾ ਚਾਦਰ ਦੀ ਰਸਮ ਨਾਲ ਸਮਾਪਤ



**ਮੇਹਲੀ (ਗੁਰਨਾਮ)** ਦਰਬਾਰ ਰੋਜ਼ਾ ਸ਼ਰੀਫ ਮੰਢਾਲੀ ਵਿਖੇ ਗੱਦੀ ਨਸ਼ੀਨ ਸਾਂਈ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਸਾਬਰ ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਜੀ ਦਾ ਸਾਲਾਨਾ ਜੋੜ ਮੇਲਾ ਮਨਾਇਆ ਗਿਆ। ਇਹ ਤਿੰਨ ਰੋਜ਼ਾ ਚੱਲਣ ਵਾਲਾ ਮੇਲਾ ਚਾਦਰ ਦੀ ਰਸਮ ਨਾਲ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ। ਇਸ ਮੇਲੇ ਵਿੱਚ ਸਾਂਈ ਫੱਕਰ ਸਾਹ ਦਾਦੂਵਾਲ, ਜੀਤ ਬਾਬਾ ਰੁੜਕਾ ਤੋ ਇਲਾਵਾ ਹੋਰ ਵੀ ਸੰਤਾਂ ਮਹਾਪੁਰਸ਼ਾਂ ਨੇ ਦਰਬਾਰ ਵਿੱਚ ਸਿਜਦਾ ਕੀਤਾ। ਮੇਲੇ ਦੌਰਾਨ ਨਾਮਵਰ ਕਲਾਕਾਰਾਂ ਲਖਵਿੰਦਰ ਵਡਾਲੀ, ਰਣਜੀਤ ਰਾਣਾ, ਰਮੇਸ਼ ਚੌਹਾਨ, ਬੂਟਾ ਮੁਹੰਮਦ ਤੋਂ ਇਲਾਵਾ ਪੰਜਾਬ ਦੀਆਂ ਮਸ਼ਹੂਰ ਕਵਾਲ ਪਾਰਟੀਆਂ ਨੇ ਦਰਬਾਰ 'ਚ ਹਾਜ਼ਰੀ ਭਰੀ। ਸਟੇਜ ਸੰਚਾਲਕ ਦੀ ਭੂਮਿਕਾ ਨੂਰ ਮੁਹੰਮਦ ਵਲੋਂ ਬਾਖੂਬੀ ਨਿਭਾਈ ਗਈ। ਮੇਲੇ ਦੌਰਾਨ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਸੰਗਤ ਵਲੋਂ 50 ਯੂਨਿਟ ਖੂਨਦਾਨ ਦਿੱਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ, ਸਾਬਕਾ ਵਿਧਾਇਕ ਬੰਗਾ ਮੋਹਣ ਲਾਲ, ਜਗਤਾਰ ਸਿੰਘ ਕੈਂਥ ਸਾਬਕਾ ਐੱਸ.ਪੀ., ਮਨਦੀਪ ਸਿੰਘ ਬਹੂਆ, ਲਖਵਿੰਦਰ ਵਡਾਲੀ, ਚਰਨਜੀਤ ਰਾਏ, ਮੁਹੰਮਦ ਆਸ਼ਿਕ ਨੀਲਾ, ਡਾ.ਸਤਨਾਮ ਪਰਸੋਵਾਲ, ਹਰਬੰਸ ਹੀਰਾ, ਸਰਪੰਚ ਬਲਜੀਤ ਸਿੰਘ ਜੀਤਾ ਕੁਲਥਮ , ਸਰਪੰਚ ਮੀਰਾ ਸ਼ਰਮਾ ਮੰਢਾਲੀ, ਧਰਮਿੰਦਰ ਸਿੰਘ ਮੰਢਾਲੀ, ਸਰਬਣ ਸਿੰਘ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਮਲਕੀਤ ਮੰਢਾਲੀ, ਡਾ. ਮੋਹਣ ਲਾਲ ਬੱਧਨ, ਨੂਰ ਮੁਹੰਮਦ, ਨੀਲਮ ਸ਼ਰਮਾ, ਕਰਨ ਸ਼ਰਮਾ, ਗਗਨ, ਮਨੀ, ਸੋਨੂੰ ਬਾਵਾ, ਸੋਨੀ ਮੰਢਾਲੀ, ਹਰਜਿੰਦਰ ਜੰਡਿਆਲੀ ਬਲਾਕ ਸੰਮਤੀ ਮੈਂਬਰ, ਬੱਬੀ ਮੰਢਾਲੀ, ਹੁਸਨ ਲਾਲ ਜੱਬੋਵਾਲ, ਜੀਤ ਬਾਬਾ ਕੁਲਥਮ, ਜਸਪਾਲ ਕਲੇਰ ਪੰਚ ਮੇਹਲੀ, ਪਰਮਜੀਤ ਰਾਮ ਨੰਬਰਦਾਰ ਬਹੂਆ, ਜਸਕਿੰਦਰ ਕੁਲਥਮ, ਸੋਨੂੰ ਜੱਸੋ-ਮਜਾਰਾ, ਮਨੀ ਸਾਈ ਲੁਧਿਆਣਾ, ਥਾਪਰ ਸੇਵਾਦਾਰ ਲੁਧਿਆਣਾ ਆਦਿ ਤੋ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਵਲੋਂ ਦਰਬਾਰ ਵਿੱਚ ਹਾਜ਼ਰੀ ਭਰੀ ਗਈ। ਅਖੀਰ ਵਿੱਚ ਸਾਂਈ ਉਮਰੇ ਸ਼ਾਹ ਕਾਦਰੀ ਨੇ ਆਈਆਂ ਹੋਈਆ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

# ਨਲਹੋਟੀ ਵਿਖੇ ਮਿਲਕ ਪਲਾਂਟ ਦੇ ਮੁਲਾਜ਼ਮਾਂ ਦੀ ਮੀਟਿੰਗ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਪਿੰਡ ਨਲਹੋਟੀ ਵਿਖੇ ਨੂਰਪੁਰਬੇਦੀ ਅਤੇ ਸਹਿਜੋਵਾਲ ਜੋਨ ਨੰਬਰ 12 ਵਿੱਚ ਮਿਲਕ ਪਲਾਂਟ ਮੋਹਾਲੀ ਅਧੀਨ ਕੰਮ ਕਰਦੇ ਐਮ ਪੀ ਐਸ ਅਤੇ ਐਮ ਪੀ ਏ ਮੁਲਾਜਮਾਂ ਦੀ ਮੀਟਿੰਗ ਸੁਰਜੀਤ ਸਿੰਘ ਕਾਹਲੋਂ ਡਾਇਰੈਕਟਰ ਮਿਲਕ ਪਲਾਂਟ ਮੋਹਾਲੀ ਦੀ ਪ੍ਰਧਾਨਗੀ ਹੇਠ ਹੋਈ। ਕਾਹਲੋਂ ਨੇ ਮੁਲਾਜਮਾਂ ਨੂੰ ਕਿਹਾ ਕਿ ਆਪਣੇ ਫੀਲਡ ਵਿੱਚ ਦੁੱਧ ਉਤਪਾਦਕਾਂ ਨੂੰ ਵੱਧ ਤੋਂ ਵੱਧ ਦੁੱਧ ਵੇਰਕਾ ਵਿਚ ਪਾਉਣ ਲਈ ਪ੍ਰੇਰਿਤ ਕਰਨ ਤਾਂ ਜੋ ਉਨਾਂ ਨੂੰ ਉਸ ਦੀ ਸਹੀ ਕੀਮਤ ਮਿਲ ਸਕੇ। ਉਨਾਂ ਸਮੂਹ ਮੁਲਾਜ਼ਮਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਫੀਲਡ ਵਿੱਚ ਕੰਮ ਕਰਦੇ ਸਮੇਂ ਕਿਸੇ ਵੀ ਮੁਲਾਜਮ ਦੀ ਸ਼ਿਕਾਇਤ ਆਉਣ 'ਤੇ ਉਸ ਨੂੰ ਇੱਕ ਵਾਰ ਮੁਆਫ ਕੀਤਾ ਜਾਵੇਗਾ ਇਸ ਤੋਂ ਉਪਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਮੈਂ ਇਲਾਕੇ ਦੀ ਸੇਵਾ ਲਈ ਦਿਨ ਰਾਤ ਤਿਆਰ ਹਾਂ ਅਤੇ ਜਦੋਂ ਮਰਜੀ ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ। ਇਸ ਮੌਕੇ ਤਜਿੰਦਰ ਸਿੰਘ ਡਿਪਟੀ ਮੈਨੇਜਰ, ਸੰਦੀਪ ਕੁਮਾਰ, ਸਤਵਿੰਦਰ ਸਿੰਘ ਭੰਗਲ, ਹਰਦੀਪ ਸਿੰਘ ਤਿੰਨੋ ਐਮ.ਪੀ.ਐਸ, ਅਤੇ ਗੁਰਵੀਰ ਸਿੰਘ, ਅਮਰਜੀਤ ਸਿੰਘ, ਜਗਦੀਪ ਸਿੰਘ, ਹਰਵਿੰਦਰ ਸਿੰਘ, ਮਨਦੀਪ ਸਿੰਘ, ਸੁਖਦੇਵ ਸਿੰਘ, ਗੌਰਵ ਐਰੀ, ਵਿਕਾਸ ਪੁਰੀ,ਬਲਜੀਤ ਸਿੰਘ, ਗਗਨਦੀਪ ਸਿੰਘ ਸਾਰੇ ਐਮ.ਪੀ.ਏ ਮੌਜੂਦ ਸਨ।

# ਪੰਜਾਬ 'ਚ ਭਾਰਤ ਜੋੜੋ ਯਾਤਰਾ ਦੇ ਮੱਦੇਨਜ਼ਰ ਵਿਧਾਇਕ ਚੱਬੇਵਾਲ ਨੇ ਕੀਤੀ ਮੀਟਿੰਗ




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਅਸੈਂਬਲੀ ਦੇ ਉਪ ਨੇਤਾ ਵਿਪੱਖ ਅਤੇ ਵਿਧਾਇਕ ਚੱਬੇਵਾਲ ਡਾ. ਰਾਜ ਕੁਮਾਰ ਦੁਆਰਾ ਆਪਣੇ ਗ੍ਰਹਿ ਅਸਥਾਨ ਵਿਖੇ ਹਲਕਾ ਚੱਬੇਵਾਲ ਦੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਰਾਹੁਲ ਗਾਂਧੀ ਦੀ ਅਗੁਵਾਈ ਵਿੱਚ ਚਲਾਈ ਜਾ ਰਹੀ ਭਾਰਤ ਜੋੜੋ ਯਾਤਰਾ ਦੇ ਜਨਵਰੀ ਮਹੀਨੇ ਵਿੱਚ ਪੰਜਾਬ ਪੁੱਜਣ ਸਬੰਧੀ ਵਿਚਾਰ ਵਟਾਂਦਰਾ ਕੀਤੀ ਗਿਆ। ਡਾ. ਰਾਜ ਕੁਮਾਰ ਨੇ ਆਪਣੇ ਸਾਥੀਆਂ ਨੂੰ ਵੱਧ-ਚੜ੍ਹ ਕੇ ਇਸ ਇਸ ਯਾਤਰਾ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਇਸ ਭਾਰਤ ਜੋੜੋ ਯਾਤਰਾ ਨੂੰ ਪੂਰੇ ਦੇਸ਼ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਅਸੀਂ ਪੰਜਾਬ ਵਿੱਚ ਵੀ ਇਸ ਨੂੰ ਆਪਣਾ ਪੂਰਾ ਸਮਰਥਨ ਦੇ ਕੇ ਇਸ ਯਾਤਰਾ ਨੂੰ ਸਫਲ ਬਨਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਹੈ। ਇਸ ਮੌਕੇ ਤੇ ਡਾ. ਰਾਜ ਕੁਮਾਰ ਨੇ ਹਿਮਾਚਲ ਵਿੱਚ ਕਾਂਗਰਸ ਦੀ ਜਿੱਤ ਤੇ ਵੀ ਸਾਰੇ ਵਰਕਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਆਪ ਦਾ ਹਿਮਾਚਲ ਜਾਂ ਗੁਜਰਾਤ ਵਿੱਚ ਚੋਣਾਵਾਂ ਵਿੱਚ ਮੂੰਹ ਦੇ ਬਲ ਗਿਰਨਾ ਸਾਬਤ ਕਰਦਾ ਹੈ ਕਿ ਪੰਜਾਬ ਵਿੱਚ ਆਪ ਸਰਕਾਰ ਦੀ ਝੂਠੀ ਇਸ਼ਤਿਹਾਰਬਾਜੀ ਦੀ ਕਾਰਗੁਜਾਰੀ ਦਾ ਲੋਕਾਂ 'ਤੇ ਕੋਈ ਅਸਰ ਨਹੀਂ ਹੈ ਅਤੇ ਸਰਕਾਰ ਜਮੀਨੀ ਪੱਧਰ 'ਤੇ ਕੰਮ-ਕਰਨ ਵਿੱਚ ਨਾਕਾਮ ਰਹੀ ਹੈ। ਇਸ ਮੌਕੇ 'ਤੇ ਮੌਜੂਦ ਸਾਰੇ ਵਰਕਰਾਂ ਅਤੇ ਆਗੂਆਂ ਨੇ ਡਾ. ਰਾਜ ਕੁਮਾਰ ਦੇ ਨਾਲ ਇਸ ਭਾਰਤ ਜੋੜੋ ਯਾਤਰਾ ਵਿੱਚ ਸ਼ਾਮਲ ਹੋ ਕੇ ਇਸਨੂੰ ਸਫਲ ਬਨਾਉਣ ਦਾ ਭਰੋਸਾ ਦਿੱਤਾ। ਇਸ ਮੀਟਿੰਗ ਵਿੱਚ ਮਹਿੰਦਰ ਸਿੰਘ, ਸੀਤਾ ਰਾਣੀ ਸਕਤੀ, ਸੁਦੇਸ ਕੁਮਾਰੀ ਸਰਪੰਚ, ਅਵਤਾਰ ਸਿੰਘ, ਸੈਲ ਸਿੰਘ, ਹਰਬੰਸ ਸਿੰਘ, ਗੁਰਪਾਲ ਸਿੰਘ ਸਰਪੰਚ, ਬਲਜੀਤ ਸਿੰਘ, ਜਸਵਿੰਦਰ ਸਿੰਘ ਸਰਪੰਚ, ਦਲਵੀਰ ਸਿੰਘ ਬਲਾਕ ਪ੍ਰਧਾਨ, ਡਾ. ਵਿਪਨ, ਡਾ. ਜਤਿੰਦਰ ਕੁਮਾਰ, ਸ਼ਿਵਰੰਜਨ ਸਿੰਘ ਰੋਮੀ ਸਾਬਕਾ ਚੱਬੇਵਾਲ, ਗੁਰਪ੍ਰੀਤ ਸਿੰਘ, ਗੋਲਡੀ ਸਰਪੰਚ ਆਦਿ ਮੌਜੂਦ ਸਨ।

# ਮੁਸ਼ਕਲਾਂ ਦੇ ਨਿਪਟਾਰੇ ਲਈ ਨਿਰੰਤਰ ਲੱਗ ਰਹੇ ਜਨ ਸੁਣਵਾਈ ਕੈਂਪ-ਹਰਜੋਤ ਕੌਰ

**ਭਲਾਣ (ਢਿੱਲੋਂ)**–ਜਨ ਸੁਣਵਾਈ ਕੈਂਪ ਲਗਾ ਕੇ ਜ਼ਿਲ੍ਹਾ ਪ੍ਰਸਾਸ਼ਨ ਵੱਲੋ ਆਮ ਲੋਕਾਂ ਦੀਆਂ ਮੁਸ਼ਕਿਲਾ/ਸਮੱਸਿਆਵਾਂ ਹੱਲ ਕਰਨ ਦਾ ਉਪਰਾਲਾ ਨਿਰੰਤਰ ਜਾਰੀ ਹੈ, ਆਮ ਲੋਕਾ ਨੂੰ ਅਜਿਹੇ ਕੈਂਪ ਦਾ ਲਾਭ ਲੈਣਾ ਚਾਹੀਦਾ ਹੈ। ਇਹ ਪ੍ਰਗਟਾਵਾ ਹਰਜੋਤ ਕੌਰ ਪੀ. ਸੀ. ਐਸ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ ਸੁਖਸਾਲ ਕਮਿਊਨਿਟੀ ਸੈਂਟਰ ਵਿੱਚ ਲਗਾਏ ਜਨ ਸੁਣਵਾਈ ਕੈਂਪ ਮੌਕੇ ਸੁਖਸਾਲ, ਸਹਿਜੋਵਾਲ, ਸੰਗਤਪੁਰ ਤੇ ਦਘੋੜ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ।



ਉਨ੍ਹਾਂ ਨੇ ਕਿਹਾ ਕਿ ਦੂਰ ਦੁਰਾਡੇ ਪੇਂਡੂ ਖੇਤਰਾ ਵਿਚ ਰਹਿ ਰਹੇ ਲੋਕ ਆਮ ਤੌਰ ਤੇ ਜਿਲ੍ਹਾ ਦਫਤਰਾਂ ਵਿਚ ਜਾ ਕੇ ਆਪਣੀਆ ਸਮੱਸਿਆਵਾਂ/ਮੁਸ਼ਕਿਲਾਂ ਹੱਲ ਕਰਵਾਉਣ ਤੋਂ ਖੁੰਝ ਜਾਂਦੇ ਹਨ, ਇਸ ਲਈ ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਆਈ.ਏ.ਐਸ ਨੇ ਪੰਜਾਬ ਸਰਕਾਰ ਦੀਆ ਹਦਾਇਤਾ ਅਨੁਸਾਰ ਵੱਖ ਵੱਖ ਪਿੰਡਾਂ ਵਿਚ ਅਜਿਹੇ ਕੈਂਪ ਲਗਾਉਣ ਦਾ ਉਪਰਾਲਾ ਕੀਤਾ ਹੈ। ਉਪ ਮੰਡਲ ਪੱਧਰ 'ਤੇ ਇਹ ਕੈਂਪ ਨਿਰੰਤਰ ਲੱਗ ਰਹੇ ਹਨ, ਜ਼ਿਲ੍ਹਾ ਦਫਤਰਾਂ ਨਾਲ ਸਬੰਧਿਤ ਮਾਮਲੇ ਨਿਪਟਾਉਣ ਲਈ ਜ਼ਿਲ੍ਹਾ ਅਧਿਕਾਰੀ ਜਿਲ੍ਹਾ ਪੱਧਰ ਦੇ ਕੈਂਪ ਵਿਚ ਪਹੁੰਚ ਰਹੇ ਹਨ, ਜਿੱਥੇ ਉਨ੍ਹਾਂ ਦੇ ਵਿਭਾਗ ਦੇ ਸਟਾਲ ਲਗਾ ਕੇ ਸਮੁੱਚੀ ਜਾਣਕਾਰੀ ਆਮ ਲੋਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਸਹਾਇਕ ਕਮਿਸ਼ਨਰ ਜਨਰਲ ਅਨਮਜੋਤ ਕੌਰ ਪੀ.ਸੀ.ਐਸ ਚੀਫ ਮਨਿਸਟਰਸ ਫੀਲਡ ਅਫਸਰ ਨੇ ਦੱਸਿਆ ਕਿ ਜਾਣਕਾਰੀ ਦੀ ਅਣਹੋਂਦ ਕਾਰਨ ਕਈ ਵਾਰ ਆਮ ਲੋਕ ਅਤੇ ਲੋੜਵੰਦ ਪੰਜਾਬ ਸਰਕਾਰ ਦੀਆ ਭਲਾਈ ਸਕੀਮਾਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਪੰਜਾਬ ਸਰਕਾਰ ਨੇ ਅਜਿਹੇ ਕੈਂਪ ਰਾਹੀ ਇਹ ਉਪਰਾਲਾ ਕੀਤਾ ਹੈ ਕਿ ਵੱਖ ਵੱਖ ਵਿਭਾਗ ਅਜਿਹੀਆ ਯੋਜਨਾਵਾ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਉਨ੍ਹਾਂ ਦਾ ਲਾਭ ਲੈਣ ਦੀ ਪ੍ਰਕਿਰਿਆ ਸਾਝੀ ਕਰਨ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਵਿਚ ਜੋ ਸਮੱਸਿਆਵਾਂ/ਸ਼ਿਕਾਇਤਾਂ ਤੇ ਮੁਸ਼ਕਿਲਾਂ ਬਾਰੇ ਲੋਕਾਂ ਵੱਲੋਂ ਦਰਖਾਸਤਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਨੂੰ ਸਮਾਂਬੱਧ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪ੍ਰਸਾਸ਼ਨ ਲੋਕਾਂ ਤੱਕ ਸਾਫ ਸੁਥਰੇ ਢੰਗ ਨਾਲ ਆਪਣੀਆਂ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਵਚਨਬੱਧ ਹੈ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਚੱਲ ਰਹੀਆਂ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾ ਦਾ ਲਾਭ ਲੈਣ ਦੀ ਪ੍ਰਕਿਰਿਆ ਬਾਰੇ ਦੱਸਿਆ। ਇਸ ਮੌਕੇ ਆਏ ਲੋਕਾਂ ਨੇ ਸੜਕਾਂ, ਜਲ ਸਪਲਾਈ, ਪਾਣੀ ਦੀ ਨਿਕਾਸੀ, ਰਾਸ਼ਨ ਕਾਰਡ, ਪੈਨਸ਼ਨਾਂ, ਬਿਜਲੀ ਸਪਲਾਈ ਆਦਿ ਬਾਰੇ ਲਗਭਗ 50 ਦਰਖਾਸਤਾਂ ਦਿੱਤੀਆਂ। ਅਧਿਕਾਰੀਆਂ ਨੇ ਇਨ੍ਹਾਂ ਨਾਲ ਸਬੰਧਿਤ ਵਿਭਾਗਾ ਨੂੰ ਨਿਪਟਾਰਾ ਕਰਕੇ ਸਬੰਧਿਤ ਦਰਖਾਸਤ ਕਰਤਾਵਾਂ ਤੱਕ ਸਮੇਂ ਸਿਰ ਸੂਚਨਾ ਦੇਣ ਲਈ ਕਿਹਾ। ਇਸ ਮੌਕੇ ਤਹਿਸੀਲਦਾਰ ਨੀਰਜ ਕੁਮਾਰ ਸ਼ਰਮਾ, ਬੀ.ਡੀ.ਪੀ.ਓ ਈਸ਼ਾਨ ਚੌਧਰੀ, ਐਸ.ਡੀ.ਓ ਵਿਵੇਕ ਦੁਰੇਜਾ, ਸੀ.ਡੀ.ਪੀ.ਓ ਜਗਮੋਹਨ ਕੌਰ, ਜੇ.ਈ ਹਰਜੋਤ ਸਿੰਘ, ਰਮੇਸ ਕੌਰ, ਡਾ.ਗੌਰਵ ਕੁਮਾਰ, ਅਮਨਪ੍ਰੀਤ ਸਿੰਘ, ਪਰਮਿੰਦਰ ਸਿੰਘ, ਬਾਗਬਾਨੀ ਅਫਸਰ ਭਰਤ ਕੁਮਾਰ ਆਦਿ ਹਾਜ਼ਰ ਸਨ।

# ਮਿੱਡ-ਡੇ-ਮੀਲ ਵਰਕਰਾਂ ਦੇ ਬੈਂਕ ਖਾਤੇ 'ਚ ਹਰ ਮਹੀਨੇ ਮਿਹਨਤਾਨਾ ਸਿੱਧਾ ਭੇਜਿਆ ਜਾਵੇ-ਅਮਰਜੀਤ

**ਫਿਲੌਰ(ਨਿਰਮਲ)**- ਮਿੱਡ-ਡੇ-ਮੀਲ ਵਰਕਰਜ ਯੂਨੀਅਨ ਪੰਜਾਬ, ਬਲਾਕ ਫਿਲੌਰ ਅਤੇ ਗੁਰਾਇਆ 2 ਦੀਆਂ ਮਿੱਡ-ਡੇ-ਮੀਲ ਵਰਕਰਾਂ ਨੇ ਪ੍ਰਧਾਨ ਕਮਲਜੀਤ ਕੌਰ ਫਿਲੌਰ ਅਤੇ ਚਰਨਜੀਤ ਕੌਰ ਮਾਹਲਾਂ ਦੀ ਅਗਵਾਈ ਵਿੱਚ ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਦੇ ਸੰਬੰਧ ਵਿੱਚ ਐੱਸ.ਡੀ.ਐੱਮ.ਫਿਲੌਰ ਦੇ ਦਫਤਰ ਨੇੜੇ ਜੋਰਦਾਰ ਨਾਅਰੇਬਾਜੀ ਕਰਦੇ ਹੋਏ ਰੈਲੀ ਕੀਤੀ। ਰੈਲੀ ਕਰਨ ਉਪਰੰਤ ਆਪਣੀਆਂ ਮੰਗਾਂ ਸੰਬੰਧੀ ਨਾਅਰੇਬਾਜੀ ਕਰਦੇ ਹੋਏ ਐੱਸ.ਡੀ.ਐੱਮ.ਦਫਤਰ ਤੱਕ ਰੋਹ ਭਰਪੂਰ ਮਾਰਚ ਕੀਤਾ ਅਤੇ ਨਾਇਬ ਤਹਿਸੀਲਦਾਰ ਫਿਲੌਰ ਰਾਹੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਾਂਅ ਮੰਗ ਪੱਤਰ ਭੇਜਿਆ ਗਿਆ। ਰੈਲੀ ਨੂੰ ਸੰਬੋਧਨ ਕਰਦੇ ਹੋਏ ਮਿੱਡ-ਡੇ-ਮੀਲ ਵਰਕਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਜੁਆਇੰਟ ਸਕੱਤਰ ਅਮਰਜੀਤ ਕੌਰ ਨਗਰ ਨੇ ਕਿਹਾ ਕਿ ਚੋਣਾਂ ਸਮੇਂ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦੇ ਸਾਰ ਮਿਡ-ਡੇ-ਮੀਲ ਵਰਕਰਾਂ ਦੇ ਮਿਹਨਤਾਨੇ ਨੂੰ ਦੁੱਗਣਾ ਕੀਤਾ ਜਾਵੇਗਾ ਪਰ 10 ਮਹੀਨੇ ਦਾ ਸਮਾਂ ਬੀਤਣ ਤੱਕ ਵੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਮਿੱਡ-ਡੇ-ਮੀਲ ਵਰਕਰਾਂ ਦੇ ਮਿਹਨਤਾਨੇ ਨੂੰ ਦੁੱਗਣਾ ਕਰਨ ਲਈ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ, ਜਿਸ ਕਾਰਨ ਮਿੱਡ-ਡੇ-ਮੀਲ ਵਰਕਰਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਗੁੱਸੇ ਦੀ ਲਹਿਰ ਭੜਕੀ ਹੋਈ ਹੈ। ਮੰਗ ਪੱਤਰ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਅਮਰਜੀਤ ਕੌਰ ਨਗਰ ਨੇ ਕਿਹਾ ਕਿ ਮਿੱਡ-ਡੇ-ਮੀਲ ਵਰਕਰਾਂ ਦੇ ਖਾਤੇ ਵਿੱਚ ਹਰ ਮਹੀਨੇ ਪੰਜ ਤਰੀਕੇ ਤੱਕ ਮਿਹਨਤਾਨਾ ਪਾਇਆ ਜਾਵੇ, ਵਰਕਰਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ, ਰੈਗੂਲਰ ਕਰਨ ਸਮੇਂ ਤੱਕ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ 18000/-ਰੁਪਏ ਮਹੀਨਾ ਮਿਹਨਤਾਨਾ ਦਿੱਤਾ ਜਾਵੇ। ਹਰ ਸਕੂਲ ਵਿੱਚ 25 ਬੱਚਿਆਂ ਤੱਕ ਘੱਟੋ ਘੱਟ ਦੋ ਵਰਕਰਾਂ ਰੱਖੀਆਂ ਜਾਣ। ਸਾਲ ਦੌਰਾਨ ਗਰਮ ਅਤੇ ਠੰਢੀ ਦੋ ਵਰਦੀਆਂ ਦਿੱਤੀਆਂ ਜਾਣ। ਹਰ ਵਰਕਰ ਦਾ ਘੱਟੋ ਘੱਟ ਪੰਜ ਲੱਖ ਰੁਪਏ ਦਾ ਮੁਫਤ ਬੀਮਾ ਕੀਤਾ ਜਾਵੇ। ਮਿੱਡ-ਡੇ-ਮੀਲ ਵਰਕਰਾਂ ਦੇ ਪਛਾਣ ਕਾਰਡ ਜਾਰੀ ਕੀਤੇ ਜਾਣ ਅਤੇ ਸਰਵਿਸ ਬੁੱਕਾਂ ਲਗਾਈਆਂ ਜਾਣ। ਵਰਕਰਾਂ ਤੋਂ ਖਾਣਾ ਬਣਾਉਣ ਅਤੇ ਬੱਚਿਆਂ ਨੂੰ ਖਵਾਉਂਣ ਤੋਂ ਬਿਨਾਂ ਜਬਰੀ ਹੋਰ ਕੰਮ ਲੈਣੇ ਬੰਦ ਕੀਤੇ ਜਾਣ ਆਦਿ ਮੰਗਾਂ ਨੂੰ ਲਾਗੂ ਕਰਨ ਦੇ ਸੰਬੰਧ ਵਿੱਚ ਮੁੱਖ ਮੰਤਰੀ ਪੰਜਾਬ ਦੇ ਨਾਂਅ ਨਾਇਬ ਤਹਿਸੀਲਦਾਰ ਫਿਲੌਰ ਰਾਹੀਂ ਮੰਗ ਪੱਤਰ ਭੇਜਿਆ ਗਿਆ ਹੈ। ਇਸ ਮੌਕੇ 'ਤੇ ਸਵੀਟੀ ਤੱਖਰ, ਕੁਲਦੀਪ ਕੌਰ, ਮਨਜੀਤ ਕੌਰ, ਸੁਖਚੈਨ ਕੌਰ, ਰਾਜਵਿੰਦਰ ਕੌਰ, ਰਾਜ ਰਾਣੀ, ਹਰਪ੍ਰੀਤ ਕੌਰ, ਬਲਵੀਰ ਕੌਰ, ਸਰਬਜੀਤ ਕੌਰ, ਬਲਦੇਵ ਕੌਰ, ਬਲਜਿੰਦਰ ਕੌਰ, ਨੀਲਮ ਰਾਣੀ, ਸ਼ਿੰਦੋ, ਰਾਜ ਰਾਣੀ, ਮਨਜੋਤ, ਸੀਮਾ ਰਾਣੀ, ਰੇਖਾ ਰਾਣੀ, ਸੁਰਜੀਤ, ਸਰਬਜੀਤ ਕੌਰ , ਬਲਜੀਤ ਕੌਰ, ਕਮਲ ਕੌਰ,ਮਨਜੀਤ ਕੌਰ, ਆਦਿ ਮਿੱਡ-ਡੇ-ਮੀਲ ਵਰਕਰਾਂ ਹਾਜਰ ਹੋਈਆਂ।




ਭਰਾਤਰੀ ਜਥੇਬੰਦੀ ਪ.ਸ.ਸ.ਫ.ਵਲੋਂ ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ, ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਕਨਵੀਨਰ ਕੁਲਦੀਪ ਵਾਲੀਆ ਅਤੇ ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ ਵੀ ਹਾਜਰ ਸਨ।

## ਖੇਲੋ ਇੰਡੀਆ ਯੂਥ ਗੇਮਜ਼ ਲਈ ਪੰਜਾਬ ਫੁਟਬਾਲ ਟੀਮ ਦੇ ਟਰਾਇਲ ਅੱਜ

**ਚੰਡੀਗੜ੍ਹ( ਗੁਰਜੀਤ ਬਿੱਲਾ )**–ਮੱਧ ਪ੍ਰਦੇਸ਼ ਵਿਖੇ 31 ਜਨਵਰੀ ਤੋਂ 11 ਫਰਵਰੀ 2023 ਤੱਕ ਹੋਣ ਵਾਲੀਆਂ ਖੇਲੋ ਇੰਡੀਆ ਯੂਥ ਗੇਮਜ ਦੇ ਫੁਟਬਾਲ ਮੁਕਾਬਲਿਆਂ ਲਈ ਪੰਜਾਬ ਦੀ ਮੁੰਡਿਆਂ ਦੀ ਟੀਮ ਦੀ ਚੋਣ ਲਈ 17 ਦਸੰਬਰ ਨੂੰ ਟਰਾਇਲ ਸਵੇਰੇ 10 ਵਜੇ ਟਰਾਇਲ ਲਏ ਜਾਣਗੇ। ਖੇਡ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਫੁਟਬਾਲ ਟੀਮ ਦੀ ਚੋਣ ਦੇ ਟਰਾਇਲ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਹੋਣਗੇ। ਟਰਾਇਲ ਵਿੱਚ ਹਿੱਸਾ ਲੈਣ ਲਈ ਖਿਡਾਰੀ ਦੀ ਜਨਮ ਮਿਤੀ ਪਹਿਲੀ ਜਨਵਰੀ 2004 ਜਾਂ ਇਸ ਤੋਂ ਬਾਅਦ ਦੀ ਹੋਣੀ ਚਾਹੀਦੀ ਹੈ। ਚਾਹਵਾਨ ਖਿਡਾਰੀ ਨਿਰਧਾਰਤ ਸਮੇਂ ਅਤੇ ਸਥਾਨ ਤੇ ਪਹੁੰਚ ਕੇ ਚੋਣ ਟਰਾਇਲਾਂ ਵਿੱਚ ਹਿੱਸਾ ਲੈ ਸਕਦੇ ਹਨ।

## ਰਿਸ਼ਵਤ ਲੈਂਦੇ ਈ ਟੀ ਓ ਤੇ ਆਬਕਾਰੀ ਇੰਸਪੈਕਟਰ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ ( ਗੁਰਜੀਤ ਬਿੱਲਾ )**- ਪੰਜਾਬ ਵਿਜੀਲੈਂਸ ਬਿਊਰੋ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਕਰ ਤੇ ਆਬਕਾਰੀ ਅਫਸਰ (ਈ.ਟੀ.ਓ) ਸੰਦੀਪ ਸਿੰਘ ਅਤੇ ਆਬਕਾਰੀ ਤੇ ਕਰ ਇੰਸਪੈਕਟਰ ਵਿਸ਼ਾਲ ਸ਼ਰਮਾ ਨੂੰ 5,00,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਆਬਕਾਰੀ ਤੇ ਕਰ ਵਿਭਾਗ ਲੁਧਿਆਣਾ ਦੇ ਜੀ.ਐਸ.ਟੀ. ਵਿੰਗ ਵਿੱਚ ਤਾਇਨਾਤ ਮੁਲਜਮਾਂ ਨੂੰ ਰਵਿੰਦਰ ਕੁਮਾਰ ਵਾਸੀ ਸਰਾਭਾ ਨਗਰ, ਲੁਧਿਆਣਾ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਵਿਭਾਗ ਵੱਲੋਂ ਕੀਤੇ ਸਰਵੇਖਣ ਦੌਰਾਨ ਉਸ ਦੀ ਫਰਮ ਨੂੰ ਲਾਇਆ ਜੁਰਮਾਨਾ ਰੱਦ (ਰਾਈਟ ਆਫ਼) ਕਰਨ ਬਦਲੇ ਉਕਤ ਆਬਕਾਰੀ ਅਧਿਕਾਰੀ 15 ਲੱਖ ਰੁਪਏ ਰਿਸ਼ਵਤ ਮੰਗ ਕਰ ਰਹੇ ਸਨ ਪਰ ਸੌਦਾ 12 ਲੱਖ ਰੁਪਏ ਵਿੱਚ ਤੈਅ ਹੋਇਆ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਦੋਵੇਂ ਆਬਕਾਰੀ ਅਧਿਕਾਰੀਆਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਪਹਿਲੀ ਕਿਸ਼ਤ ਵਜੋਂ 5,00,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਜ਼ਮਾਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਵਿਜੀਲੈਂਸ ਬਿਊਰੋ ਪੁਲਸ ਸਟੇਸ਼ਨ, ਆਰਥਿਕ ਅਪਰਾਧ ਸ਼ਾਖਾ, ਲੁਧਿਆਣਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

## ਬੇਬੇ ਨਸੀਬ ਕੌਰ ਨਮਿਤ ਸ਼ਰਧਾਂਜਲੀ ਸਮਾਗਮ ਅੱਜ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ)** ਪਿੰਡ ਮਾਈਉਪੱਟੀ ਦੇ ਉਘੇ ਸਮਾਜ ਸੇਵਕ, ਸੀਨੀਅਰ ਪੱਤਰਕਾਰ ਕ੍ਰਿਪਾਲ ਸਿੰਘ ਦੇ ਪੂਜਨੀਕ ਬੇਬੇ ਬੀਬੀ ਨਸੀਬ ਕੌਰ (98 ਸਾਲ) ਪਤਨੀ ਮਹਿੰਗਾ ਸਿੰਘ ਦਾ ਬੀਤੀ ਦਿਨੀਂ ਦੇਹਾਂਤ ਹੋ ਗਿਆ ਸੀ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਸਿਆਸੀ ਆਗੂਆਂ, ਪੱਤਰਕਾਰਾਂ ਭਾਈਚਾਰਾ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਬੇਬੇ ਬੀਬੀ ਨਸੀਬ ਕੌਰ ਨਮਿਤ ਗੁਰਦੁਆਰਾ ਸ਼ਹੀਦ ਬਾਬਾ ਖੇਮ ਸਿੰਘ ਦੇ ਅਸਥਾਨ 'ਤੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 17 ਦਸੰਬਰ ਨੂੰ ਕਰਵਾਏ ਜਾ ਰਹੇ ਹਨ। ਇਸ ਮੌਕੇ ਭਾਈ ਮਨਪ੍ਰੀਤ ਸਿੰਘ ਫਗਵਾੜਾ ਵੈਰਾਗਮਈ ਕੀਰਤਨ ਕਰਨਗੇ। ਉਪਰੰਤ ਦੀਵਾਨ ਹਾਲ ਬੇਬੇ ਬੀਬੀ ਨਸੀਬ ਕੌਰ ਮਾਈਉਪੱਟੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।

## ਮਨੋਜ ਉਬਰਾਏ ਨੂੰ ਸਦਮਾ, ਸੱਸ ਦਾ ਦੇਹਾਂਤ

**ਫਿਲੌਰ (ਬੀ ਐੱਸ ਕੈਨੈਡੀ)**- ਉੱਘੇ ਸਮਾਜ ਸੇਵਕ ਕਾਂਗਰਸੀ ਆਗੂ ਮਨੋਜ ਉਬਰਾਏ ਨੂੰ ਉਸ ਵੇਲੇ ਗਹਿਰਾ ਸਦਮਾ ਪੁਜਿਆ ਜਦੋਂ ਉਨ੍ਹਾਂ ਦੀ ਸੱਸ ਸ੍ਰੀਮਤੀ ਰਾਜ ਕੁਮਾਰੀ ਜੱਗੀ ਪਤਨੀ ਸਵ. ਤਿਲਕ ਰਾਜ ਜੱਗੀ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਰੁੜ ਪੁਰਾਨ ਪਾਠ ਦਾ ਭੋਗ ਅਤੇ ਰਸਮ ਪਗੜੀ 17 ਦਸੰਬਰ ਨੂੰ ਦੁਪਿਹਰ 1 ਤੋਂ 2 ਵਜੇ ਬਾਬਾ ਬਾਲਕ ਨਾਥ ਮੰਦਿਰ ਸੰਤ ਸਰੋਵਰ ਸ਼ਿਵਪੁਰੀ ਆਦਮਪੁਰ ਹੋਵੇਗੀ।

# ਪੰਜਾਬ ਨਿਰਮਾਣ ਯੂਨੀਅਨ ਨੇ ਮੀਟਿੰਗ ਦੌਰਾਨ ਮੰਗਾਂ ਪ੍ਰਤੀ ਅਵਾਜ਼ ਕੀਤੀ ਬੁਲੰਦ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**–ਪੰਜਾਬ ਲੋਕ ਨਿਰਮਾਣ ਯੂਨੀਅਨ ਵੱਲੋ ਟਾਂਡਾ ਅਤੇ ਮਿਆਨੀ ਸਰਕਲ ਦੀ ਇੱਕ ਵਿਸ਼ੇਸ਼ ਮੀਟਿੰਗ ਯੂਨੀਅਨ ਦੇ ਦਫਤਰ ਪਿੰਡ ਰੱਲਣ ਵਿਖੇ ਹੋਈ ਜਿਸ ਵਿਚ ਉਸਾਰੀ ਮਜਦੂਰਾਂ ਨੇ ਆਪਣੀਆਂ ਮੰਗਾਂ ਪ੍ਰਤੀ ਆਵਾਜ ਬੁਲੰਦ ਕੀਤੀ। ਕਾਮਰੇਡ ਸਵਰਨ ਸਿੰਘ ਰਲਣ ਅਤੇ ਕਾਮਰੇਡ ਸੁਖਦੇਵ ਰਾਜ ਮਿਆਨੀ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਵਿਚ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਗੰਗਾ ਪ੍ਰਸਾਦ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਇਸ ਮੌਕੇ ਕਿਰਤੀ ਮਜਦੂਰਾਂ ਨੂੰ ਮੰਗਾਂ ਪ੍ਰਤੀ ਲਾਮਬੰਦ ਕਰਦਿਆਂ ਸੂਬਾ ਪ੍ਰਧਾਨ ਗੰਗਾ ਪ੍ਰਸਾਦ ਨੇ ਸਰਕਾਰ ਖਿਲਾਫ ਰੋਸ ਪ੍ਰਗਟ ਕਰਦਿਆਂ ਮੰਗ ਕੀਤੀ ਹੈ ਉਸਾਰੀ ਮਜਦੂਰਾਂ ਦੀ ਰਜਿਸਟਰੇਸ਼ਨ ਅਤੇ ਰੀਨਿਊ ਪ੍ਰਣਾਲੀ ਵਿਚ ਖੜੋਤ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ, ਜੋ ਮਜਦੂਰਾਂ ਨੂੰ ਪਿਛਲੇ ਚਾਰ ਸਾਲ ਤੋਂ ਕਲੇਮ ਕੀਤੇ ਗਏ ਬੀ.ਓ.ਸੀ. ਡਬਲਯੂ ਬੋਰਡ ਵੱਲੋਂ ਨਹੀਂ ਦਿੱਤੇ ਜਾ ਰਹੇ ਉਹ ਜਲਦ ਤੋਂ ਜਲਦ ਦਿੱਤੇ ਜਾਣ। ਇਸ ਮੌਕੇ ਕਾਮਰੇਡ ਸੁਖਦੇਵ ਰਾਜ ਮਿਆਨੀ ਨੇ ਦੱਸਿਆ ਕਿ ਆਪਣੀਆਂ ਇਹਨਾਂ ਮੰਗਾਂ ਸਬੰਧੀ ਸਾਰੇ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾ ਰਹੇ ਹਨ ਤਾਂ ਜੋ ਉਨ੍ਹਾਂ ਉਨ੍ਹਾਂ ਦੀ ਆਵਾਜ ਕੁੰਭ ਕਰਨੀ ਨੀਂਦ ਸੁੱਤੀ ਪੰਜਾਬ ਸਰਕਾਰ ਤੱਕ ਪਹੁੰਚ ਸਕੇ। ਇਸ ਮੌਕੇ ਕਾਮਰੇਡ ਸਵਰਨ ਸਿੰਘ ਰਲਣ ਨੇ ਦੱਸਿਆ ਕਿ ਪੰਜਾਬ ਲੋਕ ਨਿਰਮਾਣ ਮਜਦੂਰ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ 22 ਦਸੰਬਰ ਨੂੰ ਯਾਦਗਾਰ ਹਾਲ ਜਲੰਧਰ ਵਿਖੇ ਹੋਵੇਗੀ ਜਿਸ ਵਿੱਚ ਮੰਗਾਂ ਪ੍ਰਤੀ ਆਵਾਜ ਬੁਲੰਦ ਕਰਨ ਲਈ ਅਗਲੇ ਸੰਘਰਸ਼ ਦੀ ਰਣਨੀਤੀ ਤੈਅ ਕੀਤੀ ਜਾਵੇਗੀ। ਮੀਟਿੰਗ ਵਿੱਚ ਸ਼ਿੰਗਾਰਾ ਸਿੰਘ, ਸੱਤਪਾਲ ਸਿੰਘ ਖਾਨਪੁਰ, ਬਲਕਾਰ ਸਿੰਘ, ਹਿੰਮਤ ਸਿੰਘ ਰਲਣ , ਗੁਲਜਾਰ ਸਿੰਘ, ਯੂਸੁਫ ਸਾਹਪੁਰ, ਦਵਿੰਦਰ ਸਿੰਘ, ਨਰੇਸ ਕੁਮਾਰ ਖੇੜਾ ਕੋਟਲੀ, ਸਮੀਰ ਅਤੇ ਸੁਰਿੰਦਰ ਸਿੰਘ ਖੁੱਡਾ ਇਲਾਵਾ ਹੋਰ ਮਜਦੂਰ ਵੀ ਹਾਜਰ ਸਨ।

# ਸਾਲਾਨਾ ਵਾਲੀਬਾਲ ਟੂਰਨਾਮੈਂਟ ਕਰਵਾਇਆ



**ਕਰਤਾਰਪੁਰ (ਹਰਮੇਸ ਦੱਤ)** ਪਿੰਡ ਦਿਆਲਪੁਰ _ਜ਼ਲਾ ਕਪੂਰਥਲਾ ਵਿੱਚ ਸਾਲਾਨਾ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਭੀਮ ਆਰਮੀ ਪੰਜਾਬ ਪ੍ਰਧਾਨ ਬਲਬੀਰ ਗਰਚਾ ਭੀਮ ਆਰਮੀ ਪੰਜਾਬ ਸਕੱਤਰ ਸਨੀ ਅੰਬੇਦਕਰ ਬਠਿੰਡਾ ਕਪੂਰਥਲਾ ਜ਼ਿਲ੍ਹਾ ਇੰਚਾਰਜ ਜਸਵੀਰ ਸਿੰਘ ਭੀਮ ਆਰਮੀ ਹਲਕਾ ਭੁਲੱਥ ਦੇ ਪ੍ਰਧਾਨ ਉਦੇ ਸਿੰਘ ਵਾਇਸ ਪ੍ਰਧਾਨ ਮਲਕੀਤ ਸਿੰਘ ਮੁੱਖ ਸਲਾਹਕਾਰ ਦਲਜੀਤ ਸਿੰਘ,ਰਮੇਸ਼ ਲਾਲ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਟੂਰਨਾਮੈਂਟ ਦੀ ਸ਼ਾਨ ਵਧਾਈ। ਗਰਚਾ ਨੇ ਵਾਲੀਬਾਲ ਗਰਾਊਂਡ ਦੀ ਦੇਖਭਾਲ ਵਾਸਤੇ ਕੋਚ ਹਰਜਿੰਦਰ ਕੁਮਾਰ ਨੂੰ ਨਗਦ 21000 ਰੁਪਏ ਦਿੱਤੇ।

ਇਸ ਮੌਕੇ ਕੋਚ ਹਰਜਿੰਦਰ ਕੁਮਾਰ ਅਤੇ ਸਪੋਰਟਸ ਕਲੱਬ ਦਿਆਲਪੁਰ ਵੱਲੋਂ ਬਲਵੀਰ ਗਰਚਾ ਨੂੰ ਸਨਮਾਨਤ ਕੀਤਾ ਗਿਆ।

# ਮਹਿੰਦਰਾ ਐਂਡ ਮਹਿੰਦਰਾ ਲਿਮਟਿਡ ਵੱਲੋਂ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਨੂੰ ਟਰੈਕਟਰ ਭੇਟ

**ਐਸ.ਏ.ਐਸ.ਨਗਰ. (ਗੁਰਜੀਤ ਬਿੱਲਾ)**—ਡਿਪਟੀ ਕਮਿਸ਼ਨਰ ਅਮਿਤ ਤਲਵਾੜ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੈਡ ਕਰਾਸ ਸ਼ਾਖਾ, ਐਸ.ਏ.ਐਸ.ਨਗਰ ਵਲੋਂ ਵੱਖ ਵੱਖ ਲੋਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਨੂੰ ਮਹਿੰਦਰਾ ਐਂਡ ਮਹਿੰਦਰਾ ਲਿਮਟਿਡ ਸਵਰਾਜ ਡਵੀਜ਼ਨ ਟਰੈਕਟਰ, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਇੱਕ ਟਰੈਕਟਰ ਭੇਂਟ ਕੀਤਾ ਗਿਆ। ਇਹ ਜਾਣਕਾਰੀ ਦਿੰਦੇ ਹੋਏ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ ਨੇ ਟਰੈਕਟਰ ਭੇਂਟ ਕਰਨ ਲਈ ਮਹਿੰਦਰਾ ਐਂਡ ਮਹਿੰਦਰਾ ਲਿਮਟਿਡ ਸਵਰਾਜ ਡਵੀਜ਼ਨ ਟਰੈਕਟਰ, ਐਸ.ਏ.ਐਸ. ਨਗਰ (ਮੋਹਾਲੀ) ਦਾ ਧੰਨਵਾਦ ਕੀਤਾ ਅਤੇ ਕੰਪਨੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੱਸਿਆ ਕੰਪਨੀ ਵੱਲੋਂ ਰੈਂਡ ਕਰਾਸ ਨੂੰ ਦਿੱਤਾ ਗਿਆ ਟਰੈਕਟਰ ਅੱਗੋ ਵਰਤੋਂ ਲਈ ਗਊਸ਼ਾਲਾ, ਲਾਲੜੂ (ਡੇਰਾਬੱਸੀ) ਨੂੰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਟਰੈਕਟਰ ਨਾਲ ਗਊਸ਼ਾਲਾ ਵਿੱਚ ਗਊਆਂ ਦੀ ਸੇਵਾ ਕਰਨ ਲਈ ਕਾਫੀ ਮਦਦ ਮਿਲੇਗੀ। ਇਸ ਨਾਲ ਸਾਜੋ-ਸਮਾਨ ਢੋਆ-ਢੋਆਈ ਕਰਨ ਸਬੰਧੀ ਜਿਵੇਂ ਕਿ ਗਊਆਂ ਲਈ ਹਰਾ ਚਾਰਾਂ, ਸੁੱਕਾ ਚਾਰਾ ਅਤੇ ਤੂੜੀ ਆਦਿ ਢੋਣ ਸਬੰਧੀ ਵਰਤੋਂ ਕੀਤੀ ਜਾ ਸਕੇਗੀ। ਡਿਪਟੀ ਕਮਿਸ਼ਨਰ ਨੇ ਐਸ.ਏ.ਐਸ. ਨਗਰ ਜ਼ਿਲ੍ਹੇ ਦੇ ਸਮੂਹ ਉਦਯੋਗਿਕ ਅਦਾਰਿਆਂ ਨੂੰ ਇਹ ਅਪੀਲ ਵੀ ਕੀਤੀ ਗਈ ਉਹ ਸੀ.ਐਸ.ਆਰ. ਵਿੱਚ ਲੋਕ ਭਲਾਈ ਦੇ ਕੰਮ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਰੈਡ ਕਰਾਸ ਦੀ ਮਦਦ ਵੱਧ ਤੋਂ ਵੱਧ ਅੱਗੇ ਆਉਣ ।

ਇਸੇ ਦੌਰਾਨ ਮਹਿੰਦਰਾ ਲਿਮਟਿਡ ਸਵਰਾਜ ਡਵੀਜ਼ਨ ਟਰੈਕਟਰ, ਮੋਹਾਲੀ ਦੇ ਅਧਿਕਾਰੀਆਂ ਵਲੋਂ ਇਹ ਭਰੋਸਾ ਵੀ ਦਵਾਇਆ ਗਿਆ ਕਿ ਉਹ ਸਮੇਂ ਸਮੇਂ ਤੇ ਸੀ.ਐਸ.ਆਰ. ਸਕੀਮ ਅਧੀਨ ਰੈਡ ਕਰਾਸ ਸ਼ਾਖਾ ਨੂੰ ਲੋੜੀਂਦੀ ਮਦਦ ਕਰਦੇ ਰਹਿਣਗੇ। ਇਸ ਮੌਕੇ ਸਹਾਇਕ ਕਮਿਸ਼ਨਰ ਤਰਸੇਮ ਚੰਦ, ਐਸ.ਡੀ.ਐਮ. ਡੇਰਾਬੱਸੀ ਹਿਮਾਨਸ਼ੂ ਗੁਪਤਾ, ਸਕੱਤਰ ਰੈਡ ਕਰਾਸ ਕਮਲੇਸ਼ ਕੁਮਾਰ, ਧਿਆਨ ਫਾਊਡੇਸ਼ਨ ਦੇ ਪ੍ਰਧਾਨ ਅਤੇ ਮਹਿੰਦਰਾ ਐਂਡ ਮਹਿੰਦਰਾ ਲਿੰਮਟਿਡ ਦੇ ਸੀ.ਈ.ਓ. ਹਰੀਸ ਚੋਵਨ, ਐਸ.ਜੀ.ਐਮ ਅਰੁਣ ਰਾਘਵ, ਜ਼ੀ.ਐਮ ਰੰਜਨ ਮਿਸਰਾ, ਐਸ.ਐਮ ਸੀ.ਐਸ.ਆਰ. ਵਿਮਲ ਸ੍ਰੀਵਾਸਤਵ ਵੀ ਹਾਜ਼ਰ ਸਨ।



## ਚੋਣ ਡਿਊਟੀ ਦਾ ਮਿਹਨਤਾਨਾ ਲੈਣ ਅਤੇ ਹੋਰ ਮੰਗਾਂ ਸੰਬੰਧੀ ਮੁਲਾਜ਼ਮ ਆਗੂਆਂ ਨੇ ਐੱਸ ਡੀ ਐੱਮ ਦਸੂਹਾ ਨੂੰ ਦਿੱਤਾ ਮੰਗ-ਪੱਤਰ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸੰਪੰਨ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਚੋਣ ਡਿਊਟੀ ਕਰਨ ਵਾਲੇ ਚੋਣ ਅਮਲੇ ਨੂੰ ਮਿਹਨਤਾਨਾ ਦਿਵਾਉਣ ਅਤੇ ਹੋਰ ਮੰਗਾਂ ਸੰਬੰਧੀ ਡੈਮੋਕਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ ਟੀ ਐੱਫ), ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ (ਡੀ ਐੱਮ ਐਫ਼), ਬੀ ਐੱਲ ਓ ਯੂਨੀਅਨ ਅਤੇ ਹੋਰ ਜਥੇਬੰਦੀਆਂ ਦੇ ਸਾਂਝੇ ਵਫ਼ਦ ਵੱਲੋਂ ਪ੍ਰਮੋਦ ਗਿੱਲ, ਇੰਦਰ ਸੁਖਦੀਪ ਸਿੰਘ ਓਢਰਾ, ਸੋਮ ਨਾਥ ਅਤੇ ਮਨਜੀਤ ਸਿੰਘ ਆਦਿ ਆਗੂਆਂ ਦੀ ਅਗਵਾਈ ਹੇਠ ਐੱਸ ਡੀ ਐੱਮ ਦਸੂਹਾ ਕਮ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਵਿਧਾਨ ਸਭਾ ਹਲਕਾ 44 ਦਸੂਹਾ ਓਜਸਵੀ ਅਲੰਕਾਰ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਇੱਕ ਮੰਗ-ਪੱਤਰ ਦਿੱਤਾ ਗਿਆ, ਜਿਸ ਰਾਹੀਂ ਮੁਲਾਜ਼ਮ ਆਗੂਆਂ ਨੇ ਮੰਗ ਕੀਤੀ ਕਿ ਸੰਪੰਨ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਡਿਊਟੀ ਕਰਨ ਵਾਲੇ ਹਰੇਕ ਮੁਲਾਜ਼ਮ ਨੂੰ ਉਸ ਦਾ ਚੋਣ ਮਿਹਨਤਾਨਾ ਜਲਦ ਦਿੱਤਾ ਜਾਵੇ, ਚੋਣ ਬੂਥਾਂ ਉੱਤੇ ਚੋਣ ਅਮਲੇ ਨੂੰ ਖਾਣਾ ਬਣਾ ਕੇ ਦੇਣ ਵਾਲੀਆਂ ਮਿਡ-ਡੇ-ਮੀਲ ਕੁੱਕ ਬੀਬੀਆਂ ਅਤੇ ਚੋਣ ਬੂਥਾਂ ਦੀ ਵੀਡੀਓਗ੍ਰਾਫੀ ਕਰਨ ਵਾਲੇ ਨੌਜਵਾਨਾਂ ਨੂੰ ਵੀ ਬਣਦਾ ਮਿਹਨਤਾਨਾ ਦਿੱਤਾ ਜਾਵੇ। ਇਸ ਤੋਂ ਇਲਾਵਾ ਵਫ਼ਦ ਨੇ ਮੰਗ ਕੀਤੀ ਕਿ ਬੀ ਐੱਲ ਓਜ਼ ਨੂੰ ਐਤਵਾਰ ਵਾਲੇ ਦਿਨਾਂ ਨੂੰ ਡਿਊਟੀ ਤੋਂ ਛੁੱਟੀ ਦਿੱਤੀ ਜਾਵੇ ਅਤੇ ਵੋਟਰ ਸੂਚੀਆਂ ਨੂੰ ਅਧਾਰ ਕਾਰਡਾਂ ਨਾਲ ਲਿੰਕ ਕਰਨ ਦੇ ਕੰਮ 'ਚ ਰਹਿ ਗਏ ਵਿਦੇਸ਼ਾਂ ਵਿੱਚ ਰਹਿੰਦੇ ਜਾਂ ਚੋਣ ਹਲਕੇ ਤੋਂ ਬਾਹਰ ਰਹਿੰਦੇ ਵੋਟਰਾਂ ਦੀ ਸ਼ਨਾਖਤ ਲਈ ਪਿੰਡਾਂ ਦੇ ਸਰਪੰਚਾਂ, ਪੰਚਾਂ, ਨੰਬਰਦਾਰਾਂ ਅਤੇ ਸ਼ਹਿਰਾਂ ਦੇ ਮਿਊਂਸਪਲ ਕੌਂਸਲਰਾਂ ਨੂੰ ਬੀ ਐੱਲ ਓਜ਼ ਦੀ ਸਹਾਇਤਾ ਕਰਨ ਲਈ ਨਿਰਦੇਸ਼ ਦਿੱਤੇ ਜਾਣ। ਮਾਣਯੋਗ ਐੱਸ ਡੀ ਐੱਮ ਸਾਹਿਬ ਨੇ ਵਫ਼ਦ ਦੀਆਂ ਮੰਗਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਮੌਕੇ ਉੱਤੇ ਹੀ ਐੱਸ ਡੀ ਐੱਮ ਦਫ਼ਤਰ ਦੇ ਚੋਣ ਇੰਚਾਰਜ ਰਾਜੇਸ਼ ਕੁਮਾਰ ਨੂੰ ਚੋਣ ਅਮਲੇ ਨੂੰ ਚੋਣ ਡਿਊਟੀਆਂ ਦਾ ਮਿਹਨਤਾਨਾ ਤੁਰੰਤ ਉਨ੍ਹਾਂ ਦੇ ਖ਼ਾਤਿਆਂ 'ਚ ਪਾਉਣ ਦੇ ਆਦੇਸ਼ ਦਿੱਤੇ। ਇਸ ਵਫ਼ਦ 'ਚ ਹੋਰਨਾਂ ਤੋਂ ਇਲਾਵਾ ਦਿਲਪ੍ਰੀਤ ਸਿੰਘ, ਅਮਰਜੀਤ ਸਿੰਘ, ਨਰਿੰਦਰ ਸਿੰਘ, ਹਰਦੀਪ ਸਿੰਘ, ਹਰਪ੍ਰੀਤ ਸਿੰਘ, ਵਰਿੰਦਰ ਸਿੰਘ, ਊਸ਼ਾ ਰਾਣੀ, ਰਜਨੀ, ਝਿਰਮਿਲ ਸਿੰਘ, ਮੋਹਨ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ, ਮੁਨੀਸ਼ ਕੁਮਾਰ ਆਦਿ ਸ਼ਾਮਲ ਸਨ।

## ਲੁਠੇੜੀ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਉਦਯੋਗਾਂ ਦਾ ਦੌਰਾ



ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)- ਨਜ਼ਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਐਨ ਐਸ ਕਿਊ ਐਫ ਸਕੀਮ ਅਧੀਨ ਆਟੋ ਮੋਬਾਇਲ ਅਤੇ ਨਿੱਜੀ ਸੁਰੱਖਿਆ ਦੀ ਆਪਣੀ ਪੜ੍ਹਾਈ ਦੇ ਨਾਲ ਸਿਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੇ ਸਵਰਾਜ ਮਾਜ਼ਦਾ ਲਿਮਟਿਡ ਦਾ ਉਦਯੋਗਿਕ ਦੌਰਾ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਪ੍ਰਿੰਸੀਪਲ ਇੰਦਰਜੀਤ ਕੌਰ ਦੀ ਸੁਯੋਗ ਅਗਵਾਈ ਅਤੇ ਵੋਕੇਸ਼ਨਲ ਅਧਿਆਪਕਾਂ ਹਰਿੰਦਰ ਕੁਮਾਰ ਅਤੇ ਰਵਿੰਦਰ ਕੁਮਾਰ ਦੀ ਦੇਖ-ਰੇਖ 'ਚ ਇਸ ਕੀਤੇ ਦੌਰੇ ਦੌਰਾਨ ਵਿਦਿਆਰਥੀਆਂ ਨੇ ਸਵਰਾਜ ਮਾਜ਼ਦਾ ਲਿਮਟਿਡ ਦੀ ਸੁਰੱਖਿਆ ਵਿਵਸਥਾ ਅਤੇ ਵਾਹਨਾਂ ਦੇ ਅਸੈਂਬਲ ਹੋਣ ਦੀ ਪ੍ਰਕਿਰਿਆ ਦੀ ਨੇੜਿਓਂ ਜਾਣਕਾਰੀ ਲਈ। ਐਸ.ਐਮ.ਐਲ ਦੇ ਜਨਰਲ ਮੈਨੇਜਰ ਪ੍ਰੋਡਕਸ਼ਨ ਅਸ਼ਵਨੀ ਕੁਮਾਰ ਸ਼ਰਮਾ ਨੇ ਖੁਦ ਨਿੱਜੀ ਦਿਲਚਸਪੀ ਲੈਂਦੇ ਹੋਏ ਵਿਦਿਆਰਥੀਆਂ ਦੇ ਸ਼ੰਕੇ ਨਵਿਰਤ ਕਰਵਾਏ। ਇਸ ਤੋਂ ਪਹਿਲਾਂ ਸਕੂਲ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸਵੇਰੇ ਸੰਸਥਾ ਤੋਂ ਵਿਦਿਆਰਥੀਆਂ ਨੂੰ ਦੋ ਬੱਸਾਂ ਰਾਹੀਂ ਝੰਡੀ ਦਿਖਾ ਕੇ ਰਵਾਨਾ ਕੀਤਾ। ਵਿਦਿਆਰਥੀਆਂ ਨੂੰ ਰਿਫਰੈੱਸ਼ਮੈਂਟ ਵੀ ਦਿੱਤੀ ਗਈ।

## 1971 'ਚ ਪਾਕਿਸਤਾਨ 'ਤੇ ਹੋਈ ਜਿੱਤ ਸੰਬੰਧੀ ਮਨਾਇਆ ਵਿਜੈ ਦਿਵਸ



ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਨੂਰਪੁਰ ਬੇਦੀ ਬੱਸ ਸਟੈਂਡ ਵਿਖੇ ਇਲਾਕੇ ਦੇ ਦੇਸ਼ ਪ੍ਰੇਮੀਆਂ ਤੇ ਸਾਬਕਾ ਫੌਜੀਆਂ ਵੱਲੋਂ ਵਿਜੈ ਦਿਵਸ ਮਨਾਇਆ ਗਿਆ। ਦੱਸਣਯੋਗ ਹੈ ਕਿ 16 ਦਸੰਬਰ 1971 ਨੂੰ ਭਾਰਤ ਨੇ ਪਾਕਿਸਤਾਨ ਨੂੰ ਜੰਗ ਦੌਰਾਨ ਹਰਾਇਆ ਸੀ। ਇਥੇ ਵਿਜੇ ਦਿਵਸ ਮੌਕੇ ਦੇਸ਼ ਪ੍ਰੇਮੀਆਂ ਵੱਲੋਂ ਭਾਰਤ ਮਾਤਾ ਦੀ ਜੈ, ਸ਼ਹੀਦ ਜਵਾਨ ਅਮਰ ਰਹੇ, ਦੇ ਨਾਅਰੇ ਲਗਾਏ ਗਏ। ਸਮਾਜ ਸੇਵੀ ਗੌਰਵ ਰਾਣਾ ਤੇ ਡਾਕਟਰ ਦਵਿੰਦਰ ਬਜਾੜ ਨੇ ਕਿਹਾ ਕਿ 1971 ਦੀ ਜੰਗ ਵਿਚ ਭਾਰਤੀ ਫੌਜ ਦੇ ਜਰਨਲ ਅਰੋੜਾ ਅੱਗੇ ਪਾਕਿਸਤਾਨੀ ਫੌਜ ਦੇ ਜਰਨਲ ਨਿਆਜੀ ਨੇ ਹਜਾਰਾਂ ਪਾਕਿਸਤਾਨੀ ਫੌਜੀਆਂ ਸਮੇਤ ਹਥਿਆਰ ਸੁੱਟ ਦਿੱਤੇ ਸੀ। ਭਾਰਤੀ ਫੌਜ ਪਾਕਿਸਤਾਨ ਦੇ ਬਹੁਤ ਅੰਦਰ ਤੱਕ ਜਾ ਪਹੁੰਚੀ ਸੀ ਤੇ ਉਸੇ ਤੋਂ ਬਾਅਦ ਦੇਸ਼ ਦੀ ਸਰਕਾਰ ਦੇ ਫੈਸਲੇ ਤੋਂ ਬਾਅਦ ਭਾਰਤੀ ਫੌਜ ਨੇ ਪਾਕਿਸਤਾਨ ਨੂੰ ਕਬਜਾਇਆ ਗਿਆ ਇਲਾਕਾ ਵਾਪਸ ਦੇ ਦਿੱਤਾ ਸੀ। ਇਸ ਯੁੱਧ ਦੌਰਾਨ ਭਾਰਤੀ ਫੌਜ ਦੇ ਵੀ ਕਾਫੀ ਜਵਾਨਾਂ ਦੀ ਸ਼ਹਾਦਤ ਵੀ ਹੋਈ ਸੀ। ਉਸਦੇ ਮੱਦੇਨਜਰ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀਆਂ ਵੀ ਦਿੱਤੀਆਂ ਗਈਆਂ। ਇਥੇ ਵਿਜੇ ਦਿਵਸ ਦੇ ਮੌਕੇ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ ਸੂਬੇਦਾਰ ਗੁਰਦੇਵ ਸਿੰਘ ਤੇ ਸਾਬਕਾ ਫੌਜੀ ਮੋਹਨ ਸਿੰਘ ਫੌਜੀ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਭਾਰਤ ਦੀ ਫੌਜ ਪੂਰੇ ਵਿਸ਼ਵ ਵਿਚ ਸਭ ਤੋ ਜ਼ਿਆਦਾ ਦੁਰਗਮ ਇਲਾਕਿਆਂ ਵਿੱਚ ਹਰ ਮੌਸਮ ਦੌਰਾਨ ਯੁੱਧ ਲੜਨ ਵਿੱਚ ਮੁਹਾਰਤ ਰੱਖਦੀ ਹੈ। ਉਹਨਾਂ ਦੇਸ਼ ਦੀਆਂ ਸਰਕਾਰਾਂ ਨੂੰ ਚਤਾਉਂਦਿਆਂ ਕਿਹਾ ਸਰਕਾਰੀ ਸਿਸਟਮ ਤੇ ਸਰਕਾਰਾਂ ਦੇਸ਼ ਦੇ ਮੌਜੂਦਾ ਤੇ ਸਾਬਕਾ ਫੌਜੀ ਤੇ ਉਨਾਂ ਦੇ ਪਰਵਾਰਾਂ ਨੂੰ ਹਰ ਸਰਕਾਰੀ ਤੇ ਗੈਰ-ਸਰਕਾਰੀ ਦਫਤਰਾਂ ਵਿੱਚ ਬਿਨਾਂ ਦੇਰੀ ਦੇ ਸਹੂਲਤਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਏ। ਇਸ ਮੌਕੇ ਉੱਥੇ ਸਮਾਜ ਸੇਵੀ ਗੌਰਵ ਰਾਣਾ, ਡਾਕਟਰ ਦਵਿੰਦਰ ਬਜਾੜ,ਮਾਤਾ ਸੱਤਿਆ ਦੇਵੀ, ਸੂਬੇਦਾਰ ਗੁਰਦੇਵ ਸਿੰਘ ਲਸਾੜੀ,ਸਰਦਾਰ ਸੋਹਨ ਸਿੰਘ ਫੌਜੀ,ਮਾਸਟਰ ਦਰਸ਼ਨ ਸੈਣੀ ਮਾਜਰਾ,ਪਰਮਜੀਤ ਸਿੰਘ,ਅਰੁਣ ਕੁਮਾਰ,ਸੋਨੂੰ ਆਜਾਦ, ਮਹਿੰਦਰ ਸੈਣੀ, ਅਸਵਨੀ ਰਾਣਾ,ਮਨਜੀਤ ਸਿੰਘ,ਭਜਨ ਲਾਲ,ਗਾਂਧੀ ਕੂਭੇਵਾਲ,ਮਿੰਟੂ ਰਾਣਾ ਬਸਾਲੀ,ਮੋਹਨ ਲਾਲ ਪੰਚ,ਹਰੀਦੇਵ, ਧਿਆਨ ਸਿੰਘ ਬੇਲਾ, ਸਮੇਂ ਇਲਾਕਾ ਵਾਸੀ ਮੌਜੂਦ ਸਨ।

## ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਪਿੰਡ ਮਹਿੰਦਵਾਨੀ 'ਚ ਪ੍ਰਦੂਸ਼ਣ ਬਾਰੇ ਮੁੱਦਾ ਉਠਾਇਆ



ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਲੋਕ ਸਭਾ ਵਿੱਚ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਪਿੰਡ ਮਹਿੰਦਵਾਨੀ ਵਿੱਚ ਹਿਮਾਚਲ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੀਆਂ ਦੋ ਫੈਕਟਰੀਆਂ ਕਾਰਨ ਪੈਦਾ ਹੋ ਰਹੇ ਪ੍ਰਦੂਸ਼ਣ ਦਾ ਮੁੱਦਾ ਉਠਾਇਆ। ਐਮ ਪੀ ਤਿਵਾੜੀ ਨੇ ਦੱਸਿਆ ਕਿ ਪਿੰਡ ਦੇ ਨੇੜੇ ਦੋ ਫੈਕਟਰੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਕਾਸਮੈਟਿਕ ਅਤੇ ਦੂਜੀ ਫੈਟ ਫੈਕਟਰੀ ਹੈ। ਉਨ੍ਹਾਂ ਨੇ ਇਸ ਸਬੰਧੀ ਕੇਂਦਰੀ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਨੂੰ ਬੇਨਤੀ ਕੀਤੀ ਸੀ, ਜਿਸ ਤੋਂ ਬਾਅਦ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਵੀ ਪਹੁੰਚੀ, ਪਰ ਕੋਈ ਸੁਧਾਰ ਨਹੀਂ ਹੋਇਆ। ਇਨ੍ਹਾਂ ਫੈਕਟਰੀਆਂ ਵਿੱਚੋਂ ਨਿਕਲਣ ਵਾਲਾ ਪ੍ਰਦੂਸ਼ਣ ਸਵਾਂ ਦਰਿਆ ਰਾਹੀਂ ਸਤਲੁਜ ਦਰਿਆ ਵਿੱਚ ਜਾ ਰਿਹਾ ਹੈ। ਜਿੱਥੇ ਪਾਣੀ ਅਤੇ ਹਵਾ ਦੋਵੇਂ ਪ੍ਰਦੂਸ਼ਿਤ ਹੋ ਰਹੇ ਹਨ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਕਤ ਫੈਕਟਰੀਆਂ ਨੂੰ ਬੰਦ ਕਰਵਾਉਣ ਲਈ ਕੇਂਦਰੀ ਪ੍ਰਦੂਸਣ ਕੰਟਰੋਲ ਬੋਰਡ ਦੀ ਟੀਮ ਭੇਜੀ ਜਾਵੇ।

ਜ਼ਿਕਰਯੋਗ ਹੈ ਕਿ ਪ੍ਰਦੂਸਣ ਦੀ ਸਮੱਸਿਆ ਨੂੰ ਲੈ ਕੇ ਪਿੰਡ ਵਾਸੀਆਂ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ ਸੰਸਦ ਮੈਂਬਰ ਤਿਵਾੜੀ ਵੀ ਸ਼ਾਮਲ ਹੋਏ ਸਨ, ਜਿਨ੍ਹਾਂ ਨੇ ਕੇਂਦਰੀ ਵਾਤਾਵਰਨ ਮੰਤਰੀ ਨਾਲ ਮੁਲਾਕਾਤ ਕਰਕੇ ਇਸ ਸਬੰਧੀ ਮਾਮਲਾ ਵੀ ਉਠਾਇਆ ਸੀ।

## ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਨੇ ਉਠਾਇਆ ਆਦਮਪੁਰ ਤੋਂ ਉਡਾਣਾਂ ਦਾ ਮੁੱਦਾ




ਫਿਲੌਰ, (ਨਿਰਮਲ): ਵੀਰਵਾਰ ਨੂੰ ਲੋਕ ਸਭਾ ਵਿੱਚ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਕੇਂਦਰੀ ਸ਼ਹਿਰੀ ਹਵਾਬਾਜੀ ਮੰਤਰੀ ਜਿਓਤਿਰਾਦਿਤਿਆ ਸਿੰਧਿਆ ਨੇ ਭਰੋਸਾ ਦਿਵਾਇਆ ਕਿ ਆਦਮਪੁਰ ਹਵਾਈ ਅੱਡੇ ਤੋਂ ਉਡਾਣਾਂ ਮੁੜ ਸ਼ੁਰੂ ਕਰਨ ਦਾ ਮਾਮਲਾ ਕੇਂਦਰ ਸਰਕਾਰ ਕੋਲ ਪ੍ਰਾਥਮਿਕਤਾ 'ਤੇ ਵਿਚਾਰ ਅਧੀਨ ਹੈ।

ਕੇਂਦਰੀ ਮੰਤਰੀ ਸਿੰਧੀਆ ਨੇ ਦੱਸਿਆ ਕਿ ਵਾਇਬਿਲਟੀ ਗੈਪ ਫੰਡਿੰਗ ਦੀ ਤਿੰਨ ਸਾਲ ਦੀ ਮਿਆਦ ਖ਼ਤਮ ਹੋਣ ਕਾਰਣ ਉਡਾਣਾਂ ਨੂੰ ਰੋਕ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਤਾਜ਼ਾ ਨਿਲਾਮੀ ਕਰਵਾਏਗੀ ਅਤੇ ਆਦਮਪੁਰ ਤੋਂ ਉਡਾਣਾਂ ਦੇ ਮੁੜ ਸੰਚਾਲਨ ਲਈ ਹਵਾਈ ਕੰਪਨੀਆਂ ਨਾਲ ਗੱਲ ਕਰੇਗੀ। ਪ੍ਰਸ਼ਨ ਕਾਲ ਦੌਰਾਨ ਸਵਾਲ ਉਠਾਉਂਦੇ ਹੋਏ ਸੰਸਦ ਮੈਂਬਰ ਚੌਧਰੀ ਨੇ ਦੱਸਿਆ ਕਿ ਕੋਵਿਡ-19 ਮਹਾਂਮਾਰੀ ਦੌਰਾਨ ਆਦਮਪੁਰ ਤੋਂ ਸਪਾਈਸ ਜੈੱਟ ਦੁਆਰਾ ਚਲਾਈਆਂ ਜਾਣ ਵਾਲੀਆਂ ਉਡਾਣਾਂ ਨੂੰ ਬੰਦ ਕਰ ਦਿੱਤਾ ਗਿਆ ਸੀ, ਪਰ ਡੇਢ ਸਾਲ ਬੀਤ ਜਾਣ ਦੇ ਬਾਵਜੂਦ ਵੀ ਸੇਵਾਵਾਂ ਮੁੜ ਸ਼ੁਰੂ ਨਹੀਂ ਕੀਤੀਆਂ ਗਈਆਂ।ਕੋਵਿਡ-19 ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਆਦਮਪੁਰ ਤੋਂ ਦਿੱਲੀ, ਮੁੰਬਈ ਅਤੇ ਜੈਪੁਰ ਲਈ ਉਡਾਣਾਂ ਦੇ ਤਿੰਨ ਰੂਟ ਕੇਂਦਰ ਸਰਕਾਰ ਦੀ ਖੇਤਰੀ ਕਨੈਕਟੀਵਿਟੀ ਸਕੀਮ - ਉਡਾਨ ਦੇ ਤਹਿਤ ਚੱਲ ਰਹੇ ਸਨ। ਸੰਸਦ ਮੈਂਬਰ ਚੌਧਰੀ ਨੇ ਮੰਤਰੀ ਨੂੰ ਦੱਸਿਆ ਕਿ ਆਦਮਪੁਰ ਹਵਾਈ ਅੱਡਾ ਦੁਆਬਾ ਖੇਤਰ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਵਾਈ ਅੱਡਾ ਹੈ ਜੋ ਕਿ ਉਦਯੋਗਪਤੀਆਂ ਅਤੇ ਪ੍ਰਵਾਸੀ ਭਾਰਤੀਆਂ ਸਮੇਤ ਸਥਾਨਕ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। ਉਡਾਣਾਂ ਰੁਕਣ ਦੇ ਕਾਰਨ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਹੋ ਰਹੀ ਹੈ। ਉਹਨਾਂ ਕਿਹਾ, ਹਵਾਈ ਅੱਡੇ ਦਾ ਨਵਾਂ ਟਰਮੀਨਲ ਵੀ ਲਗਭਗ ਤਿਆਰ ਹੈ, ਪਰ ਉਡਾਣਾਂ ਅਜੇ ਤੱਕ ਮੁੜ ਸ਼ੁਰੂ ਨਹੀਂ ਹੋਈਆਂ।

## ਮੀਜ਼ਲ ਰੁਬੇਲਾ ਸੰਬੰਧੀ ਹੋਈ ਮੀਟਿੰਗ



ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਮੂਹ ਪ੍ਰਾਈਵੇਟ ਹਸਪਤਾਲ/ਕਲੀਨਿਕਾਂ ਦੇ ਡਾਕਟਰਾਂ ਨਾਲ ਮੀਜ਼ਲ ਰੁਬੇਲਾ (ਖਸਰੇ) ਸੰਬੰਧੀ ਮੀਟਿੰਗ ਕੀਤੀ ਗਈ। ਇਸ ਮੀਟਿੰਗ 'ਚ ਡਾ.ਗੋਬਿੰਦ ਟੰਡਨ ਨੇ ਕਿਹਾ ਕਿ ਜੇਕਰ ਉਨ੍ਹਾ ਦੇ ਹਸਪਤਾਲ 'ਚ ਕਿਸੇ ਮਰੀਜ਼ ਨੂੰ ਬੁਖਾਰ,ਸਰੀਰ 'ਤੇ ਲਾਲ ਦਾਣੇ, ਖਾਂਸੀ, ਨੱਕ ਵਗਣਾ ਅਤੇ ਲਾਲ ਅੱਖਾਂ ਲੱਛਣ ਹੋਣ ਤਾਂ ਇਹ ਮੀਜ਼ਲ ਰੁਬੇਲਾ ਦਾ ਸ਼ੱਕੀ ਕੇਸ ਹੋ ਸਕਦਾ ਹੈ।ਅਜਿਹੇ ਕੇਸ ਨੂੰ ਰਿਪੋਰਟ ਕੀਤਾ ਜਾਵੇ ਤਾਂ ਜੋ ਅਜਿਹੇ ਕੇਸਾਂ ਦੀ ਸਮੇਂ ਸਿਰ ਬਲੱਡ ਜਾਂਚ ਕਰਵਾਈ ਜਾ ਸਕੇ। ਉਨ੍ਹਾ ਕਿਹਾ ਕਿ ਖੂਨ ਦੀ ਜਾਂਚ ਲਈ ਸੈਂਪਲ ਪੀ.ਜੀ.ਆਈ ਚੰਡੀਗੜ੍ਹ ਵਿਖੇ ਭੇਜਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਖਸਰਾ ਇੱਕ ਲਾਗ ਵਾਲੇ ਬੱਚੇ ਜਾਂ ਬਾਲਗ ਦੇ ਨੱਕ ਅਤੇ ਗਲੇ 'ਚ ਪਾਏ ਜਾਣ ਵਾਲੇ ਵਾਇਰਸ ਕਾਰਨ ਹੁੰਦਾ ਹੈ। ਜਦੋਂ ਖਸਰੇ ਵਾਲਾ ਕੋਈ ਵਿਅਕਤੀ ਖੰਘਦਾ, ਛਿੱਕ ਮਾਰਦਾ ਜਾਂ ਗੱਲ ਕਰਦਾ ਹੈ, ਤਾਂ ਛੂਤ ਦੀਆਂ ਬੂੰਦਾਂ ਹਵਾ ਵਿੱਚ ਛਿੜਕਦੀਆਂ ਹਨ, ਜਿੱਥੇ ਹੋਰ ਲੋਕਾਂ ਵਿੱਚ ਇਹ ਸਾਹ ਰਾਹੀਂ ਅੰਦਰ ਜਾ ਸਕਦੀਆਂ ਹਨ। ਰੁਬੇਲਾ ਇੱਕ ਬਿਮਾਰੀ ਹੈ, ਜੋ ਆਰ.ਯੂ.ਵੀ ਵਾਇਰਸ ਕਾਰਨ ਹੁੰਦੀ ਹੈ। ਇਹ ਧੱਫੜ, ਘੱਟ ਬੁਖਾਰ ਅਤੇ ਹੋਰ ਲੱਛਣਾਂ ਦਾ ਕਾਰਨ ਬਣਦਾ ਹੈ। ਇਹ ਵੀ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਦੀ ਹੈ। ਇਸ ਮੌਕੇ ਡਾ.ਆਰ.ਐਸ ਰਾਣਾ, ਡਾ.ਮਨਦੀਪ ਕੌਰ, ਡਾ.ਐਸ.ਕੇ ਸ਼ਰਮਾ, ਡਾ.ਵਰਿੰਦਰਪਾਲ ਸਿੰਘ, ਡਾ.ਵਿਜੇ ਕੁਮਾਰ, ਡਾ.ਸੁਰਿੰਦਰਪਾਲ ਸਿੰਘ, ਹਰਵਿੰਦਰ ਸਿੰਘ ਬਲਾਕ ਐਕਸਟੈਨਸ਼ਨ ਐਜੂਕੇਟਰ, ਦਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਅਤੇ ਸੁਰਿੰਦਰਪਾਲ ਸਟੈਨੋ ਹਾਜ਼ਰ ਸਨ।

## ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਸੰਬੰਧੀ ਮੋਰਿੰਡਾ ਵਿਖੇ ਕਾਂਗਰਸ ਦੀ ਭਰਵੀਂ ਇਕੱਤਰਤਾ



ਮੋਰਿੰਡਾ ( ਜੈਜੀ ਸਰਦਾਰ ) ਰਾਹੁਲ ਗਾਂਧੀ ਵੱਲੋਂ ਚਲਾਈ ਗਈ ਮੁਹਿੰਮ "ਭਾਰਤ ਜੋੜੋ ਯਾਤਰਾ" ਜੋ ਕਿ ਜਨਵਰੀ 2023 ਵਿੱਚ ਪੰਜਾਬ ਵਿੱਚ ਪ੍ਰਵੇਸ਼ ਹੋ ਰਹੀ ਹੈ, ਸਬੰਧੀ ਬਲਾਕ ਕਾਂਗਰਸ ਪ੍ਰਧਾਨ ਦਰਸ਼ਨ ਸਿੰਘ ਸੰਧੂ ਦੀ ਅਗਵਾਈ ਹੇਠ ਕਾਂਗਰਸੀ ਆਗੂਆਂ ਅਤੇ ਵਰਕਰਾਂ ਦੀ ਭਰਵੀਂ ਇਕੱਤਰਤਾ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਦੀ ਮੋਰਿੰਡਾ ਰਿਹਾਇਸ਼ ਵਿਖੇ ਹੋਈ। ਇਸ ਮੀਟਿੰਗ ਵਿੱਚ ਸਿਟੀ ਕਾਂਗਰਸ ਅਤੇ ਬਲਾਕ ਕਾਂਗਰਸ ਦੇ ਸਮੂਹ ਆਗੂ ਅਤੇ ਵਰਕਰਾਂ ਤੋਂ ਇਲਾਵਾ ਨਵਜੀਤ ਸਿੰਘ ਨਵੀ ਸਪੁੱਤਰ ਸਾਬਕਾ ਮੁੱਖ ਮੰਤਰੀ ਚੰਨੀ,ਜ਼ਿਲ੍ਹਾ ਕਾਂਗਰਸ ਕਮੇਟੀ ਪ੍ਰਧਾਨ ਜੈਲਦਾਰ ਸਤਵਿੰਦਰ ਸਿੰਘ ਚੈੜੀਆਂ, ਹਲਕਾ ਇੰਚਾਰਜ ਖਰੜ ਵਿਜੈ ਸ਼ਰਮਾ ਟਿੰਕੂ "ਭਾਰਤ ਜੋੜੋ ਯਾਤਰਾ" ਦੇ ਹਲਕਾ ਕੋਆਰਡੀਨੇਟਰ ਸੁਰਜੀਤ ਸਿੰਘ ਸੋਇਤਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸੰਬੋਧਨ ਕਰਦਿਆਂ ਨਵਜੀਤ ਸਿੰਘ ਨਵੀਂ ਅਤੇ ਸੁਰਜੀਤ ਸਿੰਘ ਸੋਇਤਾ ਨੇ ਕਿਹਾ ਕਿ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਵੱਲੋਂ ਕੀਤੀ ਜਾ ਰਹੀ "ਭਾਰਤ ਜੋੜੋ ਯਾਤਰਾ" ਪੂਰੇ ਦੇਸ਼ ਦੇ ਲੋਕਾਂ ਨੂੰ ਜੋੜਨ ਲਈ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਕਾਂਗਰਸ ਪਾਰਟੀ ਦੀ ਨਹੀਂ ਸਗੋਂ ਸਮੁੱਚੇ ਦੇਸ਼ ਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੂੰ ਪੰਜਾਬ ਦੇ ਲੋਕਾਂ 'ਤੇ ਪੂਰਾ ਮਾਣ ਹੈ ਅਤੇ ਪੰਜਾਬ ਦੇ ਲੋਕਾਂ ਵੱਲੋਂ ਰਾਹੁਲ ਗਾਂਧੀ ਵੱਲੋਂ ਆਰੰਭੀ ਗਈ ਇਸ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ "ਭਾਰਤ ਜੋੜੋ ਯਾਤਰਾ" ਨੂੰ ਮੁਲਕ ਭਰ 'ਚ ਮਿਲ ਰਹੇ ਭਰਵੇਂ ਹੁੰਗਾਰੇ ਤੋਂ ਸਿੱਧ ਹੋ ਚੁੱਕਾ ਹੈ ਕਿ ਆਉਣ ਵਾਲਾ ਸਮਾਂ ਕਾਂਗਰਸ ਪਾਰਟੀ ਦਾ ਹੀ ਹੋਵੇਗਾ।

## ਦਿਹਾਣਾ ਵਿਖੇ ਆਜ਼ਾਦ ਕਿਸਾਨ ਕਮੇਟੀ ਦੋਆਬਾ ਪੰਜਾਬ ਦੀ ਹੋਈ ਵਿਸ਼ੇਸ਼ ਮੀਟਿੰਗ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਦਿਹਾਣਾ ਵਿਖੇ ਆਜਾਦ ਕਿਸਾਨ ਕਮੇਟੀ ਦੋਆਬਾ ਪੰਜਾਬ ਦੀ ਇੱਕ ਵਿਸੇਸ ਮੀਟਿੰਗ ਸੂਬਾ ਜਨਰਲ ਸਕੱਤਰ ਹਰਬੰਸ ਸਿੰਘ ਸੰਘਾ ਰਾਜਪੁਰ ਭਾਈਆਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਸੰਘਾ ਰਾਜਪੁਰ ਭਾਈਆਂ ਨੇ ਦੱਸਿਆ ਕਿ ਵੱਖ-ਵੱਖ ਆਗੂਆਂ ਵੱਲੋਂ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਹਰਬੰਸ ਸਿੰਘ ਸੰਘਾ ਰਾਜਪੁਰ ਭਾਈਆਂ ਨੇ ਦੱਸਿਆ ਕਿ ਕਿਸਾਨਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸੂਬਾ ਜਨਰਲ ਸਕੱਤਰ ਹਰਬੰਸ ਸਿੰਘ ਸੰਘਾ ਰਾਜਪੁਰ ਭਾਈਆਂ, ਜਸਵਿੰਦਰ ਸਿੰਘ ਦਿਹਾਣਾ, ਚਰਨ ਸਿੰਘ ਮੋਨਾ ਕਲਾਂ, ਗੁਰਸਰਨ ਸਿੰਘ ਮੌਜੋਮਜਾਰਾ, ਬਲਜੀਤ ਸਿੰਘ ਬੱਡੋ, ਅਮਨਦੀਪ ਸਿੰਘ ਬੱਡੋ, ਜਗਦੀਸ਼ ਸਿੰਘ ਸੋਨਾ ਦਿਹਾਣਾ, ਜੋਗਰਾਜ ਸਿੰਘ ਦਿਹਾਣਾ, ਜਸਵੀਰ ਸਿੰਘ ਸ਼ਿਦਾ, ਸੁਖਜਿੰਦਰ ਸਿੰਘ, ਸੁਖਦੇਵ ਸਿੰਘ ਕਾਹਰੀ ਸਾਹਰੀ, ਹਰਜਿੰਦਰ ਸਿੰਘ ਆਦਿ ਹਾਜਰ ਸਨ।

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮਿਸ਼ਨ 'ਮੇਰਾ ਕਾਰੋਬਾਰ-ਮੇਰੀ ਪਹਿਚਾਣ' ਦਾ ਪ੍ਰਚਾਰ ਸ਼ੁਰੂ




ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਕਪੂਰਥਲਾ ਵਲੋਂ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਅਤੇ ਰੋਜ਼ਗਾਰ ਦੇ ਮੌਕਿਆਂ ਦਾ ਲਾਭ ਉਠਾਉਣ ਦੇ ਸਮਰੱਥ ਬਣਾਉਣ ਲਈ ਅਣਥੱਕ ਉਪਰਾਲੇ ਲਗਾਤਾਰ ਜਾਰੀ ਰਹਿੰਦੇ ਹਨ। ਇਸ ਲੜੀ ਤਹਿਤ ਡੀ.ਬੀ.ਈ.ਈ. ਕਪੂਰਥਲਾ ਵਲੋਂ ਸਵੈ-ਰੋਜ਼ਗਾਰ ਦੇ ਇਛੁੱਕ ਨੌਜਵਾਨਾਂ ਲਈ ਡਿਜਾਇਨ ਕੀਤੇ ਗਏ ਇੱਕ ਨਿਵੇਕਲੇ ਮਿਸ਼ਨ ' ਮੇਰਾ ਕਾਰੋਬਾਰ ਮੇਰੀ ਪਹਿਚਾਣ ' ਦਾ ਰਸਮੀ ਉਦਘਾਟਨ ਮਾਨਯੋਗ ਡਿਪਟੀ ਕਮਿਸ਼ਨਰ ਕਮ ਚੇਅਰਮੈਨ ਡੀ.ਬੀ.ਈ.ਈ ਕਪੂਰਥਲਾ ਵਿਸ਼ੇਸ਼ ਸਾਰੰਗਲ ਵਲੋਂ ਬੀਤੇ ਦਿਨੀਂ ਕੀਤਾ ਗਿਆ ਸੀ। ਇਸ ਮਿਸ਼ਨ ਦੀ ਪੜ੍ਹਾਅਵਾਰ ਪ੍ਰਗਤੀ ਹੇਠ ਮਿਸ਼ਨ ਦੀ ਪਬਲੀਸਿਟੀ ਦੇ ਸਬੰਧ ਵਿੱਚ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਕਪੂਰਥਲਾ ਦੇ ਪਲੇਸਮੈਂਟ ਅਫਸਰ ਡਾ: ਵਰੁਣ ਜੋਸ਼ੀ ਵਲੋਂ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਨਯਨ ਜੱਸਲ ਨਾਲ ਮੁਲਾਕਾਤ ਕਰਕੇ ਮਿਸ਼ਨ ਦੀ ਪ੍ਰਚਾਰ ਸਮੱਗਰੀ ਭੇਂਟ ਕੀਤੀ ਗਈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਵਲੋਂ ਆਪਣੇ ਸਟਾਫ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ ਕਿ ਇਸ ਮਿਸ਼ਨ ਦੀ ਸਫਲਤਾ ਲਈ ਉਹ ਵੱਧ ਤੋਂ ਵੱਧ ਪ੍ਰਚਾਰ ਕਰਨ ਦੀ ਜਿੰਮੇਵਾਰੀ ਸੰਭਾਲਣ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਕਪੂਰਥਲਾ ਕਮ ਚੇਅਰਮੈਨ ਗਵਰਨਿੰਗ ਕੌਂਸਲ ਡੀ.ਬੀ.ਈ.ਈ. ਕਪੂਰਥਲਾ ਦੀ ਰਹਿਨੁਮਾਈ ਹੇਠ ਲਾਂਚ ਕੀਤੇ ਗਏ ਇਸ ਮਿਸ਼ਨ ਦੀ ਸਫਲਤਾ ਲਈ ਹਰ ਸੰਭਵ ਉਪਰਾਲੇ ਕਰਨ ਦਾ ਭਰੋਸਾ ਦਿੰਦੇ ਹੋਏ ਇਸ ਮਿਸ਼ਨ ਦੀ ਸਫਲਤਾ ਲਈ ਕਾਮਨਾ ਕੀਤੀ। ਅਧਿਕਾਰੀ ਵਲੋਂ ਫਗਵਾੜਾ ਸਬ ਡਵੀਜਨ ਨਾਲ ਸਬੰਧਿਤ ਨੌਜਵਾਨਾਂ ਨੂੰ ਇਸ ਨਿਵੇਕਲੇ ਮਿਸ਼ਨ ਵਿੱਚ ਵੱਧ ਤੋਂ ਵੱਧ ਰਜਿਸਟਰ ਹੋਕੇ ਲਾਭ ਉਠਾਉਣ ਦੀ ਅਪੀਲ ਕੀਤੀ ਗਈ।

## ਰੁੜਕਾ ਕਲਾਂ ਦੇ ਸਰਕਾਰੀ ਦਫਤਰਾਂ ਦੀਆਂ ਕੁਰਸੀਆਂ ਪਈਆਂ ਖਾਲੀ, ਲੋਕ ਪ੍ਰੇਸ਼ਾਨ




ਗੁਰਾਇਆ (ਬਿੰਦਰ ਸੁਮਨ)

ਵੋਟਾਂ ਵੇਲੇ ਬਦਲਾਅ ਅਤੇ ਤਰੱਕੀ ਦੇ ਵਾਅਦੇ ਤੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਦੇ ਰਾਜ ਵਿੱਚ ਸਰਕਾਰੀ ਦਫਤਰਾਂ ਦੀਆਂ ਕੁਰਸੀਆਂ ਖਾਲੀ ਪਈਆਂ ਹਨ ਅਤੇ ਇਹ ਖਾਲੀ ਕੁਰਸੀਆਂ ਵਿਕਾਸ ਕਾਰਜਾਂ ਵਿੱਚ ਕਿੰਨਾ ਕੁ ਯੋਗਦਾਨ ਪਾ ਸਕਦੀਆਂ ਹਨ ਇਸਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਗੱਲ ਕਰ ਰਹੇ ਹਾਂ ਜਲੰਧਰ ਦੀ ਫਿਲੌਰ ਤਹਿਸੀਲ ਵਿੱਚ ਪੈਂਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰੁੜਕਾ ਕਲਾਂ ਦੀ ਜਿੱਥੇ ਕੁੱਲ 41 ਅਸਾਮੀਆਂ ਵਿੱਚੋਂ 31 ਅਸਾਮੀਆਂ ਖਾਲੀ ਹੋ ਚੁੱਕੀਆਂ ਹਨ। ਸੁੱਖ ਨਾਲ ਇਸ ਬਲਾਕ ਵਿੱਚ ਕਰੀਬ 50 ਪਿੰਡ ਸ਼ਾਮਿਲ ਹਨ ਭਾਵ 50 ਪੰਚਾਇਤਾਂ ਦਾ ਕੰਮ ਕਾਜ 10 ਵਿਅਕਤੀਆਂ ਵੱਲੋਂ ਕੀਤਾ ਜਾ ਰਿਹਾ ਹੈ। ਜਿਨ੍ਹਾਂ ਵਿੱਚ ਪੰਚਾਇਤ ਸਕੱਤਰ ਦੀਆਂ 13 ਪੋਸਟਾਂ ਵਿੱਚੋਂ 10 ਖਾਲੀ ਪਈਆਂ ਹਨ, 3 ਪੰਚਾਇਤ ਸਕੱਤਰ 50 ਪੰਚਾਇਤਾਂ ਦਾ ਕੰਮ ਕਰ ਰਹੇ ਹਨ। ਇਸੇ ਤਰਾਂ ਹੀ ਗ੍ਰਾਮ ਸੇਵਕਾਂ ਦੀਆਂ 5 ਪੋਸਟਾਂ ਵਿੱਚੋਂ 4 ਖਾਲੀ ਹਨ ਜਦਕਿ ਬਾਕੀ ਰਹਿੰਦੀ ਇੱਕ ਦੀ ਵੀ ਬਦਲੀ ਹੋ ਚੁੱਕੀ ਹੈ। ਖਾਲੀ ਪਈਆਂ ਅਸਾਮੀਆਂ ਵਿੱਚ 1 ਲੇਖਾਕਾਰ, 1 ਐਸ.ਸੀ.ਪੀ.ਓ., 1 ਗਰਾਮ ਸੇਵਿਕਾ, 1 ਸਟੈਨੋਟਾਈਪਿਸਟ, 1 ਮੁੱਖ ਸੇਵਿਕਾ ਫੀਮੇਲ, 1 ਸੇਵਾਦਾਰ, 1 ਡਰਾਈਵਰ, 1 ਸੁਪਰਡੈਂਟ, 2 ਸੰਮਤੀ ਕਲੱਰਕ, 2 ਸਿਲਾਈ ਟੀਚਰ, 1 ਟੈਕਸ ਕੁਲੈਕਟਰ, 1 ਵੈਟਨਰੀ ਇੰਸਪੈਕਟਰ, 1 ਮਾਲੀ-ਕਮ-ਚੌਂਕੀਦਾਰ, 1 ਸੇਵਾਦਾਰ, 1 ਸਵੀਪਰ-ਕਮ-ਵਾਟਰ ਕੈਰੀਅਰ ਅਤੇ 1 ਸੰਮਤੀ ਪਟਵਾਰੀ ਸ਼ਾਮਿਲ ਹਨ। ਇਸ ਬਾਰੇ ਜਦੋਂ ਬੀ.ਡੀ.ਪੀ.ਓ. ਰੁੜਕਾ ਕਲਾਂ ਰਾਮ ਪਾਲ ਰਾਣਾ ਜੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਮੰਨਿਆ ਕਿ ਵਿਕਾਸ ਦੇ ਕੰਮ ਕਰਵਾਉਣ ਵਿੱਚ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ, ਜਿਸ ਲਈ ਉਨ੍ਹਾਂ ਵੱਲੋਂ ਸਮੇਂ ਸਮੇਂ ਤੇ ਇਹ ਮਾਮਲਾ ਏ.ਡੀ.ਸੀ. ਵਿਕਾਸ ਜਲੰਧਰ ਅਤੇ ਡੀ.ਡੀ.ਪੀ.ਓ. ਜਲੰਧਰ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ। ਸੀ.ਪੀ.ਆਈ.ਐਮ. ਦੇ ਆਗੂ ਤੇ ਰੁੜਕਾ ਕਲਾਂ ਤੋਂ ਸਾਬਕਾ ਸਰਪੰਚ ਮੇਲਾ ਸਿੰਘ ਰੁੜਕਾ ਅਤੇ ਜਮਹੂਰੀ ਕਿਸਾਨ ਸਭਾ ਦੇ ਆਗੂ ਸ਼ਿਵ ਕੁਮਾਰ ਤਿਵਾੜੀ ਨਾਲ ਜਦੋਂ ਇਸ ਬਾਰੇ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਬਜਬਾਜ ਦਿਖਾ ਕੇ ਸੱਤਾ ਹਾਸਲ ਕਰਕੇ ਸਰਕਾਰਾਂ ਲੋਕਾਂ ਨੂੰ ਭੁੱਲ ਜਾਂਦੀਆਂ ਹਨ ਅਤੇ ਇਸਦਾ ਸਾਰਾ ਦੋਸ਼ ਪਿਛਲੀਆਂ ਸਰਕਾਰਾਂ ਦੇ ਸਿਰ ਮੜ੍ਹਣ ਦਾ ਯਤਨ ਕਰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜੇਕਰ ਰੁੜਕਾ ਕਲਾਂ ਬਲਾਕ ਵਿੱਚ ਖਾਲੀ ਅਸਾਮੀਆਂ ਦੀ ਪੂਰਤੀ ਨਾ ਕੀਤੀ ਗਈ ਤਾਂ ਇਲਾਕੇ ਦੀਆਂ ਪੰਚਾਇਤਾਂ ਨੂੰ ਇਕੱਠੇ ਕਰਕੇ ਸੰਘਰਸ਼ ਕੀਤਾ ਜਾਵੇਗਾ। ਪਿੰਡ ਜੰਡ ਦੇ ਸਰਪੰਚ ਗੁਰਮੇਲ ਰਾਮ ਨੇ ਕਿਹਾ ਕਿ ਪੰਚਾਇਤ ਸੈਕਟਰੀ ਨਾ ਹੋਣ ਕਾਰਨ ਪੰਚਾਇਤਾਂ ਦੇ ਮਤੇ ਰੁਕੇ ਹੋਏ ਹਨ, ਇਸ ਕਰਕੇ ਜਲਦੀ ਖਾਲ਼ੀ ਅਸਾਮੀਆਂ ਭਰਨੀਆਂ ਚਾਹੀਦੀਆਂ ਹਨ। ਇਸ ਬਾਰੇ ਜਦੋਂ ਆਮ ਆਦਮੀ ਪਾਰਟੀ ਦੇ ਹਲਕਾ ਫਿਲੌਰ ਤੋਂ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਪੋਸਟਾਂ ਨੂੰ ਭਰਨ ਲਈ ਕੋਸ਼ਿਸ਼ ਕੀਤੀ ਜਾਵੇਗੀ।

## ਕਿਸਾਨ ਸਭਾ ਦੀ 35 ਵੀਂ ਕੇਂਦਰੀ ਕਾਨਫਰੰਸ 'ਚ ਪੁੱਜਾ ਹਿਮਾਚਲ ਪ੍ਰਦੇਸ਼ ਕਿਸਾਨ ਸਭਾ ਦਾ ਡੈਲੀਗੇਸ਼ਨ




ਤਿਰਸੂਰ (ਕੇਰਲ (ਸੁਰਜੀਤ ਢੇਰ)—ਹਿਮਾਚਲ ਪ੍ਰਦੇਸ਼ ਕਿਸਾਨ ਸਭਾ ਦਾ ਡੈਲੀਗੇਸ਼ਨ ਕੁੱਲ ਹਿੰਦ ਕਿਸਾਨ ਸਭਾ ਦੀ 35 ਵੀਂ ਕੇਂਦਰੀ ਕਾਨਫਰੰਸ ਵਿੱਚ ਭਾਗ ਲੈ ਰਿਹਾ ਹੈ। ਕਾਨਫਰੰਸ ਵਿੱਚ ਭਾਗ ਲੈਣ ਲਈ 14 ਮੈਂਬਰੀ ਡੈਲੀਗੇਸ਼ਨ ਪ੍ਰਧਾਨ ਡਾਕਟਰ ਕੁਲਦੀਪ ਤਨਵਰ ਸਕੱਤਰ ਹੋਤੁਮ ਖੌਂਸਲੇ ਦੀ ਅਗਵਾਈ ਹੇਠ ਤਿਰਸੂਰ ਪੁੱਜਾ। ਕਾਨਫਰੰਸ ਵਿੱਚ ਰਿਪੋਰਟ 'ਤੇ ਹੋ ਰਹੀ ਬਹਿਸ ਵਿੱਚ ਦੋ ਡੈਲੀਗੇਟਾਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਵਿੱਚ ਕਿਸਾਨਾਂ ਦੀ ਮੁੱਖ ਫਸਲ ਸੇਬ ਹਨ। ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਦੀ ਖਾਤਰ ਸੇਬ ਉਤਪਾਦਕਾਂ ਦੀ ਬਾਂਹ ਨਹੀਂ ਫੜੀ। ਉਨ੍ਹਾਂ ਨੇ ਕਿਹਾ ਕਿ ਸੇਬ ਦੀ ਫਸਲ ਐਮ ਐਸ ਪੀ ਹੋਣਾ ਅਤੀ ਜਰੂਰੀ ਹੈ। ਬਹਿਸ ਵਿੱਚ ਇਹ ਗੱਲ ਸਾਹਮਣੇ ਆਈ ਕਿ ਹਿਮਾਚਲ ਕਿਸਾਨ ਸਭਾ ਨੇ ਸੂਬੇ ਅੰਦਰ ਕਿਸਾਨੀ ਮੰਗਾਂ ਨੂੰ ਲੈ ਕੇ ਸੰਘਰਸ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਪੈਟਰਨ ਤੇ ਹਿਮਾਚਲ ਸਰਕਾਰ ਦੁੱਧ ਦੇ ਭਾਅ ਕਿਸਾਨਾਂ ਨੂੰ ਦੇਵੇ। ਇਸ ਮੌਕੇ 'ਤੇ ਕੇਂਦਰੀ ਕਿਸਾਨ ਕੌਂਸਲ ਦੇ ਮੈਂਬਰ ਕਾਮਰੇਡ ਰਕੇਸ ਸਿੰਘਾ, ਸੱਤਿਆ ਬਾਨ,ਦੇਵਕੀ ਨੰਦਨ, ਨਰਿੰਦਰ ਸਿੰਘ ਮਜਾਰਾ, ਨਰਾਇਣ ਚੋਹਾਨ, ਪੂਰਨ ਚੋਹਾਨ, ਸੋਹਣ ਠਾਕੁਰ, ਸੱਤਪਾਲ, ਰਾਮ ਜੀ ਦਾਸ, ਰਜਿੰਦਰ ਪਿਆਰੇ ਲਾਲ ਵੀ ਹਾਜਰ ਸਨ।

## ਗੁਰਨਾਮ ਸਿੰਘ ਮਹਿਸਮਪੁਰੀ ਨੇ100ਵੀਂ ਵਾਰ ਕੀਤਾ ਖ਼ੂਨਦਾਨ

ਮਹਿਤਪੁਰ (ਰਾਜਾ) 14 ਨਵੰਬਰ 1986 ਨੂੰ ਕਾਲਜ ਨਕੋਦਰ ਵਿਚ ਲੱਗੇ ਖ਼ੂਨਦਾਨ ਕੈਂਪ ਵਿੱਚ ਪਹਿਲੀ ਵਾਰ ਖ਼ੂਨ ਦਾਨ ਕਰਨ ਤੋਂ ਬਾਅਦ 37 ਸਾਲਾਂ ਖ਼ੂਨਦਾਨ ਲਹਿਰ ਨਾਲ ਜੁੜੇ ਰਹਿਣ ਤੋਂ ਬਾਅਦ ਬੀਤੇ ਹੁਣ ਕਿਸੇ ਲੋੜਵੰਦ ਦੀ ਜਾਨ ਬਚਾਉਣ ਲਈ ਗੁਰਨਾਮ ਸਿੰਘ ਮਹਿਸਮਪੁਰੀ ਨੇ 100ਵੀਂ ਵਾਰ ਖ਼ੂਨ ਦਾਨ ਕੀਤਾ। 1990 ਤੋਂ 1997 ਤਕ ਖੰਡ ਮਿੱਲ ਦੀ ਨੌਕਰੀ ਕਰਦਿਆਂ ਬਲੱਡ ਡੋਨਰਜ ਕੌਂਸਲ ਨਵਾਂ ਸ਼ਹਿਰ ਦਾ ਰੈਗੂਲਰ ਬਲੱਡ ਡੋਨਰ ਬਣਿਆ ਰਿਹਾ। ਇਸ ਸਮੇਂ ਦੌਰਾਨ ਬਲੱਡ ਡੋਨਰਜ ਕਲੱਬ ਔੜ ਦੇ ਨਾਲ 5 ਖ਼ੂਨਦਾਨ ਕੈਂਪ ਲਗਾਏ। 1997 - 2005 ਤਕ ਧਰਮਕੋਟ ਜ਼ਿਲ੍ਹਾ ਮੋਗਾ ਵਿੱਚ ਬਲੱਡ ਡੋਨਰਜ ਕਲੱਬ ਧਰਮਕੋਟ ਬਣਾਇਆ ਜੋ ਹੁਣ ਤੱਕ ਦਰਜਨਾਂ ਖ਼ੂਨਦਾਨ ਕੈਂਪ ਲਗਾ ਚੁੱਕਾ ਹੈ। 2005 ਵਿਚ ਬਲੱਡ ਡੋਨਰਜ ਕਲੱਬ ਮਹਿਤਪੁਰ ਦਾ ਬਣਾਇਆ ਗਿਆ ਜਿਸ ਦਾ ਪ੍ਰਧਾਨ ਵੀ ਗੁਰਨਾਮ ਸਿੰਘ ਮਹਿਸਮਪੁਰੀ ਹੈ। ਇਸ ਕਲੱਬ ਵਲੋਂ ਪੰਜਾਬ ਵਿੱਚ ਖ਼ੂਨਦਾਨ



ਕੈਂਪ, ਮੈਡੀਕਲ ਕੈਂਪ ਅਤੇ ਹੋਰ ਸਮਾਜ ਸੇਵਾ ਦੇ ਕੰਮ ਕੀਤੇ ਜਾਂਦੇ ਹਨ। ਮਹਿਸਮਪੁਰੀ ਵਲੋਂ ਨੇਪਾਲ ਦੀ ਰਾਜਧਾਨੀ ਕਾਠਮੰਡੂ ਅਤੇ ਦਿੱਲੀ ਕਿਸਾਨ ਮੋਰਚੇ ਵਿਚ ਯਾਦਗਾਰੀ ਖ਼ੂਨਦਾਨ ਕੈਂਪ ਲਗਾਏ ਜਾ ਚੁੱਕੇ ਹਨ।

## ਸਕੂਲਾਂ ਦੀਆਂ ਮੁਸ਼ਕਲਾਂ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ : ਪ੍ਰੋ. ਯੋਗਰਾਜ




ਮੋਹਾਲੀ( ਗੁਰਜੀਤ ਬਿੱਲਾ) - ਮਾਨਤਾ ਪ੍ਰਾਪਤ ਅਤੇ ਰੈਕੋਗਨਾਈਜ਼ਡ ਐਸੋਸੀਏਸ਼ਨ ਪੰਜਾਬ ( ਰਾਸਾ) ਦੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ ਵਿੱਚ ਚੇਅਰਮੈਨ ਪ੍ਰੋ.ਯੋਗਰਾਜ ਨਾਲ ਪੈਨਲ ਮੀਟਿੰਗ ਹੋਈ । ਮੀਟਿੰਗ ਵਿੱਚ ਸਿੱਖਿਆ ਬੋਰਡ ਦੇ ਡਿਪਟੀ ਸਕੱਤਰ ਮਨਮੀਤ ਸਿੰਘ ਭੱਠਲ, ਸਹਾਇਕ ਸਕੱਤਰ ਬਾਰਵੀਂ ਰਵਜੀਤ ਕੌਰ ਤੋਂ ਇਲਾਵਾ ਕਾਰਜ ਸੰਚਾਲਨ ਸਾਖਾ ਅਤੇ ਐਫੀਲੀਏਸ਼ਨ ਦੇ ਅਧਿਕਾਰੀ ਵੀ ਹਾਜ਼ਰ ਸਨ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਮਾਨਤਾ ਪ੍ਰਾਪਤ ਅਤੇ ਰੈਕੋਗਨਾਈਜ਼ਡ ਐਸੋਸੀਏਸ਼ਨ ਪੰਜਾਬ ( ਰਾਸਾ) ਦੇ ਜਨਰਲ ਸਕੱਤਰ, ਸੁਜੀਤ ਸ਼ਰਮਾ ਬੱਬਲੂ ਨੇ ਦੱਸਿਆ ਕਿ ਰਾਸਾ ਵੱਲੋਂ ਮੰਗ ਕੀਤੀ ਗਈ ਕਿ ਮਾਰਚ 2023 ਦੀਆਂ ਪ੍ਰੀਖਿਆਵਾਂ ਦੇ ਅਠਵੀਂ, ਦਸਵੀਂ,ਬਾਰਵੀਂ ਦੇ ਬੋਰਡ ਇਮਤਿਹਾਨਾਂ ਵਿੱਚ ਐਫੀਲੀਏਟਿਡ ਸਕੂਲ ਦੇ ਸਟਾਫ ਨੂੰ ਸੁਪਰਵਾਈਜਰ ਸਟਾਫ ਤੋਂ ਇਲਾਵਾ,ਸੁਪਰਡੈਂਟ, ਡਿਪਟੀ ਸੁਪਰਡੰਟ ਅਤੇ ਅਬਜਰਵਡ ਦੀਆਂ ਡਿਊਟੀਆਂ ਵੀ ਦਿੱਤੀਆਂ ਜਾਣ। ਪ੍ਰੀਖਿਆ ਕੇਂਦਰ ਬਣਾਉਣ ਲਈ ਸਕੂਲਾਂ ਕੋਲੋਂ ਸੈਂਟਰ ਲਈ ਸਹਿਮਤੀ ਜ਼ਰੂਰ ਲਈ ਜਾਵੇ ਤਾਂ ਜੋ ਸੈਂਟਰ ਦੂਰ ਬਣਨ ਜਾਂ ਹੋਰ ਅਸੁਵਿਧਾ ਤੋਂ ਵਿਦਿਆਰਥੀਆਂ ਨੂੰ ਬਚਾਇਆ ਜਾ ਸਕੇ। ਉਨਾਂ ਮੰਗ ਕੀਤੀ ਕਿ ਵਾਧੂ ਸੈਕਸ਼ਨ ਲੈਣ ਦੀ ਪ੍ਰਕ੍ਰਿਆ ਕਾਫੀ ਪੇਚੀਦਾ ਹੈ ਇਸ ਨੂੰ ਸਰਲ ਬਣਾਇਆ ਜਾਵੇ, ਭਾਵ ਜੇਕਰ ਸਕੂਲ ਵੱਲੋਂ ਆਰਟਸ ਵਿਸ਼ੇ ਦਾ ਸੈਕਸ਼ਨ ਮੰਗਿਆ ਗਿਆ ਹੈ ਤਾਂ ਉਸ ਕੋਲੋਂ ਸਾਇੰਸ ਅਤੇ ਕਾਮਰਸ ਵਿਸ਼ੇ ਨਾਲ ਸਬੰਧਿਤ ਬੇਲੋੜਾ ਡਾਟਾ ਲੈਣਾ ਸਕੂਲਾਂ ਨੂੰ ਮਹਿਜ ਪ੍ਰੇਸ਼ਾਨ ਕਰਨਾ ਪ੍ਰਤੀਤ ਹੁੰਦਾ ਹੈ। ਸੈਕਸ਼ਨ ਲਈ ਨਿਰਧਾਰਿਤ ਬੱਚਿਆਂ ਦੀ ਗਿਣਤੀ ਵਿੱਚ ਪਹਿਲਾਂ ਤੋਂ ਚੱਲੀ ਆ ਰਹੀ ਛੋਟ ਜਾਰੀ ਰੱਖੀ ਜਾਵੇ। ਨੈਸ਼ਨਲ ਓਪਨ ਸਕੂਲ ਦੀ ਤਰਜ 'ਤੇ ਪੰਜਾਬ ਓਪਨ ਸਕੂਲ ਪ੍ਰਣਾਲੀ ਵਿੱਚ ਤਬਦੀਲੀਆਂ ਲਿਆਂਦੀਆਂ ਜਾਣ। ਇਸ ਵਿੱਚ ਮੈਡੀਕਲ, ਨਾਨ-ਮੈਡੀਕਲ ਗਰੁੱਪ ਵੀ ਸ਼ਾਮਿਲ ਕੀਤੇ ਜਾਣ। ਬੱਬਲੂ ਨੇ ਕਿਹਾ ਕਿ ਰਾਸਾ ਵੱਲੋਂ ਮੰਗ ਕੀਤੀ ਗਈ ਕਿ ਓਪਨ ਸਕੂਲ ਪ੍ਰਣਾਲੀ ਅਧੀਨ ਪ੍ਰੀਖਿਆ ਕੇਂਦਰ ਬਣਾਉਣ ਤੋਂ ਪਹਿਲਾਂ ਸਬੰਧਿਤ ਸਟੱਡੀ ਸੈਂਟਰ ਕੋਲੋਂ ਸੈਂਟਰ ਸਬੰਧੀ ਸਹਿਮਤੀ ਲੈ ਲਈ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਅਸੁਵਿਧਾ ਤੋਂ ਬਚਾਇਆ ਜਾ ਸਕੇ। ਪ੍ਰੀਖਿਆ ਕੇਂਦਰਾਂ ਵਿੱਚ ਪ੍ਰਾਈਵੇਟ ਸਕੂਲ ਵਿਚੋਂ ਸੁਪਰਡੰਟ ਅਤੇ ਡਿਪਟੀ ਸੁਪਰੰਡਟ ਲਗਾਏ ਜਾਣ ਅਤੇ ਸਰਕਾਰੀ ਸਕੂਲਾਂ ਵਾਂਗ ਐਫਲੀਏਟਡ ਸਕੂਲਾਂ ਨੂੰ ਵੀ ਵਿਸ਼ੇਸ਼ ਹਲਾਤਾਂ ਵਿਚ ਰੈਗੂਲਰ ਪ੍ਰਿੰਸੀਪਲ ਦੀ ਜਗ੍ਹਾ ਪ੍ਰਿੰਸੀਪਲ ਨਿਯੁਕਤ ਕਰਨ ਦੀ ਆਗਿਆ ਦਿੱਤੀ ਜਾਵੇ। ਇਸ ਸਬੰਧੀ ਸੰਪਰਕ ਕਰਨ 'ਤੇ ਸਿੱਖਿਆ ਬੋਰਡ ਦੇ ਚੇਅਰਮੈਨ ਪ੍ਰੋ ਯੋਗਰਾਜ ਨੇ ਦੱਸਿਆ ਕਿ ਰਾਸਾ ਵੱਲੋਂ ਸਕੂਲਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਜੋ ਸੁਝਾਓ ਦਿੱਤੇ ਗਏ ਉਨਾਂ ਤੇ ਹਮਦਰਦੀ ਨਾਲ ਵਿਚਾਰ ਕੀਤਾ ਗਿਆ। ਇਨਾਂ ਵਿੱਚ ਕੁਝ ਮੰਗਾਂ ਅਜਿਹੀਆਂ ਸਨ ਜਿਨ੍ਹਾਂ 'ਤੇ ਕੋਈ ਨੀਤੀ ਗਤ ਫੈਸਲਾ ਲੈਣ ਦੀ ਲੋੜ ਨਹੀਂ ਸੀ ਇਸ ਲਈ ਉਨ੍ਹਾਂ ਨੂੰ ਮੌਕੇ 'ਤੇ ਹੀ ਪ੍ਰਵਾਨ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੁਝ ਮੰਗਾਂ ਅਜਿਹੀਆਂ ਹਨ ਜਿਨ੍ਹਾਂ 'ਤੇ ਨੀਤੀਗਤ ਫੈਸਲੇ ਲੈਣ ਦੀ ਜਰੂਰਤ ਹੈ। ਉਨਾਂ ਦਫਤਰ ਦੇ ਅਧਿਕਾਰੀਆਂ ਨੇ ਆਦੇਸ਼ ਜਾਰੀ ਕੀਤੇ ਗਏ ਹਨ ਕਿ ਉਹ ਤੁਰੰਤ ਸਕੂਲਾਂ ਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਵਿਸ਼ਥਾਰ ਸਹਿਤ ਵਿਚਾਰ ਕਰਕੇ ਪੇਸ਼ ਕੀਤੇ ਜਾਣ ।

ਮੀਟਿੰਗ ਵਿੱਚ ਚੇਅਰਮੈਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ,ਪ੍ਰਧਾਨ ਜਗਤਪਾਲ ਮਹਾਜਨ , ਸਕੱਤਰ ਸਿੰਘ ਸੰਧੂ, ਸੁਜੀਤ ਸਰਮਾ ਬੱਬਲੂ , ਚਰਨਜੀਤ ਸਿੰਘ ਧਾਰੋਵਾਲ, ਰਣਜੀਤ ਸਿੰਘ ਸੈਣੀ, ਰਜਿੰਦਰ ਕੁਮਾਰ, ਸਮੀਰ ਭਾਟੀਆ, ਕੁਲਬੀਰ ਸਿੰਘ ਮਾਨ, ਪੁਨੀਤ ਗੁਪਤਾ , ਆਜੀਤ ਰਾਮ, ਬਲਕਾਰ ਸਿੰਘ, ਬਲਬੀਰ ਸਿੰਘ, ਅਮਨਦੀਪ ਸਿੰਘ,ਓਂਕਾਰ ਸਿੰਘ ਅਤੇ ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਅਫਸਰਾਂ ਨਾਲ ਤਾਲਮੇਲ ਦੀ ਘਾਟ ਕਾਰਨ ਭਗਵੰਤ ਮਾਨ ਨੇ ਰਾਜਪਾਲ ਦੇ ਸੰਵਿਧਾਨਕ ਅਹੁਦੇ 'ਤੇ ਬੇਲੋੜਾ ਚਿੱਕੜ ਉਛਾਲਿਆ: ਤੀਕਸ਼ਣ ਸੂਦ

ਹੁਸ਼ਿਆਰਪੁਰ,( ਬਲਵੀਰ ਸਿੰਘ ਸੈਣੀ)- ਭਾਜਪਾ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਦੇ ਦਫਤਰ ਤੋਂ ਜਾਰੀ ਪ੍ਰੈਸ ਨੋਟ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਵੇਕਲੀ ਦੱਸਦੇ ਹੋਏ ਕਿਹਾ ਕਿ ਆਈ.ਪੀ.ਐਸ ਅਧਿਕਾਰੀ ਕੁਲਦੀਪ ਸਿੰਘ ਚਾਹਲ ਐਸ ਐਸ ਪੀ ਚੰਡੀਗੜ੍ਹ ਜੋ ਕਿ ਵਿਵਾਦਾਂ ਵਿੱਚ ਘਿਰ ਗਏ ਹਨ, ਜਿਸ ਵਿੱਚ ਭਗਵੰਤ ਮਾਨ ਨੇ ਵੈੱਬ 'ਤੇ ਹੀ ਮਾਣਯੋਗ ਰਾਜਪਾਲ ਦੇ ਸੰਵਿਧਾਨਕ ਅਹੁਦੇ 'ਤੇ ਚਿੱਕੜ ਉਛਾਲਿਆ ਹੈ। ਦਰਅਸਲ ਭਗਵੰਤ ਮਾਨ ਅਤੇ ਅਫਸਰਾਂ ਵਿੱਚ ਤਾਲਮੇਲ ਦੀ ਘਾਟ ਕਾਰਨ ਸਰਕਾਰ ਨੂੰ ਹਾਸੋਹੀਣੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ। ਭਗਵੰਤ ਮਾਨ ਨੇ ਬਿਨਾਂ ਸੋਚੇ ਸਮਝੇ ਐਸ ਐਸ ਪੀ ਚਾਹਲ ਦਾ ਡੈਪੂਟੇਸ਼ਨ ਖ਼ਤਮ ਕਰਨ ਦੇ ਹੁਕਮਾਂ ਲਈ ਰਾਜਪਾਲ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਪਰ ਰਾਜਪਾਲ ਦਾ ਜਵਾਬ ਉਲਟਾ ਪਿਆ ਅਤੇ ਭਗਵੰਤ ਮਾਨ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਸੂਦ ਨੇ ਕਿਹਾ ਕਿ ਕਾਨੂੰਨ ਅਤੇ ਸਥਾਪਤ ਕਨਵੈਨਸ਼ਨਾਂ ਅਨੁਸਾਰ ਰਾਜਪਾਲ ਨੇ ਐਸ ਐਸ ਪੀ ਚਾਹਲ ਦਾ ਡੈਪੂਟੇਸ਼ਨ ਖਤਮ ਕਰਕੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਿੱਚੋਂ ਤਿੰਨ ਆਈ ਪੀ ਐਸ ਅਧਿਕਾਰੀਆਂ ਦਾ ਪੈਨਲ ਮੰਗਿਆ ਸੀ। ਪੈਨਲ ਨਾ ਦੇਣ ਕਾਰਨ ਰਾਜਪਾਲ ਨੇ ਐਸ ਐਸ ਪੀ ਚੰਡੀਗੜ੍ਹ ਦਾ ਡੈਪੂਟੇਸ਼ਨ ਰੱਦ ਕਰਕੇ ਉਨ੍ਹਾਂ ਦਾ ਚਾਰਜ ਐਸ ਐਸ ਪੀ ਟਰੈਫਿਕ ਚੰਡੀਗੜ੍ਹ ਨੂੰ ਸੌਂਪ ਦਿੱਤਾ, ਜੋ ਕਿ ਪੂਰੀ ਤਰ੍ਹਾਂ ਕਾਨੂੰਨੀ ਸੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਰਾਜਪਾਲ ਵੱਲੋਂ ਪੈਨਲ ਮੰਗਣ ਦੇ ਤੱਥ ਨੂੰ ਨਾ ਸਿਰਫ਼ ਛੁਪਾਇਆ, ਸਗੋਂ ਰਾਜਪਾਲ ਵਰਗੇ ਸੰਵਿਧਾਨਕ ਅਹੁਦੇ 'ਤੇ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਂਅ 'ਤੇ ਚਿੱਕੜ ਉਛਾਲਿਆ, ਜੋ ਕਿ ਅਤਿ ਨਿੰਦਣਯੋਗ ਹੈ

## ਸਵ. ਮੱਖਣ ਸਿੰਘ ਮੱਲ੍ਹੀ ਨਮਿਤ ਅੰਤਮ ਅਰਦਾਸ 18 ਨੂੰ



ਫਗਵਾੜਾ (ਰਮਨ)- ਸੀਨੀਅਰ ਆਪ ਆਗੂ ਕਸ਼ਮੀਰ ਸਿੰਘ ਮੱਲ੍ਹੀ ਐਡਵੋਕੇਟ ਦੇ ਵੱਡੇ ਭਰਾ ਅਤੇ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਭਾਈ ਪਲਦੀਪ ਸਿੰਘ ਅਠੌਲੀ ਦੇ ਫੁੱਫੜ ਸਵ. ਮੱਖਣ ਸਿੰਘ ਮੱਲ੍ਹੀ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦਾ ਭੋਗ ਅਤੇ ਅੰਤਮ ਅਰਦਾਸ 18 ਦਸੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਬਿਧੀ ਚੰਦ ਛੀਨਾ ਸ਼ਾਲੀਮਾਰ ਗਾਰਡਨ ਅਰਬਨ ਅਸਟੇਟ ਫਗਵਾੜਾ ਵਿਖੇ ਦੁਪਿਹਰ 12 ਤੋਂ 1 ਵਜੇ ਤੱਕ ਹੋਵੇਗੀ। ਇਹ ਜਾਣਕਾਰੀ ਸ. ਗੁਰਬਖਸ਼ ਸਿੰਘ ਅਠੌਲੀ ਨੇ ਦਿੱਤੀ।

# ਨਗਰ ਕੌਂਸਲ ਟੀਮਾਂ ਨੇ ਦੁਕਾਨਾਂ ਅੱਗੇ ਰੱਖਿਆ ਸਮਾਨ ਚੁਕਵਾਇਆ

**ਆਵਾਜਾਈ 'ਚ ਵਿਘਨ ਪਾਉਣ ਵਾਲੇ ਦੁਕਾਨਦਾਰਾਂ ਵਿਰੁੱਧ ਕੀਤੀ ਜਾਵੇਗੀ ਕਾਰਵਾਈ : ਡੀ ਐੱਸ ਪੀ**



ਦੁਕਾਨਦਾਰਾਂ ਨੂੰ ਬਾਹਰ ਰੱਖਿਆ ਸਾਮਾਨ ਚੁੱਕਣ ਲਈ ਕਹਿੰਦੀ ਟੀਮ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

26 ਦਸੰਬਰ ਤੋਂ ਸ਼ੁਰੂ ਹੋਣ ਜਾ ਰਹੀ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਦੇ ਮੱਦੇਨਜ਼ਰ ਨਗਰ ਕੌਂਸਲ ਦੀਆਂ ਟੀਮਾਂ ਵੱਲੋਂ ਸਰਹਿੰਦ-ਫ਼ਤਹਿਗੜ੍ਹ ਸਾਹਿਬ ਇਲਾਕੇ 'ਚ ਦੁਕਾਨਾਂ ਅੱਗੇ ਸਾਮਾਨ ਰੱਖ ਕੇ ਆਵਾਜਾਈ 'ਚ ਵਿਘਨ ਪਾਉਣ ਵਾਲੇ ਦੁਕਾਨਦਾਰਾਂ ਨੂੰ ਨਜਾਇਜ਼ ਕਬਜ਼ੇ ਹਟਾਉਣ ਦੀ ਅਪੀਲ ਕੀਤੀ ਗਈ। ਨਜਾਇਜ਼ ਕਬਜ਼ੇ ਹਟਵਾਉਣ ਪਹੁੰਚੀਆਂ ਨਗਰ ਕੌਂਸਲ ਦੀ ਟੀਮਾਂ ਦੀ ਅਗਵਾਈ ਕਰ ਰਹੇ ਡੀ.ਐੱਸ.ਪੀ. ਸਬ ਡਵੀਜ਼ਨ ਫ਼ਤਹਿਗੜ੍ਹ ਸਾਹਿਬ ਸਖਬੀਰ ਸਿੰਘ ਨੇ ਰੇਹੜੀਆਂ, ਫੜੀਆਂ ਵਾਲਿਆਂ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਸੜਕਾਂ ਦੇ ਆਲੇ ਦੁਆਲੇ ਸਾਮਾਨ ਰੱਖ ਕੇ ਸੰਗਤਾਂ ਦੀ ਆਵਾਜਾਈ 'ਚ ਵਿਘਨ ਨਾ ਪਾਇਆ ਜਾਵੇ ਤੇ ਸ਼ਹੀਦੀ ਸਭਾ ਦੇ ਮੱਦੇਨਜ਼ਰ ਆਪਣੇ ਆਲੇ ਦੁਆਲੇ ਸਾਫ-ਸਫਾਈ ਦਾ ਤੇ ਗੈਰ-ਸਮਾਜਿਕ ਅਨਸਰਾਂ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀ.ਐੱਸ.ਪੀ. ਸੁਖਬੀਰ ਸਿੰਘ ਨੇ ਦੱਸਿਆ ਕਿ ਸਮੂਹ ਰੇਹੜੀ-ਫੜ੍ਹੀ ਵਾਲਿਆਂ ਤੇ ਦੁਕਾਨਦਾਰਾਂ ਨੂੰ ਸੜਕ ਕਿਨਾਰੇ ਰੱਖਿਆ ਸਾਮਾਨ ਚੁੱਕਣ ਲਈ ਕਹਿ ਦਿੱਤਾ ਗਿਆ ਹੈ ਤੇ ਇਸ ਦੇ ਬਾਵਜੂਦ ਜੇਕਰ ਕਿਸੇ ਵੱਲੋਂ ਨਿਯਮਾਂ ਦੀ ਉਲੰਘਣਾ ਕਰਕੇ ਆਵਾਜਾਈ 'ਚ ਵਿਘਨ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਮੌਕੇ ਉਨ੍ਹਾ ਨਾਲ ਤਹਿਸੀਲਦਾਰ ਫ਼ਤਹਿਗੜ੍ਹ ਸਾਹਿਬ ਬਾਦਲਦੀਨ, ਐੱਸ.ਐੱਚ.ਓ. ਥਾਣਾ ਫ਼ਤਹਿਗੜ੍ਹ ਸਾਹਿਬ ਅਜੀਤਪਾਲ ਸਿੰਘ ਤੇ ਸਰਹਿੰਦ ਮੰਡੀ ਚੌਕੀ ਇੰਚਾਰਜ ਮਨਦੀਪ ਸਿੰਘ ਮੌਜੂਦ ਸਨ।

# ਲਾਲ ਲਕੀਰ ਅੰਦਰ ਆਉਂਦੇ ਘਰਾਂ ਦੇ ਮਾਲਕਾਨਾ ਹੱਕ ਦੇਣ ਲਈ ਰਜਿਸਟ੍ਰੇਸ਼ਨ ਦਾ ਕੰਮ ਸ਼ੁਰੂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 'ਮੇਰਾ ਘਰ ਮੇਰਾ ਨਾਮ' ਸਕੀਮ ਤਹਿਤ ਲਾਲ ਲਕੀਰ ਦੇ ਅੰਦਰ ਆਉਂਦੇ ਮਕਾਨਾਂ ਦੇ ਮਾਲਕਾਂ ਨੂੰ ਮਾਲਕਾਨਾ ਹੱਕ ਦੇਣ ਲਈ ਬੀਤੇ ਕਈ ਦਿਨਾਂ ਤੋਂ ਲਹਿਰਾ ਮੁਹੱਬਤ ਵਿਖੇ ਘਰ ਘਰ ਜਾ ਕੇ ਪਰਿਵਾਰ ਮੁਖੀਆਂ ਦੇ ਨਾਵਾਂ ਸਮੇਤ ਆਧਾਰ ਕਾਰਡ ਆਦਿ ਦੇ ਵੇਰਵੇ ਰਜਿਸਟਰ ਕੀਤੇ ਜਾ ਰਹੇ ਹਨ। ਪੱਤੀ ਤਾਰਾ ਵਿਖੇ ਵਾਰਡ 10 ਦੇ ਲਾਲ ਲਕੀਰ ਅੰਦਰਲੇ ਘਰਾਂ ਸਬੰਧੀ ਵੇਰਵਾ ਰਜਿਸਟਰ ਕਰ ਰਹੇ ਹਲਕਾ ਪਟਵਾਰੀ ਰਸ਼ਪਾਲ ਸਿੰਘ ਤੇ ਨੰਬਰਦਾਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਮਕਾਨ ਮਾਲਕਾਂ ਨੂੰ ਮਾਲਕਾਨਾ ਹੱਕ ਮਿਲਣ ਨਾਲ ਬਹੁਤ ਲਾਭ ਹੋਵੇਗਾ। ਖਾਸ ਗੱਲ ਹੈ ਕਿ ਲੋਕਾਂ ਨੂੰ ਇਸ ਸਕੀਮ ਦਾ ਲਾਭ ਉਨ੍ਹਾਂ ਦੇ ਬੂਹੇ 'ਤੇ ਜਾ ਕੇ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਲੋਕਾਂ ਦੀ ਚਿਰਕੋਣੀ ਮੰਗ ਨੂੰ ਪੂਰਾ ਕੀਤਾ ਗਿਆ ਹੈ, ਜਿਸ ਦਾ ਲੋਕਾਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ। ਇਸ ਮੌਕੇ ਸਾਬਕਾ ਸਰਪੰਚ ਜਸਪਾਲ ਸਿੰਘ, ਇਕਬਾਲ ਸਿੰਘ ਨੰਬਰਦਾਰ, ਜਗਰਾਜ ਸਿੰਘ, ਹਰਬੰਸ ਸਿੰਘ, ਲਾਡੀ ਸਿੰਘ, ਜਗਜੀਤ ਸਿੰਘ, ਗਗਨਦੀਪ ਸਿੰਘ, ਹਰਦੀਪ ਸਿੰਘ, ਜਸਵੀਰ ਸਿੰਘ, ਬਲਵੀਰ ਸਿੰਘ ਤੇ ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਵਾਤਾਵਰਣ ਦੀ ਸ਼ੁੱਧਤਾ ਤੇ ਸੁੰਦਰਤਾ ਲਈ ਮਗਨਰੇਗਾ ਅਧੀਨ ਚੰਗੇ ਕਾਰਜ ਕੀਤੇ ਜਾ ਰਹੇ : ਡੀ ਸੀ



**ਮਾਨਸਾ (ਰੀਤਵਾਲ)**-ਜ਼ਿਲ੍ਹੇ ਦੇ ਪਿੰਡ ਧਲੇਵਾਂ ਵਿਖੇ ਮਗਨਰੇਗਾ ਸਕੀਮ ਅਧੀਨ ਲਗਭਗ 2 ਏਕੜ ਖਾਲੀ ਪਈ ਪੰਚਾਇਤੀ ਜ਼ਮੀਨ ਵਿੱਚ ਇੱਕ ਮਿੰਨੀ ਜੰਗਲ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਤਕਰੀਬਨ 47 ਕਿਸਮਾਂ ਦੇ 6500 ਪੌਦੇ ਲਗਾਏ ਗਏ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਬਲਦੀਪ ਕੌਰ ਨੇ ਦਿੰਦਿਆਂ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਤੇ ਸੁੰਦਰਤਾ ਲਈ ਮਗਨਰੇਗਾ ਅਧੀਨ ਅਜਿਹੇ ਕਾਰਜ ਕੀਤੇ ਜਾ ਰਹੇ ਹਨ। ਇਹ ਜੰਗਲ ਬਨਣ ਨਾਲ ਜਿੱਥੇ ਮਗਨਰੇਗਾ ਸਕੀਮ ਅਧੀਨ ਲੇਬਰ ਨੂੰ ਕੰਮ ਮਿਲਿਆ ਹੈ, ਉੱਥੇ ਹੀ ਇਹ ਪੌਦੇ ਵਾਤਾਵਰਣ ਨੂੰ ਸ਼ੁੱਧ ਕਰਨ ਵਿੱਚ ਵੀ ਸਹਾਈ ਹੋਣਗੇ। ਉਨ੍ਹਾਂ ਕਿਹਾ ਕਿ ਇਹ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਅਹਿਮ ਉਪਰਾਲਾ ਹੈ। ਉਨ੍ਹਾਂ ਦੱਸਿਆ ਕਿ ਇਸ ਮਿੰਨੀ ਜੰਗਲ ਵਿੱਚ ਸੈਰ ਕਰਨ ਲਈ ਪਾਥ ਵੀ ਬਣਾਇਆ ਗਿਆ ਹੈ। ਮਿੰਨੀ ਜੰਗਲ ਵਿੱਚ ਲਗਾਏ ਗਏ ਪੌਦੇ ਜੰਗਲਾਤ ਵਿਭਾਗ ਤੇ ਰਾਊਂਡਗਲਾਸ ਫਾਊਂਡੇਸ਼ਨ ਵੱਲੋਂ ਮੁਹੱਈਆ ਕਰਵਾਏ ਗਏ ਹਨ। ਇਸ ਕੰਮ 'ਤੇ ਕੁੱਲ 3.09 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਤੇ 1089 ਦਿਹਾੜੀਆਂ ਮਗਨਰੇਗਾ ਸਕੀਮ ਅਧੀਨ ਪੈਦਾ ਕੀਤੀਆਂ ਜਾ ਚੁੱਕੀਆਂ ਹਨ। ਇਸ ਕਾਰਜ ਵਿੱਚ ਪਿੰਡ ਦੇ ਲੋਕਾਂ, ਐੱਨ.ਐੱਸ.ਐੱਸ. ਵਲੰਟੀਅਰਾਂ ਤੇ ਯੂਥ ਕਲੱਬਾਂ ਦੀ ਵੀ ਸ਼ਮੂਲੀਅਤ ਕਰਵਾਈ ਗਈ ਹੈ ਤਾਂ ਜੋ ਕੁਦਰਤ ਦੀ ਸੁੰਦਰਤਾ ਤੇ ਮਹੱਤਤਾ ਪ੍ਰਤੀ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਪਿੰਡ ਦੇ ਲੋਕਾਂ, ਯੂਥ ਕਲੱਬਾਂ ਨੂੰ ਪੌਦੇ ਲਗਾਉਣ ਤੇ ਪੌਦਿਆਂ ਦੀ ਸਾਂਭ ਸੰਭਾਲ ਲਈ ਜਾਗਰੂਕ ਕੀਤਾ ਗਿਆ ਅਤੇ ਇਨ੍ਹਾਂ ਦੇ ਰੱਖ ਰਖਾਵ ਲਈ ਵੀ ਅਪੀਲ ਕੀਤੀ ਗਈ ਹੈ। ਇਸ ਤੋਂ ਇਲਾਵਾ ਪਾਣੀ ਦੀ ਸਾਂਭ ਸੰਭਾਲ ਲਈ ਪਿੰਡ ਵਿੱਚ ਛੱਪੜ ਦਾ ਕੰਮ ਵੀ ਗ੍ਰਾਮ ਪੰਚਾਇਤ ਵੱਲੋਂ ਕਰਵਾਇਆ ਜਾ ਰਿਹਾ ਹੈ ਤਾਂ ਜੋ ਪਾਣੀ ਨੂੰ ਸਿੰਚਾਈ ਲਈ ਵਰਤਿਆ ਜਾ ਸਕੇ।

## ਕਾਤਰਾਂ

### ਜ਼ਿਲ੍ਹਾ ਉਦਯੋਗ ਕੇਂਦਰ ਬਰਨਾਲਾ 'ਚ ਸਥਾਪਤ

**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**-ਜ਼ਿਲ੍ਹਾ ਉਦਯੋਗ ਕੇਂਦਰ, ਜਿਸ ਦਾ ਦਫਤਰ ਪਹਿਲਾਂ ਮਾਲੇਰਕੋਟਲਾ ਵਿਖੇ ਸੀ, ਹੁਣ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਰੈੱਡ ਕ੍ਰਾਸ ਭਵਨ ਵਿਖੇ ਸਥਾਪਤ ਹੋ ਗਿਆ ਹੈ, ਜਿਸ ਨਾਲ ਸਨਅਤਕਾਰਾਂ ਤੇ ਉਦਮੀਆਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈਣ ਤੇ ਆਪਣੇ ਮਸਲਿਆਂ/ਮੰਗਾਂ ਲਈ ਰਾਬਤਾ ਕਰਨ 'ਚ ਸੌਖ ਹੋ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਪਹਿਲਾਂ ਬਰਨਾਲਾ ਦੇ ਉਦਮੀਆਂ ਨੂੰ ਡੀਆਈਸੀ ਮਾਲੇਰਕੋਟਲਾ ਜਾਣਾ ਪੈਂਦਾ ਸੀ, ਹੁਣ ਜ਼ਿਲ੍ਹਾ ਬਰਨਾਲਾ ਨੂੰ ਸਥਾਨਕ ਦਫਤਰ ਤੇ ਸਟਾਫ ਮਿਲਣ ਨਾਲ ਉਦਯੋਗਿਕ ਗਤੀਵਿਧੀਆਂ ਨੂੰ ਹੁਲਾਰਾ ਮਿਲੇਗਾ ਤੇ ਲੋਕਾਂ ਦੇ ਸਮੇਂ ਦੀ ਬੱਚਤ ਹੋਵੇਗੀ। ਜੀ ਐੱਮ (ਜ਼ਿਲ੍ਹਾ ਉਦਯੋਗ ਕੇਂਦਰ) ਬਰਨਾਲਾ ਸ੍ਰੀ ਪ੍ਰੀਤ ਮਹਿੰਦਰ ਸਿੰਘ ਬਰਾੜ ਨੇ ਆਖਿਆ ਕਿ ਉਦਮੀਆਂ ਨੂੰ ਜ਼ਰੂਰਤ ਪੈਣ 'ਤੇ ਉਹ ਰੈੱਡ ਕ੍ਰਾਸ ਭਵਨ ਵਿਖੇ ਸੰਪਰਕ ਕਰ ਸਕਦੇ ਹਨ।

### ਬਜ਼ੁਰਗ ਔਰਤ ਦੀਆਂ ਵਾਲੀਆਂ ਖੋਹਣ ਵਾਲਾ ਲੁਟੇਰਾ ਕਾਬੂ

**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀ ਸੁਰੇਂਦਰ ਲਾਂਬਾ ਐੱਸ.ਐੱਸ.ਪੀ. ਸੰਗਰੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਲੁੱਟਾਂ ਖੋਹਾਂ ਕਰਨ ਵਾਲੇ ਤੇ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਸੁਨਾਮ ਵਿਖੇ ਬਜ਼ੁਰਗ ਔਰਤ ਦੀਆਂ ਵਾਲੀਆਂ ਖੋਹਣ ਵਾਲਾ ਤੇ ਖੋਹ ਕੀਤੀ ਵਾਲੀ ਖਰੀਦ ਕਰਨ ਵਾਲਾ ਕਾਬੂ ਤੇ ਖੋਹ ਕੀਤੀ ਵਾਲੀ ਤੇ ਚੋਰੀ ਦਾ ਮੋਟਰਸਾਈਕਲ ਬਰਾਮਦ। ਸ੍ਰੀ ਸੁਰੇਂਦਰ ਲਾਂਬਾ ਨੇ ਦੱਸਿਆ ਕਿ ਉਕਤ ਮਾਮਲੇ 'ਚ ਇੰਸਪੈਕਟਰ ਸੁਖਦੇਵ ਸਿੰਘ ਮੁੱਖ ਅਵਸਰ ਥਾਣਾ ਸਿਟੀ ਸੁਨਾਮ ਸਮੇਤ ਟੀਮ ਵੱਲੋਂ ਟੈਕਨੀਕਲ ਢੰਗ ਨਾਲ ਸਮੇਂ ਸਿਰ ਕਾਰਵਾਈ ਕਰਦੇ ਹੋਏ ਤਫਤੀਸ਼ ਦੌਰਾਨ ਜਗਸੀਰ ਸਿੰਘ ਉਰਫ ਜੱਗੀ ਪੁੱਤਰ ਬਲਜੀਤ ਸਿੰਘ ਵਾਸੀ ਭੋਗੀ ਪੱਤੀ ਵਾਰਡ ਨੰਬਰ 08 ਦਿੜ੍ਹਬਾ ਨੂੰ ਮੁਕੱਦਮਾ ਉਕਤ ਵਿੱਚ ਦੋਸ਼ੀ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ, ਜਿਸ ਪਾਸੋਂ ਵਾਰਦਾਤ 'ਚ ਵਰਤਿਆ ਗਿਆ ਮੋਟਰਸਾਈਕਲ ਮਾਰਕਾ ਸੀ.ਟੀ-100, ਰੰਗ ਲਾਲ ਬਿਨਾਂ ਨੰਬਰੀ ਬਰਾਮਦ ਕੀਤਾ ਗਿਆ। ਦੋਸ਼ੀਆਨ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

### 'ਲੋਹੜੀ ਧੀਆਂ ਦੀ' ਮੇਲਾ 7 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਸੱਭਿਆਚਾਰ ਚੇਤਨਾ ਮੰਚ ਮਾਨਸਾ ਦੇ ਪ੍ਰਧਾਨ ਹਰਿੰਦਰ ਸਿੰਘ ਮਾਨਸ਼ਾਹੀਆ ਵੱਲੋਂ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਮੰਚ ਦੇ ਅਹੁਦੇਦਾਰਾਂ ਦੀ ਭਰਵੀਂ ਮੀਟਿੰਗ ਉਸ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੰਚ ਵੱਲੋਂ ਸ਼ੁਰੂ ਕੀਤੀ ਗਈ ਲੜੀ ਮੁਤਾਬਿਕ ਹਰ ਸਾਲ ਦੀ ਤਰ੍ਹਾਂ 'ਲੋਹੜੀ ਧੀਆਂ ਦੀ' ਬੈਨਰ ਹੇਠ ਮਨਾਇਆ ਜਾਂਦਾ ਲੋਹੜੀ ਮੇਲਾ ਇਸ ਵਾਰ 7 ਜਨਵਰੀ 2023 ਨੂੰ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਵਿੱਚ ਮਾਨਸਾ ਜ਼ਿਲ੍ਹੇ ਨਾਲ ਸਬੰਧਤ 21 ਲੜਕੀਆਂ/ਔਰਤਾਂ ਨੂੰ ਵੱਖ ਵੱਖ ਖੇਤਰਾਂ 'ਚ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਵਿਸ਼ੇਸ਼ ਪ੍ਰਾਪਤੀਆਂ ਨੂੰ ਮੱਦੇਨਜ਼ਰ ਰੱਖ ਕੇ ਸਨਮਾਨਤ ਕਰਨ ਤੇ ਹਾਜ਼ਰੀਨ ਦਰਸ਼ਕਾਂ ਦਾ ਪੰਜਾਬ ਦੇ ਨਾਮਵਰ ਗਾਇਕਾਂ ਦੀ ਸੱਭਿਆਚਾਰਕ ਤੇ ਉਸਾਰੂ ਗਾਇਕੀ ਨਾਲ ਮਨੋਰੰਜਨ ਕਰਨ ਦਾ ਵੀ ਫੈਸਲਾ ਕੀਤਾ ਗਿਆ। ਮੀਟਿੰਗ 'ਚ ਉਪਰੋਕਤ ਤੋਂ ਇਲਾਵਾ ਸਰਬਜੀਤ ਕੌਸ਼ਲ, ਕ੍ਰਿਸ਼ਨ ਕੁਮਾਰ, ਬਲਜਿੰਦਰ ਸੰਗੀਲਾ, ਬਲਰਾਜ ਮਾਨ ਤੇ ਡਾ. ਕੇਵਲ ਸਿੰਘ ਹਾਜ਼ਰ ਸਨ।

### ਡੀ ਬੀ ਈ ਈ ਸੰਗਰੂਰ ਵਿਖੇ ਪਲੇਸਮੈਂਟ ਕੈਂਪ


**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਵਿਖੇ ਆਈ.ਸੀ.ਆਈ.ਸੀ.ਆਈ. ਬੈਂਕ ਦੇ ਸਹਿਯੋਗ ਨਾਲ ਰਿਲੇਸ਼ਨਸ਼ਿਪ ਮੈਨੇਜਰ ਦੀ ਆਸਾਮੀ ਲਈ ਪਲੇਸਮੈਂਟ ਕੈਂਪ ਲਾਇਆ ਗਿਆ। ਇਹ ਪਲੇਸਮੈਂਟ ਕੈਂਪ ਲੜਕੇ/ਲੜਕੀਆਂ ਦੋਵਾਂ ਲਈ ਹੀ ਸੀ। ਇਸ ਇੰਟਰਵਿਊ ਵਿੱਚ ਗ੍ਰੈਜੂਏਸ਼ਨ ਪਾਸ ਵਿੱਦਿਅਕ ਯੋਗਤਾ ਵਾਲੇ ਪ੍ਰਾਰਥੀਆਂ ਨੇ ਭਾਗ ਲਿਆ। ਇਸ ਕੈਂਪ ਵਿੱਚ ਕੁੱਲ 56 ਦੇ ਕਰੀਬ ਪ੍ਰਾਰਥੀਆਂ ਨੇ ਭਾਗ ਲਿਆ ਤੇ ਮੌਕੇ 'ਤੇ ਹੀ 45 ਪ੍ਰਾਰਥੀਆਂ ਦੀ ਸਿਲੈਕਸ਼ਨ ਕੀਤੀ ਗਈ। ਆਈ.ਸੀ.ਆਈ.ਸੀ.ਆਈ. ਬੈਂਕ ਦੇ ਨੁਮਾਇੰਦਿਆਂ ਵੱਲੋਂ ਇੰਟਰਵਿਊ ਲਈ ਹਾਜ਼ਰ ਪ੍ਰਾਰਥੀਆਂ ਨਾਲ ਗੱਲਬਾਤ ਵੀ ਕੀਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸੰਗਰੂਰ ਵੱਲੋਂ ਵੀ ਪ੍ਰਾਰਥੀਆਂ ਨੂੰ ਡੀ.ਬੀ.ਈ.ਈ. ਸੰਗਰੂਰ ਵਿਖੇ ਉਪਲੱਬਧ ਸਹੂਲਤਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਪ੍ਰਾਰਥੀਆਂ ਨੂੰ ਦੱਸਿਆ ਕਿ ਡੀ.ਬੀ.ਈ.ਈ. ਸੰਗਰੂਰ ਵਿਖੇ ਕੇਵਲ ਪ੍ਰਾਈਵੇਟ ਨੌਕਰੀ ਲਈ ਹੀ ਪਲੇਸਮੈਂਟ ਕੈਂਪ ਲਗਾਏ ਜਾਂਦੇ ਹਨ। ਉਨ੍ਹਾ ਪ੍ਰਾਰਥੀਆਂ ਨੂੰ ਹਰ ਹਫਤੇ ਲੱਗਣ ਵਾਲੇ ਇਨ੍ਹਾਂ ਪਲੇਸਮੈਂਟ ਕੈਂਪਾਂ ਵਿੱਚ ਵੀ ਭਾਗ ਲੈਂਦੇ ਰਹਿਣ ਲਈ ਪ੍ਰੇਰਿਤ ਕੀਤਾ।

# 23 ਨੂੰ ਮਨਾਇਆ ਜਾਵੇਗਾ ਬਾਬਾ ਜੀਵਨ ਸਿੰਘ ਦਾ ਸ਼ਹੀਦੀ ਦਿਹਾੜਾ

**ਮਮਦੋਟ (ਜਸਬੀਰ ਸਿੰਘ ਕੰਬੋਜ)** ਚਾਂਦਨੀ ਚੌਕ ਦਿੱਲੀ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਉਨ੍ਹਾ ਦੇ ਸੀਸ ਨੂੰ ਦਿੱਲੀ ਤੋਂ ਪੈਦਲ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਵਾਲੇ ਬਹਾਦਰ ਸੂਰਮੇ ਬਾਬਾ ਜੀਵਨ ਸਿੰਘ ਜਿਨ੍ਹਾਂ ਨੂੰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰੰਗਰੇਟੇ ਗੁਰੂ ਕੇ ਬੇਟੇ ਦੇ ਖਿਤਾਬ ਨਾਲ ਨਿਵਾਜਿਆ ਗਿਆ, ਦਾ ਸ਼ਹੀਦੀ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਨਾਨਕ ਨਿਵਾਸ ਮਮਦੋਟ ਵਿਖੇ 23 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਥੇਦਾਰ ਚੰਨਣ ਸਿੰਘ ਨੇ ਦੱਸਿਆ ਕਿ 23 ਦਸੰਬਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਕਥਾਵਾਚਕ ਤੇ ਰਾਗੀ ਢਾਡੀ ਜਥੇ ਬਾਬਾ ਜੀਵਨ ਸਿੰਘ ਰੰਗਰੇਟਾ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਉਣਗੇ ਤੇ ਇਸ ਸਮੇਂ ਗੁਰੂ ਕਾ ਅਟੁੱਟ ਲੰਗਰ ਵਰਤੇਗਾ। ਇਸ ਮੌਕੇ ਉਨ੍ਹਾ ਨਾਲ ਸੁਖਵਿੰਦਰ ਸਿੰਘ ਮਿਸਤਰੀ ਮਮਦੋਟ ਅਤੇ ਜਥੇਦਾਰ ਕਿੱਕਰ ਸਿੰਘ ਮੱਤੜ ਹਿਠਾੜ ਵੀ ਸਨ।

# ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿਖੇ 'ਨੇਚਰ ਕਲੱਬ' ਦੀ ਸਥਾਪਨਾ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਦੇ ਐਗਰੀਕਲਚਰਲ ਇੰਜਨੀਅਰਿੰਗ ਵਿਭਾਗ ਵੱਲੋਂ ਮਨੁੱਖਤਾ ਵਿੱਚ ਕੁਦਰਤ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਵੱਡੇ ਉਦੇਸ਼ ਨਾਲ ਇੱਕ 'ਨੇਚਰ ਕਲੱਬ' ਦੀ ਸਥਾਪਨਾ ਕੀਤੀ ਗਈ। ਕਲੱਬ ਦੀ ਸਥਾਪਨਾ ਪ੍ਰੋ. ਪੰਕਜ ਕੇ. ਠਾਕੁਰ ਸਹਾਇਕ ਪ੍ਰੋਫੈਸਰ, ਐਗਰੀ. ਇੰਜੀਨੀਅਰ ਤੇ ਉਹਨਾਂ ਦੇ ਵਿਦਿਆਰਥੀ ਕਰਨ ਕੁਮਾਰ (ਬੈਚ 2019), ਜਸਨਦੀਪ ਕੌਰ (ਬੈਚ 2019) ਤੇ ਅਦਿਤੀ ਕਹਾਰ (ਬੈਚ 2020) ਦੁਆਰਾ ਡਾ. ਲਖਵੀਰ ਸਿੰਘ ਪ੍ਰਿੰਸੀਪਲ, ਬੀ ਬੀ ਐੱਸ ਬੀ ਈ ਸੀ ਅਤੇ ਡਾ. ਲਖਵਿੰਦਰ ਸਿੰਘ, ਡੀਨ ਅਕਾਦਮਿਕ ਤੇ ਮੁਖੀ, ਐਗਰੀਕਲਚਰਲ ਇੰਜਨੀਅਰਿੰਗ ਵਿਭਾਗ ਦੀ ਯੋਗ ਰਹਿਨੁਮਾਈ ਦੇ ਹੇਠ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਵਿਭਾਗ ਵੱਲੋਂ ਮਨੁੱਖਤਾ ਦੇ ਭਲੇ ਲਈ ਅਰੰਭੇ ਕਾਜ ਲਈ ਵਧਾਈ ਦਿੱਤੀ ਅਤੇ ਸਾਰੇ ਸਟਾਫ ਨੂੰ ਇਸ ਵਿਚ ਪੂਰਨ ਸਹਿਯੋਗ ਕਰਨ ਲਈ ਉਤਸ਼ਾਹਤ ਕੀਤਾ। ਪ੍ਰੋ. ਪੰਕਜ ਕੇ. ਠਾਕੁਰ ਨੇ ਦੱਸਿਆ ਕਿ ਐੱਫ.ਜੀ.ਐੱਸ.2022 ਦੇ ਗਲੋਬਲ ਹੰਗਰ ਇੰਡੈਕਸ ਅਨੁਸਾਰ ਭਾਰਤ 121 ਦੇਸ਼ਾਂ ਵਿੱਚੋਂ 107ਵੇਂ ਸਥਾਨ 'ਤੇ ਹੈ। ਇਸ ਅਨੁਸਾਰ 29.1 ਦੇ ਸਕੋਰ ਨਾਲ, ਭਾਰਤ ਵਿੱਚ ਭੁੱਖਮਰੀ ਦਾ ਪੱਧਰ ਗੰਭੀਰ ਹੈ।

ਹਿੰਦ ਰਾਈਜ 'ਤੇ ਪ੍ਰਕਾਸ਼ਤ ਇਕ ਲੇਖ ਦੇ ਅਨੁਸਾਰ, ਭਾਰਤ ਵਿੱਚ ਲਗਭਗ 20 ਕਰੋੜ ਲੋਕ ਅਜੇ ਵੀ ਦੋ ਵਕਤ ਦਾ ਭੋਜਨ ਕਰਨ ਤੋਂ ਅਸਮਰੱਥ ਹਨ। ਦੂਜੇ ਪਾਸੇ, ਭਾਰਤ ਹਰ ਸਾਲ 2 ਲੱਖ ਕਰੋੜ ਰੁਪਏ ਦਾ ਭੋਜਨ ਬਰਬਾਦ ਕਰਦਾ ਹੈ। ਪਾਣੀ ਦੀ ਗੱਲ ਕਰੀਏ ਤਾਂ ਭਾਰਤ ਕੋਲ ਦੁਨੀਆ ਦੇ ਕੁੱਲ ਉਪਲਬਧ ਪਾਣੀ ਦਾ ਸਿਰਫ 4% ਹਿੱਸਾ ਹੈ, ਜਦੋਂ ਕਿ ਇਸ ਨੂੰ ਸੀਮਤ ਜਲ ਸਰੋਤਾਂ ਨਾਲ ਵਿਸ਼ਵ ਦੀ ਲਗਭਗ 17% ਆਬਾਦੀ ਦੀ ਜ਼ਰੂਰਤ ਪੂਰੀ ਕਰਨੀ ਪੈਂਦੀ ਹੈ। ਇਸ ਲਈ ਭੋਜਨ ਤੇ ਪਾਣੀ ਦੀ ਸੁਰੱਖਿਆ ਬਾਰੇ ਜਾਗਰੂਕਤਾ ਫੈਲਾਉਣ ਲਈ 'ਨੇਚਰ ਕਲੱਬ' ਦੇ ਉਦਘਾਟਨੀ ਦਿਨ ਸਲੋਗਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਸਲੋਗਨ ਸਟਿੱਕਰ ਸਾਰੇ ਹੋਸਟਲ ਕੈਫੇਟੇਰੀਆ, ਮੈਸ ਤੇ ਕੰਟੀਨ ਵਿੱਚ ਪ੍ਰਿੰਸੀਪਲ ਡਾ. ਲਖਵੀਰ ਸਿੰਘ, ਡਾ. ਲਖਵਿੰਦਰ ਸਿੰਘ, ਡਾ. ਆਰ. ਐੱਸ. ਉੱਪਲ, ਡਾ: ਜੇ. ਐੱਸ. ਓਬਰਾਏ, ਡਾ. ਏ.ਪੀ.ਐਸ. ਸੇਠੀ, ਡਾ. ਮਨਪ੍ਰੀਤ ਕੌਰ, ਪ੍ਰੋ. ਪੰਕਜ ਕੇ. ਠਾਕੁਰ, ਮੁੱਖ ਫੈਕਲਟੀ ਕੋਆਰਡੀਨੇਟਰ ਨੇਚਰ ਕਲੱਬ, ਪ੍ਰੋ. ਪ੍ਰਭਜੋਤ ਕੌਰ ਸਹਾਇਕ ਪ੍ਰੋ. ਐਗਰੀ. ਇੰਜੀਨੀਅਰ ਤੇ ਫੈਕਲਟੀ ਕੋਆਰਡੀਨੇਟਰ ਨੇਚਰ ਕਲੱਬ, ਸ੍ਰੀਮਤੀ ਰਾਖੀ ਰਾਣੀ ਮੁੱਖ-ਸਲਾਹਕਾਰ ਨੇਚਰ ਕਲੱਬ, ਪ੍ਰੋ: ਅਸੀਸ ਕੁਮਾਰ ਤੇ ਪ੍ਰੋ. ਅਵਤਾਰ ਸਿੰਘ ਦੀ ਹਾਜ਼ਰੀ ਵਿੱਚ ਪੇਸਟ ਕੀਤੇ ਗਏ।

# ਸਾਬਕਾ ਕੌਂਸਲਰ ਡਾ. ਰਵੀ ਨੇ ਕੀਤੀ ਘਰ ਵਾਪਸੀ



**ਮੱਖੂ (ਰਛਪਾਲ ਸਿੰਘ ਸੰਧੂ)**-ਮੈਡੀਕਲ ਸੈੱਲ ਭਾਜਪਾ ਜ਼ਿਲ੍ਹਾ ਫਿਰੋਜ਼ਪੁਰ ਦੇ ਸਾਬਕਾ ਪ੍ਰਧਾਨ ਡਾ. ਰਜੀਵ ਅਹੂਜਾ (ਰਵੀ) ਸਾਬਕਾ ਕੌਂਸਲਰ ਵੱਲੋਂ ਘਰ ਵਾਪਸੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਅਲਵਿਦਾ ਕਹਿ ਕੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਮਨਜੀਤ ਸਿੰਘ ਰਾਏ, ਵਿਧਾਨ ਸਭਾ ਹਲਕਾ ਜ਼ੀਰਾ ਦੇ ਚੋਣ ਇੰਚਾਰਜ ਅਸ਼ਵਨੀ ਗਰੋਵਰ, ਡਾ. ਰਜੀਵ ਅਹੂਜਾ ਸਕੱਤਰ ਭਾਜਪਾ ਜ਼ਿਲ੍ਹਾ ਫਿਰੋਜ਼ਪੁਰ ਦੀ ਅਗਵਾਈ ਹੇਠ ਭਜਾਪਾ ਵਿੱਚ ਸ਼ਾਮਲ ਹੋਏ। ਭਾਜਪਾ ਆਗੂਆਂ ਵੱਲੋਂ ਡਾ. ਰਜੀਵ ਅਹੂਜਾ (ਰਵੀ) ਨੂੰ ਸਿਰੋਪਾਓ ਪਾ ਕੇ ਭਾਜਪਾ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਭਾਜਪਾ ਆਗੂਆਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਿੱਚ ਹਰੇਕ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ। ਡਾ. ਰਜੀਵ ਅਹੂਜਾ (ਰਵੀ) ਨੂੰ ਭਾਜਪਾ ਵਿੱਚ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।

ਭਾਰਤੀ ਜਨਤਾ ਪਾਰਟੀ ਵਿੱਚ ਘਰ ਵਾਪਸੀ ਕਰਦਿਆਂ ਡਾ. ਰਜੀਵ ਅਹੂਜਾ (ਰਵੀ) ਨੇ ਕਿਹਾ ਕਿ ਭਾਜਪਾ ਦੀਆਂ ਨੀਤੀਆਂ ਘਰ ਘਰ ਪਹੁੰਚਾਈਆਂ ਜਾਣਗੀਆਂ ਤੇ ਵੱਧ ਤੋਂ ਵੱਧ ਵਰਕਰ ਭਾਜਪਾ ਨਾਲ ਜੋੜੇ ਜਾਣਗੇ। ਇਸ ਮੌਕੇ ਮਨਜੀਤ ਸਿੰਘ ਰਾਏ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ, ਅਸ਼ਵਨੀ ਗਰੋਵਰ ਸਾਬਕਾ ਪ੍ਰਧਾਨ ਫਿਰੋਜ਼ਪੁਰ, ਡਾ. ਰਜੀਵ ਅਹੂਜਾ ਸਕੱਤਰ ਜ਼ਿਲ੍ਹਾ ਫਿਰੋਜ਼ਪੁਰ, ਰਜੀਵ ਕਪੂਰ ਪ੍ਰਧਾਨ ਭਾਜਪਾ ਮੰਡਲ ਮੱਖੂ, ਸੁਮਿਤ ਕਪੂਰ ਆਦਿ ਹਾਜ਼ਰ ਸਨ।

# ਗਗਨ ਗੋਇਲ ਨੂੰ ਡਿਊਟੀ ਜੁਆਇਨ ਕਰਨ 'ਤੇ ਜਥੇਬੰਦੀ ਨੇ ਦਿੱਤੀ ਵਧਾਈ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵਿੱਤ ਵਿਭਾਗ ਵੱਲੋਂ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਵੱਲੋਂ ਸ਼ੈਂਕਸ਼ਨ ਅਫਸਰ ਦਾ ਇਮਤਿਹਾਨ ਕਲੀਅਰ ਕਰਨ ਉਪਰੰਤ ਸੂਬੇ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਨਿਯੁਕਤੀ ਪੱਤਰ ਸੌਂਪੇ ਗਏ ਸੀ। ਇਸ ਸਬੰਧੀ ਖਜ਼ਾਨਾ ਦਫਤਰ ਸੰਗਰੂਰ ਵਿਖੇ ਤੈਨਾਤ ਗਗਨ ਗੋਇਲ ਕਲਰਕ ਨੂੰ ਸਿੱਖਿਆ ਵਿਭਾਗ ਵਿੱਚ ਬਤੌਰ ਸ਼ੈਂਕਸ਼ਨ ਅਫਸਰ ਡਿਊਟੀ ਜੁਆਇਨ ਕਰਨ ਮੌਕੇ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਸੂਬਾ ਪ੍ਰਧਾਨ ਵਾਸਵੀਰ ਸਿੰਘ ਭੁੱਲਰ, ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਰਾਜਵੀਰ ਬਡਰੁੱਖਾਂ, ਜਗਿੰਦਰ ਪਾਲ ਸਿੰਘ ਪ੍ਰਧਾਨ ਡੀ ਸੀ ਦਫਤਰ ਕ੍ਰਮਚਾਰੀ ਯੂਨੀਅਨ ਸੰਗਰੂਰ, ਤਰਸੇਮ ਖੰਨਾ ਸਲਾਹਕਾਰ, ਡਾ. ਹਰਪ੍ਰੀਤ ਭੰਡਾਰੀ ਤੇ ਖਜ਼ਾਨਾ ਅਫਸਰ ਸੁਨਾਮ ਬਲਵਿੰਦਰ ਸੋਹੀ, ਤਰਸੇਮ ਬਰੇਟਾ ਆਗੂ ਸਿੱਖਿਆ ਵਿਭਾਗ, ਅੰਮ੍ਰਿਤਪਾਲ ਕੌਰ ਜਨਰਲ ਸਕੱਤਰ ਇਸਤਰੀ ਵਿੰਗ, ਸ਼ਿਵ ਕੁਮਾਰ ਸਿੱਖਿਆ ਵਿਭਾਗ ਦੇ ਵਫਦ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਸੰਜੀਵ ਸ਼ਰਮਾ ਵੱਲੋਂ ਗਗਨ ਗੋਇਲ ਸ਼ੈਂਕਸ਼ਨ ਅਫਸਰ ਦਾ ਡਿਊਟੀ ਜੁਆਇਨ ਕਰਨ ਮੌਕੇ ਨਿੱਘਾ ਸਵਾਗਤ ਕੀਤਾ ਗਿਆ ਤੇ ਮੁਬਾਰਕਬਾਦ ਦਿੱਤੀ ਗਈ।

# ਕੁਰੂਕਸ਼ੇਤਰ ਵਿਸ਼ਵ ਵਿਦਿਆਲਿਆ ਅਧਿਆਪਕ ਸੰਘ ਦੇ ਮੀਤ ਪ੍ਰਧਾਨ ਬਣੇ ਡਾ. ਸਰਾਓ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਹਰਿਆਣਾ ਦੀ ਸਭ ਤੋਂ ਪੁਰਾਣੀ ਕੁਰੂਕਸ਼ੇਤਰ ਵਿਸ਼ਵ ਵਿਦਿਆਲਿਆ ਅਧਿਆਪਕ ਸੰਘ ਦੀਆਂ ਚੋਣਾਂ ਸਪੰਨ ਹੋਈਆਂ, ਜਿਸ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ ਲੌਂਗੋਵਾਲ ਦੇ ਖਜ਼ਾਨਚੀ ਤੇ ਕਾਮਰੇਡ ਅਜਮੇਰ ਸਿੰਘ ਦੇ ਸਪੁੱਤਰ ਡਾ. ਹਰਵਿੰਦਰ ਸਿੰਘ ਸਰਾਓ ਨੂੰ ਸਰਬਸੰਮਤੀ ਨਾਲ ਅਧਿਆਪਕ ਸੰਘ ਦੇ ਮੀਤ ਪ੍ਰਧਾਨ ਚੁਣਿਆ ਗਿਆ। ਡਾ. ਹਰਵਿੰਦਰ ਸਿੰਘ ਨੇ ਦੱਸਿਆ ਕਿ ਮੀਤ ਪ੍ਰਧਾਨ ਦੇ ਅਹੁਦੇ ਲਈ ਕੁੱਲ ਪੰਜ ਉਮੀਦਵਾਰ ਸਨ, ਜਿਨ੍ਹਾਂ ਅਖੀਰ ਵਿੱਚ ਡਾ. ਹਰਵਿੰਦਰ ਸਿੰਘ ਦੇ ਨਾਮ ਤੇ ਸਹਿਮਤੀ ਕਰਦੇ ਹੋਏ ਆਪਣੇ ਕਾਗਜ਼ ਵਾਪਸ ਲੈ ਲਏ ਅਤੇ ਇਸ ਤੋਂ ਇਲਾਵਾ ਡਾ. ਆਨੰਦ ਕੁਮਾਰ ਪ੍ਰਧਾਨ, ਡਾ. ਜਤਿੰਦਰ ਖਟਕੜ ਸੈਕਟਰੀ, ਸਹਿ-ਸਕੱਤਰ ਡਾ. ਸੰਜੇ ਤਿਆਗੀ, ਡਾ. ਚੰਦਰ ਕਾਂਤ ਖਜ਼ਾਨਚੀ ਬਣੇ। ਉਨ੍ਹਾਂ ਕਿਹਾ ਕਿ ਪੰਜ ਅਡਵਾਂਸ ਇੰਕਰੀਮੈਂਟ, 2018 ਵਾਲੀ ਗਾਇਡਲਾਇਨਜ਼ ਯੂ.ਜੀ.ਸੀ. ਅਨੁਸਾਰ ਲਾਗੂ ਕਰਵਾਉਣੀ, ਯੂਨੀਵਰਸਿਟੀ ਨੂੰ ਸੈਂਟਰਲ ਯੂਨੀਵਰਸਿਟੀ ਦਾ ਦਰਜਾ ਦਿਵਾਉਣ, 65 ਰਿਟਾਇਰਮੈਂਟ ਉਮਰ ਦੇ ਮੁੱਦਿਆਂ ਨੂੰ ਅਧਿਆਪਕ ਸੰਘ ਦੇ ਬਾਕੀ ਅਹੁਦੇਦਾਰਾਂ ਨਾਲ ਮਿਲ ਕੇ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰਨਗੇ।

# ਅਵੰਤਿਕਾ ਨੇ 200 ਮੀਟਰ ਦੌੜ 'ਚ ਸੂਬੇ 'ਚੋਂ ਤੀਜਾ ਸਥਾਨ ਹਾਸਲ ਕੀਤਾ



ਵਿਦਿਆਰਥਣ ਨੂੰ ਸਨਮਾਨਤ ਕਰਦੇ ਹੋਏ ਪ੍ਰਿੰਸੀਪਲ ਤੇ ਸਟਾਫ਼।

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਸਕੂਲ ਦੀ ਵਿਦਿਆਰਥਣ ਅਵੰਤਿਕਾ ਨੇ ਬੀਤੇ ਦਿਨੀਂ ਲੁਧਿਆਣਾ ਵਿਖੇ ਹੋਈਆਂ ਖੇਡਾਂ ਵਿੱਚ 200 ਮੀਟਰ ਦੀ ਦੌੜ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਗੁਰਬਿੰਦਰ ਪਾਲ ਸਿੰਘ ਨੇ ਮੈਡਮ ਪਾ ਕੇ ਵਿਦਿਆਰਥੀਆਂ ਦੇ ਸਾਹਮਣੇ ਵਿਦਿਆਰਥਣ ਨੂੰ ਸਨਮਾਨਤ ਕੀਤਾ। ਇਸ ਮੌਕੇ ਪ੍ਰਿੰਸੀਪਲ ਗੁਰਬਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਰੇ ਵਿਦਿਆਰਥੀਆਂ ਨੂੰ ਖੇਡ ਪ੍ਰਤੀਯੋਗਤਾ ਵਿੱਚ ਵੱਧ ਚੜ੍ਹ ਕੇ ਭਗ ਲੈਣ ਕੇ ਆਪਣੇ ਅੰਦਰ ਛੁਪੇ ਹੋਈ ਕਾਬਲੀਅਤ ਨੂੰ ਨਿਖਾਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਇਹ ਸਾਡੇ ਸਕੂਲ ਲਈ ਮਾਣ ਵਾਲੀ ਗੱਲ ਹੈ ਕਿ ਸਾਡੇ ਸਕੂਲ ਦੀ ਵਿਦਿਆਰਥਣ ਨੇ ਰਾਜ ਪੱਧਰ 'ਤੇ ਤੀਜਾ ਸਥਾਨ ਹਾਸਲ ਕੀਤਾ। ਮੀਡੀਆ ਕੋਆਰਡੀਨੇਟਰ ਡਾ. ਹਰਭਜਨ ਪ੍ਰਿਅਦਰਸ਼ੀ ਨੇ ਵਿਦਿਆਰਥਣ ਤੇ ਮਾਤਾ ਪਿਤਾ ਨੂੰ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਇਸ ਵਿਦਿਆਰਥਣ ਨੇ ਇਸ ਤੋਂ ਪਹਿਲਾਂ ਜ਼ਿਲ੍ਹਾ ਪੱਧਰ 'ਤੇ 200 ਮੀਟਰ ਦੌੜ ਤੇ ਗੋਲਾ ਸੁੱਟਣ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ। ਇਸ ਮੌਕੇ ਸ਼੍ਰੀਮਤੀ ਅਨੂਪ ਕੌਰ, ਕੰਵਲਜੀਤ ਕੌਰ, ਪਰਮਜੀਤ ਕੌਰ ਤੇ ਸਮੂਹ ਸਟਾਫ਼ ਹਾਜ਼ਰ ਸੀ।

# 80 ਤੇ 90 ਸਾਲ ਦੀ ਉਮਰ ਪੂਰੀ ਕਰ ਚੁੱਕੇ ਪੈਨਸ਼ਨਰ ਕੀਤੇ ਜਾਣਗੇ ਸਨਮਾਨਤ : ਭਜਨ ਸਿੰਘ ਗਿੱਲ



**ਮੋਗਾ (ਅਮਰਜੀਤ ਬੱਬਰੀ)**-ਪੈਨਸ਼ਨਰਜ਼ ਦਿਵਸ 18 ਦਸੰਬਰ ਨੂੰ ਭੁਪਿੰਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆ ਭਜਨ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਮੋਗਾ ਦੀ ਜ਼ਿਲ੍ਹਾ ਕਮੇਟੀ ਦੀ ਪੈਨਸ਼ਨਰਜ਼ ਦਿਵਸ ਮਨਾਉਣ ਸੰਬਧੀ ਵਿਸ਼ੇਸ਼ ਮੀਟਿੰਗ ਵਿੱਚ ਪਾਸ ਕੀਤਾ ਗਿਆ ਕਿ ਪੈਨਸਨਰਜ ਦਿਵਸ ਮੌਕੇ 80 ਸਾਲ ਦੇ 52 ਤੇ 90 ਸਾਲ ਦੀ ਸਾਨਦਾਰ ਉਮਰ ਪੂਰੀ ਕਰਨ ਵਾਲੇ ਤਿੰਨ ਪੈਨਸ਼ਨਰ ਸਨਮਾਨਤ ਕੀਤੇ ਜਾਣਗੇ। ਉਨ੍ਹਾ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਸ. ਠਾਕੁਰ ਸਿੰਘ ਸੂਬਾ ਪ੍ਰਧਾਨ ਹੋਣਗੇ ਤੇ ਇਨ੍ਹਾਂ ਤੋਂ ਇਲਾਵਾ ਜ਼ਿਲ੍ਹਾ ਜ਼ਾਨਾ ਅਫਸਰ ਮੋਗਾ ਤੇ ਪ੍ਰਿੰਸੀਪਲ ਭੁਪਿੰਦਰਾ ਖਾਲਸਾ ਸਕੂਲ ਮੋਗਾ ਵੀ ਮੁੱਖ ਮਹਿਮਾਨਾਂ ਵਿੱਚ ਸ਼ਾਮਲ ਹੋਣਗੇ। ਇਸ ਸਮਾਗਮ ਵਿੱਚ ਪੰਜਾਬ ਨੈਸ਼ਨਲ ਬੈਂਕ ਦੇ ਸੀ ਪੀ ਪੀ ਸੀ ਲੁਧਿਆਣਾ ਦੇ ਚੀਫ ਮੈਨੇਜਰ ਵੀ ਵਿਸ਼ੇਸ਼ ਸੱਦੇ 'ਤੇ ਪਹੁੰਚਣਗੇ। ਬਿੱਕਰ ਸਿੰਘ ਮਾਛੀਕੇ, ਟਹਿਲ ਸਿੰਘ ਕਿਸ਼ਨਪੁਰਾ, ਲੈਕ: ਸੁਖਮੰਦਰ ਸਿੰਘ, ਚਮਕੌਰ ਸਿੰਘ ਤੇ ਪ੍ਰੇਮ ਕੁਮਾਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਦੱਸਿਆ ਕਿ ਨਿਹਾਲ ਸਿੰਘ ਵਾਲਾ, ਬਾਘਾ ਪੁਰਾਣਾ, ਮਾਣੂਕੇ, ਸਮਾਲਸਰ, ਸੇਖਾ ਕਲਾਂ, ਕੇਟਲਾ ਰਾਇਕੇ ਤੇ ਦਾਉਧਰ ਪੱਤੋ ਦੀਨਾ, ਧਰਮਕੋਟ, ਬੱਧਨੀ ਕਲਾਂ, ਬੁੱਟਰ ਤੇ ਮੋਗਾ ਸ਼ਹਿਰ ਅਤੇ ਹੋਰ ਪਿੰਡਾਂ ਤੋਂ ਲਗਪਗ ਤਿੰਨ ਸੌ ਤੋਂ ਉੱਪਰ ਪੈਨਸ਼ਨਰਜ਼ ਇਸ ਮੌਕੇ ਪਹੁੰਚਣਗੇ। ਸੁਰਿੰਦਰ ਰਾਮ ਕੁੱਸਾ ਨੇ ਜ਼ਿਲ੍ਹੇ ਦੇ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਇਸ ਦਿਨ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ। ਮੀਟਿੰਗ ਵਿੱਚ ਸਰਬਸ੍ਰੀ ਅਮਰ ਸਿੰਘ ਰਣੀਆਂ, ਪ੍ਰੀਤਮ ਸਿੰਘ ਕੈਂਥ, ਦਲਬਾਰਾ ਸਿੰਘ, ਗਿਆਨ ਸਿੰਘ, ਬਲਵੀਰ ਸਿੰਘ, ਆਤਮਾ ਸਿੰਘ ਚੜਿੱਕ, ਪਿਆਰਾ ਸਿੰਘ ਉੱਗੋਕੇ, ਅੰਮ੍ਰਿਤ ਲਾਲ, ਦਰਸ਼ਨ ਸਿੰਘ ਰਾਜਿਆਣਾ, ਗੁਰਦਿਆਲ ਸਿੰਘ ਰੌਲੀ, ਲਖਵੀਰ ਚੰਦ, ਸੁਖਮੰਦਰ ਸਿੰਘ ਗੱਜਣ ਵਾਲਾ, ਬਲਦੇਵ ਸਿੰਘ, ਦਰਸ਼ਨ ਸਿੰਘ ਤੂਰ, ਮੇਹਰ ਸਿੰਘ ਮੋਗਾ, ਬਲਵਿੰਦਰ ਸਿੰਘ ਗਿੱਲ, ਨਛੱਤਰ ਸਿੰਘ ਆਦਿ ਆਗੂ ਤੇ ਸਰਗਰਮ ਵਰਕਰ ਸ਼ਾਮਲ ਹੋਏ।

# ਸਪੀਕਰ ਸੰਧਵਾਂ ਨੇ ਸਕੂਲਾਂ ਦੇ ਵਿਕਾਸ ਕਾਰਜਾਂ ਲਈ ਵੰਡੇ ਲੱਖਾਂ ਦੇ ਚੈੱਕ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)**



ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਵੀਰਵਾਰ ਨੂੰ ਹਲਕੇ ਦੇ ਵੱਖ ਵੱਖ ਪਿੰਡਾਂ ਦੇ ਸਕੂਲਾਂ ਦਾ ਦੌਰਾ ਕਰਕੇ ਸਕੂਲ ਦੇ ਵਿਕਾਸ ਕਾਰਜਾਂ ਸਬੰਧੀ ਲੱਖਾਂ ਰੁਪਏ ਦੀ ਰਾਸ਼ੀ ਦੇ ਚੈੱਕ ਵੰਡੇ ਤੇ ਪਿੰਡ ਖਾਰਾ ਵਿਖੇ ਵਿਕਾਸ ਕਾਰਜਾਂ ਲਈ 10 ਲੱਖ ਰੁਪਏ ਦੀ ਰਾਸ਼ੀ ਦੇਣ ਦੀ ਘੋਸ਼ਣਾ ਵੀ ਕੀਤੀ। ਉਨ੍ਹਾ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਬੋਰੀਆਂ ਸੰਧਵਾਂ ਸਕੂਲ ਨੂੰ 2 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਵੜਿੰਗ ਨੂੰ 1 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਠਾੜਾ ਨੂੰ 1.50 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਭੈਰੋ ਭੱਟੀ ਨੂੰ 2 ਲੱਖ ਰੁਪਏ ਤੇ ਬਸਤੀ ਨਾਨਕਸਰ (ਸੰਧਵਾਂ) ਦੇ ਪ੍ਰਾਇਮਰੀ ਸਕੂਲ ਨੂੰ 2 ਲੱਖ ਰੁਪਏ ਦੇ ਚੈੱਕ ਵੰਡੇ। ਉਨ੍ਹਾਂ ਪਿੰਡ ਖਾਰਾ ਵਿਖੇ ਕਾਰਜਾਂ ਲਈ ਪਿੰਡ ਨੂੰ 10 ਲੱਖ ਰੁਪਏ ਦੀ ਰਾਸ਼ੀ ਦੇਣ ਦੀ ਘੋਸ਼ਣਾ ਕੀਤੀ। ਇਸ ਦੌਰਾਨ ਸਮਾਗਮਾਂ ਨੂੰ ਸੰਬੋਧਨ ਕਰਦੇ ਹੋਏ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਰਕਾਰ ਵੱਲੋਂ ਵਿਦਿਆਰਥੀਆਂ ਲਈ ਜਿੱਥੇ ਵਧੀਆ ਸਕੂਲ ਬਣਾਏ ਗਏ ਹਨ, ਉੱਥੇ ਵਿਦਿਆਰਥੀ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਕੂਲਾਂ ਵਿੱਚ ਮੁਹੱਈਆ ਕਰਵਾਈਆਂ ਗਈਆਂ ਸਹੂਲਤਾਂ ਦਾ ਲਾਭ ਲੈ ਕੇ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਪਹਿਲ ਦੇ ਆਧਾਰ 'ਤੇ ਕੰਮ ਕਰ ਰਹੀ ਹੈ ਅਤੇ ਅੱਗੇ ਵੀ ਕਰਦੀ ਰਹੇਗੀ।

ਇਸ ਮੌਕੇ ਉਨ੍ਹਾਂ ਬਸਤੀ ਨਾਨਕਸਰ (ਸੰਧਵਾਂ) ਦੇ ਪ੍ਰਾਇਮਰੀ ਸਕੂਲ ਵਿੱਚ ਆਏ ਜਿੱਥੇ ਆ ਕੇ ਉਨ੍ਹਾਂ ਨੇ ਸਕੂਲ ਵਿੱਚ ਪੜ੍ਹਦੇ ਸਮੇਂ ਦੀਆਂ ਯਾਦਾਂ ਸਕੂਲ ਦੇ ਬੱਚਿਆਂ ਨਾਲ ਤਾਜ਼ੀਆਂ ਕੀਤੀਆਂ। ਉਨ੍ਹਾ ਬੱਚਿਆਂ ਨਾਲ ਗੱਲਾਂ ਕਰਦੇ ਹੋਏ ਬੱਚਿਆਂ ਨੂੰ ਵਿਦਿਆਰਥੀ ਜੀਵਨ ਦੀ ਮਹੱਤਤਾ ਬਾਰੇ ਦੱਸਦੇ ਹੋਏ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਵੱਡੇ ਹੋ ਕੇ ਇੱਕ ਕਾਮਯਾਬ ਇਨਸਾਨ ਬਣ ਸਕਣ। ਇਸ ਮੌਕੇ ਮਨਪ੍ਰੀਤ ਸਿੰਘ ਧਾਲੀਵਾਲ ਤੋਂ ਇਲਾਵਾ ਸਕੂਲਾਂ ਦੇ ਮੁਖੀ ਤੇ ਅਧਿਆਪਕ ਸਹਿਬਾਨ ਮੌਜੂਦ ਸਨ।

# ਪੁਲਸ ਨੇ ਲਾਇਆ ਸਪੈਸ਼ਲ ਨਾਕਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡੀ ਜੀ ਪੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੀ ਐੱਸ ਪੀ ਸਮਾਣਾ ਸੌਰਵ ਜਿੰਦਲ ਦੀ ਅਗਵਾਈ ਵਿੱਚ ਸਿਟੀ ਪੁਲਸ ਮੁਖੀ ਗੁਰਵਿੰਦਰ ਸਿੰਘ ਸੰਧੂ ਵੱਲੋਂ ਪੁਲਸ ਪਾਰਟੀ ਸਮੇਤ ਸਥਾਨਕ ਤਹਿਸੀਲ ਰੋਡ ਨੇੜੇ ਨਾਕਾ ਲਗਾ ਕੇ ਜਿੱਥੇ ਵਾਹਨਾਂ ਦੀਆਂ ਚੈਕਿੰਗ ਕੀਤੀ, ਉੱਥੇ ਹੀ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਪਾਉਣ ਵਾਲੇ, ਆਵਾਜਾਈ ਦੇ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲੇ ਲੋਕਾਂ ਖ਼ਿਲਾਫ਼ ਵੀ ਕਾਰਵਾਈ ਕੀਤੀ। ਡੀ ਐੱਸ ਪੀ ਸਮਾਣਾ ਸੌਰਵ ਜਿੰਦਲ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀਜੀਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾੜੇ ਤੇ ਗੈਰ-ਸਮਾਜਿਕ ਅਨਸਰਾਂ 'ਤੇ ਕਾਬੂ ਪਾਉਣ ਲਈ ਸ਼ਾਮ 6 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਇਹ ਨਾਕੇ ਲਗਾਏ ਗਏ। ਉਨ੍ਹਾਂ ਦੱਸਿਆ ਕਿ ਇਸ ਨਾਕੇ ਦੌਰਾਨ ਜਿੱਥੇ ਵਾਹਨਾਂ ਦੀ ਚੈਕਿੰਗ ਕੀਤੀ ਗਈ, ਉੱਥੇ ਹੀ ਬੁਲਟ ਮੋਟਰਸਾਈਕਲਾਂ 'ਤੇ ਪਟਾਕੇ ਪਾਉਣ, ਟ੍ਰਿਪਿਲ ਸਵਾਰੀ, ਨਸ਼ਾ ਕਰਕੇ ਵਾਹਨ ਚਲਾਉਂਦੇ ਲੋਕਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ।

# ਕਿਸਾਨਾਂ ਦੀ ਆਮਦਨ ਵਧਾਉਣ ਲਈ ਸਰਕਾਰ ਵਚਨਬੱਧ : ਡੀ ਸੀ

- ਕਿਸਾਨ ਰਵਾਇਤੀ ਫਸਲਾਂ ਦੀ ਬਿਜਾਈ ਤੋਂ ਬਾਹਰ ਨਿਕਲਣ : ਏ ਆਰ ਸ਼ਰਮਾ
- ਧਰਤੀ ਹੇਠਲੇ ਪਾਣੀ ਦਾ ਡਿਗ ਰਿਹਾ ਪੱਧਰ ਚਿੰਤਾ ਦਾ ਵਿਸ਼ਾ



**ਧੂਰੀ (ਰਾਜੇਸ਼ਵਰ ਪਿੰਟੂ)**

ਇਲਾਕੇ ਦੀ ਵਿਸ਼ਵ ਪ੍ਰਸਿੱਧ ਰਾਇਸੀਲਾ ਹੈਲਥ ਫੂਡਜ਼ ਵੱਲੋਂ ਖੇਤੀ ਵਭਿੰਨਤਾ ਦੇ ਚੱਕਰ ਨੂੰ ਤੋੜਨ ਲਈ ਪੰਜਾਬ ਅੰਦਰ ਸਰ੍ਹੋਂ ਦੀ ਫਸਲ ਦੀ ਬਿਜਾਈ ਲਈ ਕਿਸਾਨਾਂ ਨੂੰ ਉਤਸ਼ਾਹਤ ਕਰਨ ਵਾਸਤੇ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਨੇ ਰਾਇਸੀਲਾ ਹੈਲਥ ਫੂਡਜ਼ ਦਾ ਦੌਰਾ ਕੀਤਾ। ਇਸ ਮੌਕੇ ਜਤਿੰਦਰ ਜੋਰਵਾਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਦੀ ਆਮਦਨ ਵਧਾਉਣ ਲਈ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰੋਂ ਦੀ ਬਿਜਾਈ ਨਾਲ ਜਿੱਥੇ ਕਿਸਾਨਾਂ ਦੀ ਆਮਦਨ 'ਚ ਵਾਧਾ ਹੋਵੇਗਾ, ਉਥੇ ਸਰਕਾਰ ਦਾ ਖੇਤੀ ਵਭਿੰਨਤਾ ਦਾ ਸੁਪਨਾ ਵੀ ਪੂਰਾ ਹੋਵੇਗਾ। ਉਨ੍ਹਾਂ ਰਾਇਸੀਲਾ ਦੇ ਸੀ ਐੱਮ ਡੀ ਡਾ: ਏ ਆਰ ਸ਼ਰਮਾ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼ਰਮਾ ਜੀ ਵੱਲੋਂ ਸ਼ੁਰੂ ਕੀਤੇ ਗਏ ਇਸ ਮਾਡਲ ਨੂੰ ਪੂਰੇ ਪੰਜਾਬ ਅੰਦਰ ਲਾਗੂ ਕੀਤਾ ਜਾਵੇਗਾ ਤੇ ਸਰੋਂ ਦੀ ਬਿਜਾਈ 'ਚ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ 'ਚ ਸਰ੍ਹੋਂ ਦੀ ਬਿਜਾਈ ਨਾਲ ਵਿਦੇਸ਼ਾਂ 'ਤੇ ਨਿਰਭਰਤਾ ਘਟੇਗੀ ਤੇ ਨੌਜਵਾਨਾਂ ਨੂੰ ਰੋਜ਼ਗਾਰ ਵੀ ਮਿਲੇਗਾ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਦਾ ਸਵਾਗਤ ਕਰਦਿਆਂ ਏ ਆਰ ਸ਼ਰਮਾ ਨੇ ਕਿਹਾ ਕਿ ਪੰਜਾਬ 'ਚ ਕਣਕ ਤੇ ਝੋਨੇ ਦੀ ਬਿਜਾਈ ਕਾਰਨ ਧਰਤੀ ਹੇਠਲੇ ਪਾਣੀ ਦਾ ਡਿੱਗ ਰਿਹਾ ਪੱਧਰ ਆਉਣ ਵਾਲੀਆਂ ਪੀੜ੍ਹੀਆਂ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਪੰਜਾਬ 'ਚ ਖੇਤੀ ਖੇਤਰ 'ਚ ਪਾਣੀ ਦੀ ਖਪਤ ਵਧੇਰੇ ਹੈ। ਉਨ੍ਹਾ ਕਿਹਾ ਕਿ ਸਾਡਾ ਉਦੇਸ਼ ਵਧੇਰੇ ਪਾਣੀ ਵਾਲੀਆਂ ਫਸਲਾਂ 'ਤੇ ਨਿਰਭਰਤਾ ਘੱਟ ਕਰਕੇ ਕਿਸਾਨਾਂ ਦੀ ਆਮਦਨ ਵਧਾਉਣਾ ਹੈ। ਸ਼ਰਮਾ ਨੇ ਦੱਸਿਆ ਕਿ ਇਸ ਬਾਰ ਜ਼ਿਲ੍ਹਾ ਸੰਗਰੂਰ ਅੰਦਰ 218 ਏਕੜ ਰਕਬੇ 'ਚ ਸਰ੍ਹੋਂ ਦੀ ਬਿਜਾਈ ਕਰਵਾਈ ਗਈ ਹੈ, ਜਿਸ ਲਈ ਕਿਸਾਨਾਂ ਨੂੰ ਮੁਫਤ ਬੀਜ, ਮਸ਼ੀਨਰੀ ਤੇ ਹਰ ਸਹੂਲਤ ਦਿੱਤੀ ਗਈ ਹੈ ਤੇ ਕਿਸਾਨ ਆਪਣੀ ਸਰ੍ਹੋਂ ਦੀ ਫਸਲ ਵੇਚਣ ਲਈ ਵੀ ਆਜ਼ਾਦ ਹੈ ਤੇ ਅਸੀਂ ਕਿਸਾਨ ਦਾ ਨੁਕਸਾਨ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਜਿੱਥੇ ਕਣਕ ਦੀ ਇੱਕ ਏਕੜ ਬਿਜਾਈ 'ਤੇ 20 ਹਜ਼ਾਰ ਦਾ ਮੁਨਾਫਾ ਹੁੰਦਾ ਹੈ, ਉਥੇ ਸਰ੍ਹੋਂ ਦੀ ਇੱਕ ਏਕੜ ਬਿਜਾਈ 'ਤੇ 40 ਹਜ਼ਾਰ ਦਾ ਮੁਨਾਫਾ ਹੋਵੇਗਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਮੁਹਿੰਮ 'ਚ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਉਪਰੰਤ ਡੀ ਸੀ ਜਤਿੰਦਰ ਜੋਰਵਾਲ ਨੇ ਧੂਰੀ ਨੇੜਲੇ ਪਿੰਡ ਭੱਦਲਵਢ 'ਚ ਕੀਤੀ ਗਈ ਸਰ੍ਹੋਂ ਦੀ ਬਿਜਾਈ ਵਾਲੇ ਖੇਤਾਂ 'ਚ ਜਾ ਕੇ ਨਰੀਖਣ ਵੀ ਕੀਤਾ। ਇਸ ਮੌਕੇ ਰਾਇਸੀਲਾ ਹੈਲਥ ਫੂਡ ਦੇ ਡਾਇਰੈਕਟਰ ਵਿਜੇ ਗੋਇਲ ਤੇ ਪ੍ਰਸ਼ੋਤਮ ਗਰਗ ਮੌਜੂਦ ਸਨ।

# ਕਣਕ ਦੀ ਫਸਲ 'ਚ ਖਾਦਾਂ ਦੀ ਵਰਤੋਂ ਤੇ ਨਦੀਨਾਂ ਦੀ ਰੋਕਥਾਮ ਸੰਬੰਧੀ ਦਿੱਤੀ ਜਾਣਕਾਰੀ



**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**

ਆਤਮਾ ਸਕੀਮ ਅਧੀਨ ਪਿੰਡ ਕੋਟਦੁਨਾ ਵਿਖੇ ਮੁੱਖ ਖੇਤੀਬਾੜੀ ਅਫਸਰ ਡਾ. ਜਗਦੀਸ ਸਿੰਘ ਦੀ ਅਗਵਾਈ ਹੇਠ 'ਫਾਰਮ ਫੀਲਡ ਸਕੂਲ' ਲਗਾਇਆ ਗਿਆ। ਇਸ ਮੌਕੇ ਡਾ. ਸੁਖਪਾਲ ਸਿੰਘ ਖੇਤੀਬਾੜੀ ਅਫਸਰ ਬਰਨਾਲਾ ਤੇ ਹੋਰ ਅਧਿਕਾਰੀਆਂ/ਕਰਮਚਾਰੀਆਂ/ਆਤਮਾ ਸਟਾਫ ਨੇ ਕਿਸਾਨਾਂ ਨੂੰ ਫਸਲਾਂ ਤੇ ਖੇਤੀਬਾੜੀ ਦੀਆਂ ਸਕੀਮਾਂ ਸਬੰਧੀ ਜਾਣਕਰੀ ਦਿੱਤੀ। ਇਹ ਕੈਂਪ ਜਗਤਾਰ ਸਿੰਘ ਪੁੱਤਰ ਭਾਗ ਸਿੰਘ ਵਾਸੀ ਕੋਟਦੁਨਾ ਦੇ ਖੇਤ ਵਿੱਚ ਲਗਾਇਆ ਗਿਆ। ਕੈਂਪ ਦੌਰਾਨ ਡਾ. ਅੰਮ੍ਰਿਤਪਾਲ ਸਿੰਘ ਨੇ ਕਿਸਾਨਾਂ ਨੂੰ ਮਿੱਟੀ ਤੇ ਪਾਣੀ ਪਰਖ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਡਾ. ਜਸਵਿੰਦਰ ਸਿੰਘ ਨੇ ਕਣਕ ਦੀ ਫਸਲ ਵਿੱਚ ਖਾਦਾਂ ਦੀ ਵਰਤੋਂ ਤੇ ਨਦੀਨਾਂ ਦੀ ਰੋਕਥਾਮ ਸਬੰਧੀ ਜਾਣਕਾਰੀ ਦਿੱਤੀ। ਖੇਤੀਬਾੜੀ ਸਬ ਇੰਸਪੈਕਟਰ ਦਵਿੰਦਰ ਸਿੰਘ ਤੇ ਦਿਲਦਾਰ ਸਿੰਘ ਨੇ ਫਸਲਾਂ ਵਿੱਚ ਖੁਰਾਕੀ ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ। ਬਲਾਕ ਤਕਨਾਲੋਜੀ ਮੈਨੇਜਰ ਜਸਵੀਰ ਕੌਰ ਨੇ ਆਤਮਾ ਸਕੀਮ ਅਧੀਨ ਚੱਲ ਰਹੀਆਂ ਗਤੀਵਿਧੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ।

ਬਾਗਬਾਨੀ ਸਬ ਇੰਸਪੈਕਟਰ ਜਗਸੀਰ ਸਿੰਘ ਨੇ ਕਿਸਾਨਾਂ ਨੂੰ ਆਲੂਆਂ ਦੀ ਫਸਲ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਅਖੀਰ ਵਿੱਚ ਖੇਤੀਬਾੜੀ ਅਫਸਰ ਡਾ. ਸੁਖਪਾਲ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਖਾਦਾਂ ਤੇ ਕੀੜੇਮਾਰ ਦਵਾਈਆਂ ਵਿਭਾਗ ਦੀ ਸਲਾਹ ਅਨੁਸਾਰ ਹੀ ਵਰਤੀਆਂ ਜਾਣ ਤੇ ਬੇਲੋੜੇ ਖਰਚ ਤੋਂ ਬਚਿਆ ਜਾਵੇ। ਕੈਂਪ ਦੌਰਾਨ ਸਹਾਇਕ ਤਕਨਾਲੋਜੀ ਮੈਨੇਜਰ ਨਿਖਿਲ ਸਿੰਗਲਾ, ਹਰਜਿੰਦਰ ਸਿੰਘ, ਬੇਲਦਾਰ ਸਿਮਰਜੀਤ ਸਿੰਘ ਤੇ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

# ਮੋਰਚੇ ਦੇ 21ਵੇਂ ਦਿਨ ਕਿਸਾਨ ਆਗੂਆਂ ਪੰਜਾਬ ਸਰਕਾਰ ਦਾ ਫੂਕਿਆ ਪੁਤਲਾ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋਂ ਡੀਸੀ ਦਫਤਰ ਤਰਨਤਾਰਨ ਅੱਗੇ ਲੱਗਾ ਮੋਰਚਾ 21ਵੇਂ ਦਿਨ ਵਿੱਚ ਦਾਖਲ ਹੋ ਗਿਆ। ਸਰਕਾਰ ਦੇ ਕਿਸਾਨ ਮਜ਼ਦੂਰ ਵਿਰੋਧੀ ਰਵੱਈਏ ਨੂੰ ਦੇਖਦਿਆਂ ਜਥੇਬੰਦੀ ਵੱਲੋਂ 15 ਦਸੰਬਰ ਤੋਂ 15 ਜਨਵਰੀ ਤੱਕ ਟੋਲ ਪਲਾਜ਼ੇ ਫਰੀ ਕਰਨ ਦੇ ਕੀਤੇ ਐਲਾਨ ਤਹਿਤ ਅੰਮ੍ਰਿਤਸਰ ਤੋਂ ਖੇਮਕਰਨ ਰੋਡ ਮੰਨਣ ਟੋਲ ਪਲਾਜ਼ਾ 'ਤੇ ਧਰਨੇ ਦੌਰਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਅਧੀਨ ਜ਼ੋਨ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਤੇ ਸਖਤ ਸ਼ਬਦਾਂ ਵਿੱਚ ਸੂਬਾ ਸਰਕਾਰ ਦੀ ਨਿਖੇਧੀ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਜਨਰਲ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਮੀਤ ਪ੍ਰਧਾਨ ਅੰਗਰੇਜ਼ ਸਿੰਘ ਦਬੁਰਜੀ, ਪ੍ਰਧਾਨ ਬਲਜੀਤ ਸਿੰਘ ਰਟੌਲ, ਜ਼ੋਨ ਸੀਨੀਅਰ ਆਗੂ ਬਾਬਾ ਸਵਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਮੋਰਚੇ ਦੀਆਂ ਮੰਗਾਂ ਦੀ ਲਗਾਤਾਰ ਅਣਦੇਖੀ ਕੀਤੀ ਜਾ ਰਹੀ ਹੈ ਜਿਸ ਨੂੰ ਦੇਖਦੇ ਹੋਏ ਜਥੇਬੰਦੀ ਦੇ ਪਹਿਲਾਂ ਤੋਂ ਐਲਾਨੇ ਐਕਸ਼ਨ ਤਹਿਤ ਸੜਕਾਂ ਟੋਲ ਮੁਕਤ ਕੀਤੀਆਂ ਗਈਆਂ ਪਰ ਆਵਾਜਾਈ ਬਿਲਕੁਲ ਨਹੀਂ ਰੋਕੀ ਜਾਵੇਗੀ। ਕਾਰਪੋਰੇਟ ਘਰਾਣਿਆਂ ਦੀ ਹਮਾਇਤ ਕਰਦੇ ਹੋਏ ਕੁਝ ਐੱਮਐੱਲਏ ਦੁਆਰਾ ਪਾਲੇ ਹੋਏ ਗੁੰਡਿਆਂ ਨੇ ਇੱਕ ਦੋ ਥਾਵਾਂ 'ਤੇ ਹੁੱਲੜਬਾਜ਼ੀ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਕਾਰਪੋਰੇਟ ਪੱਖੀ ਫੈਸਲੇ ਲੈ ਰਹੀ, ਜਿਸ ਕਾਰਨ ਆਮ ਨਾਗਰਿਕ ਮਹਿੰਗਾਈ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਰੋਜ਼ ਪੰਜਾਬ ਦੀ ਜਵਾਨੀ ਦਾ ਘਾਣ ਕਰ ਰਹੇ ਹਨ। ਆਗੂਆਂ ਕਿਹਾ ਕਿ ਇਹੋ ਜਿਹੀਆਂ ਘਟਨਾਵਾਂ ਸਰਕਾਰ ਦੇ ਸਾਰੇ ਦਾਅਵਿਆਂ ਦੀ ਹਵਾ ਕੱਢ ਰਹੀਆਂ ਹਨ। ਇਸ ਮੌਕੇ ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ। ਇਸ ਮੌਕੇ ਪ੍ਰਧਾਨ ਹਰਜੀਤ ਸਿੰਘ ਮੰਨਣ, ਪ੍ਰਧਾਨ ਗੁਰਮੀਤ ਸਿੰਘ ਐਮਾਂ ਕਲਾਂ, ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਪ੍ਰਧਾਨ ਬਲਜੀਤ ਸਿੰਘ ਰਟੌਲ, ਹਰਜਿੰਦਰ ਸਿੰਘ ਪੰਡੋਰੀ ਸਿਧਵਾਂ, ਪ੍ਰਧਾਨ ਧਰਮ ਸਿੰਘ ਠੱਠਗੜ੍ਹ, ਪ੍ਰਧਾਨ ਪ੍ਰਗਟ ਸਿੰਘ, ਪ੍ਰਧਾਨ ਅਮਰੀਕ ਸਿੰਘ ਬਾਲਾਚੱਕ, ਪ੍ਰਧਾਨ ਸਤਵਿੰਦਰ ਸਿੰਘ, ਪ੍ਰਧਾਨ ਜਗੀਰ ਸਿੰਘ, ਪ੍ਰਧਾਨ ਪ੍ਰਗਟ ਸਿੰਘ ਅਤੇ ਸੈਂਕੜੇ ਬੀਬੀਆਂ ਤੇ ਬੰਦਿਆਂ ਦਾ ਇਕੱਠ ਹਾਜ਼ਰ ਸੀ।

# ਕ੍ਰਿਸਮਸ ਨੂੰ ਮੁੱਠੀ ਭਰ ਬਦਾਮਾਂ ਨਾਲ ਸੁਚੇਤ ਹੋ ਕੇ ਮਨਾਓ !

**ਲੁਧਿਆਣਾ** : ਕ੍ਰਿਸਮਸ ਬੇਸ਼ੱਕ ਸਾਲ ਦੇ ਸਭ ਤੋਂ ਵੱਧ ਉਡੀਕੇ ਜਾਣ ਵਾਲੇ ਜਸ਼ਨਾਂ ਵਿੱਚੋਂ ਇੱਕ ਹੈ। ਜਿਵੇਂ ਦਸੰਬਰ ਆਉਂਦਾ ਹੈ, ਇਹ ਐਕਸ-ਮਾਸ ਟ੍ਰੀਜ਼, ਜਿੰਗਲਿੰਗ ਘੰਟੀਆਂ, ਕੈਰੋਲਿੰਗ ਕੋਇਰਜ਼ ਅਤੇ ਸੀਕ੍ਰੇਟ ਸੈਂਟਾਜ਼ ਦਾ ਸਮਾਂ ਹੁੰਦਾ ਹੈ। ਮਿਲਣ-ਜੁਲਣ ਅਤੇ ਡਿਨਰ ਪਾਰਟੀਆਂ, ਸਰਪ੍ਰਾਈਜ਼, ਛੁੱਟੀਆਂ ਅਤੇ ਤੋਹਫਿਆਂ ਤੋਂ ਸ਼ੁਰੂ ਕਰਦੇ ਹੋਏ ਕ੍ਰਿਸਮਸ ਵਿੱਚ ਹਰ ਕਿਸੇ ਲਈ ਕੁਝ ਨਾ ਕੁਝ ਹੁੰਦਾ ਹੈ। ਇਸ ਦੇ ਨਾਲ ਸਰਦੀਆਂ ਦੀ ਠੰਢ ਅਤੇ ਸਵੈਟਰ-ਮੌਸਮ ਇਸ ਨੂੰ ਹੋਰ ਵੀ ਮਜੇਦਾਰ ਬਣਾਉਂਦੇ ਹਨ ਜਦੋਂਕਿ ਕ੍ਰਿਸਮਸ ਕਈ ਕਾਰਨਾਂ ਕਰਕੇ ਰੋਮਾਂਚਕ ਹੁੰਦਾ ਹੈ, ਸਾਡੇ ਵਿੱਚੋਂ ਜ਼ਿਆਦਾਤਰ ਲੋਕ ਜਿਸ ਚੀਜ ਦੀ ਉਡੀਕ ਕਰਦੇ ਹਨ, ਉਹ ਬਹੁਤ ਸਾਰੇ ਲਿਪ-ਸਮੈਕਿੰਗ ਮਜ਼ੇਦਾਰ ਭੋਜਨਾਂ ਦੀ ਕਿਸਮ ਹੈ। ਕ੍ਰਿਸਮਸ ਤੁਹਾਡੀ ਖਾਣਾ ਪਕਾਉਣ ਦੀ ਸ਼ੈਲੀ ਨੂੰ ਤਾਜਾ ਕਰਨ ਅਤੇ ਨਵੀਆਂ ਪਕਵਾਨਾਂ ਨੂੰ ਅਜਮਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਸੁਆਦੀ ਅਤੇ ਸਿਹਤਮੰਦ ਹੁੰਦੇ ਹਨ। ਪ੍ਰਮੁੱਖ ਬਾਲੀਵੁੱਡ ਅਭਿਨੇਤਰੀ ਅਤੇ ਮਸ਼ਹੂਰ ਹਸਤੀ, ਸੋਹਾ ਅਲੀ ਖਾਨ ਨੇ ਕਿਹਾ ਕਿ ਕ੍ਰਿਸਮਸ ਸਾਡੇ ਘਰ ਵਿੱਚ ਸਭ ਤੋਂ ਵੱਧ ਮੰਗ ਵਾਲੇ ਸਮੇਂ ਵਿੱਚੋਂ ਇੱਕ ਹੈ। ਮੈਨੂੰ ਲਾਈਟਾਂ ਨਾਲ ਆਪਣੇ ਘਰ ਨੂੰ ਸਜਾਉਣਾ, ਇੱਕ ਸਜਾਵਟੀ ਕ੍ਰਿਸਮਸ ਟ੍ਰੀ ਬਣਾਉਣਾ ਅਤੇ ਆਪਣੀ ਧੀ ਨਾਲ ਸੁਆਦੀ ਚੀਜ਼ਾਂ ਬਣਾਉਣਾ ਪਸੰਦ ਹੈ। ਗੀਤਿਕਾ ਸਮਾਦਾਰ, ਖੇਤਰ ਮੁਖੀ ਡਾਇਟੈਟਿਕਸ, ਮੈਕਸ ਹੈਲਥਕੇਅਰ, ਦਿੱਲੀ ਨੇ ਕਿਹਾ ਕਿ ਕ੍ਰਿਸਮਸ ਆਪਣੇ ਪਰਿਵਾਰ ਨਾਲ ਵਧੀਆ ਸਮਾਂ ਬਿਤਾਉਣ ਅਤੇ ਤਿਉਹਾਰਾਂ ਵਿੱਚ ਸ਼ਾਮਲ ਹੋਣ ਦਾ ਵਧੀਆ ਸਮਾਂ ਹੁੰਦਾ ਹੈ।

# ਸੰਤ ਸਿੰਘ ਸੁੱਖਾ ਸਿੰਘ ਸਕੂਲ 'ਚ ਕਰਵਾਇਆ ਸਾਲਾਨਾ ਸਮਾਰੋਹ



**ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)**-ਸੰਤ ਸਿੰਘ ਸੁੱਖਾ ਸਿੰਘ ਸਕੂਲ ਵਿੱਚ ਸਲਾਨਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵਲੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਦੇ ਨਾਲ ਜ਼ਿਲ੍ਹਾ ਯੂਥ ਪ੍ਰਧਾਨ ਰੁਪਿੰਦਰ ਕੌਰ ਸੰਧੂ ਨੇ ਵੀ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਇਸ ਮੌਕੇ ਡਾਇਰੈਕਟਰ ਜਗਦੀਸ਼ ਸਿੰਘ ਅਤੇ ਪ੍ਰਿੰਸੀਪਲ ਮੈਡਮ ਵਰਿੰਦਰ ਕੌਰ ਕੱਲਸੀ ਵਲੋਂ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸਕੂਲੀ ਬੱਚਿਆਂ ਵਲੋਂ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਦੌਰਾਨ ਬੱਚਿਆਂ ਵਲੋਂ ਪਾਨੀ ਦੀ ਸਾਭ ਸੰਭਾਲ ਦਾ ਜਿਥੇ ਮੈਸਜ ਦਿਤਾ ਗਿਆ ਉਥੇ ਹੀ ਮੋਬਾਇਲ ਫੋਨ ਦੀ ਲੋੜ ਮੁਤਾਬਕ ਵਰਤੋਂ ਕਰਨ ਦਾ ਸੰਦੇਸ਼ ਦਿਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਡਾ:ਕਸ਼ਮੀਰ ਸਿੰਘ ਸੋਹਲ ਨੇ ਪ੍ਰੋਗਰਾਮ ਦੀਆਂ ਸ਼ੁਭ ਕਾਮਨਾਵਾ ਦਿੱਤੀਆਂ। ਉਥੇ ਹੀ ਕਿਹਾ ਕਿ ਸਾਨੂੰ ਸਾਰਿਆਂ ਨੂੰ ਪੜ੍ਹਾਈ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾ ਜੋ ਬੱਚੇ ਪੜ ਲਿਖ ਕੇ ਸਮਾਜ ਵਿੱਚ ਨੌਕਰੀਆ ਕਾਰੋਬਾਰਾ ਵਿੱਚ ਚੰਗਾ ਸਥਾਨ ਪ੍ਰਾਪਤ ਕਰ ਕੇ ਆਪਣੇ ਸਕੂਲ ਅਤੇ ਮਾਂ ਬਾਪ ਦਾ ਨਾਮ ਰੌਸ਼ਨ ਕਰਨ। ਉਨ੍ਹਾਂ ਕਿਹਾ ਕਿ ਅਸੀਂ ਜੋ ਲਕਸ਼ ਤੈਅ ਕਰਦੇ ਹਾਂ ਉਹ ਮਿਹਨਤ ਨਾਲ ਕਰੀਏ ਤਾਂ ਜ਼ਰੂਰ ਪੂਰਾ ਹੁੰਦਾ ਹੈ। ਇਸ ਮੌਕੇ ਡਾਇਰੈਕਟਰ ਜਗਦੀਸ਼ ਸਿੰਘ ਅਤੇ ਪ੍ਰਿੰਸੀਪਲ ਮੈਡਮ ਵਰਿੰਦਰ ਕੌਰ ਕਲਸੀ, ਵਾਇਸ ਪ੍ਰਿੰਸੀਪਲ ਮੈਡਮ ਅੰਜੂ ਸੂਦ ਵਲੋਂ ਹਲਕਾ ਵਿਧਾਇਕ ਡਾ: ਕਸ਼ਮੀਰ ਸਿੰਘ ਸੋਹਲ, ਜ਼ਿਲ੍ਹਾ ਯੂਥ ਵਾਇਸ ਪ੍ਰਧਾਨ ਰੁਪਿੰਦਰ ਕੌਰ ਸੰਧੂ, ਪੀਏ ਪ੍ਰਦੀਪ ਸਿੰਘ, ਮਨਪ੍ਰੀਤ ਸਿੰਘ ਸੰਧੂ ਨੂੰ ਸਨਮਾਨਿਤ ਕੀਤਾ ਅਤੇ ਆਏ ਹੋਏ ਮੋਹਤਬਰਾਂ ਦਾ ਧੰਨਵਾਦ ਕੀਤਾ।

# ਪੁਲਸ ਤੰਤਰ 'ਚ ਫੈਲੇ ਭ੍ਰਿਸ਼ਟਾਚਾਰ 'ਤੇ ਪ੍ਰਗਟਾਈ ਗਹਿਰੀ ਚਿੰਤਾ



**ਬਟਾਲਾ (ਤਰਲੋਕ ਬੱਗਾ)**-ਫੈਜ਼ਪੁਰਾ ਰੋਡ ਵਿਖੇ ਪੰਜਾਬ ਕਿਸਾਨ ਯੂਨੀਅਨ ਅਤੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪੁਲਸ ਦਾ ਰਾਜਸੀਕਰਨ ਕਰਨ ਅਤੇ ਇਸ ਅਧਾਰ ਉਪਰ ਪੁਲਸ ਵਿਚ ਵੱਡੇ ਪੱਧਰ ਉਪਰ ਫੈਲ ਰਹੇ ਭ੍ਰਿਸ਼ਟਾਚਾਰ ਬਾਬਤ ਗਹਿਰੀ ਚਿੰਤਾ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪਹਿਲੀਆਂ ਸਰਕਾਰਾਂ ਦਰਮਿਆਨ ਕੋਈ ਫਰਕ ਨਹੀਂ ਲੱਗ ਰਿਹਾ। ਇਸ ਸਬੰਧੀ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਉਸਨੇ ਇੱਕ ਨਵੰਬਰ ਨੂੰ ਆਪਣੀ ਜ਼ਮੀਨ ਦਾ ਮਾਲ ਮਹਿਕਮੇ ਦੁਆਰਾ ਦਖਲ ਲਿਆ ਸੀ ਜਿਸ ਸਬੰਧੀ ਉਸ ਦੇ ਦੱਖਲ ਨੂੰ ਇੱਕ ਵਿਅਕਤੀ ਨਾਂ ਮੰਨ ਕੇ ਦੱਖਲ ਅਨੁਸਾਰ ਵੱਟ ਨਹੀਂ ਪਾਉਣ ਦੇ ਰਿਹਾ। ਇਸ ਸਬੰਧੀ ਡੇਢ ਮਹੀਨਾ ਪਹਿਲਾਂ ਘੁੰਮਣ ਕਲਾਂ ਥਾਣੇ ਵਿਚ ਸ਼ਿਕਾਇਤ ਕੀਤੀ ਸੀ ਪਰ ਕੋਈ ਕਾਰਵਾਈ ਨਹੀਂ ਹੋਈ ਤਾਂ ਉਨ੍ਹਾਂ ਦੱਸਿਆ ਕਿ ਦੋ ਵਾਰ ਉਹ ਐੱਸਐੱਸਪੀ ਗੁਰਦਾਸਪੁਰ ਨੂੰ ਸ਼ਿਕਾਇਤ ਦੇ ਚੁੱਕਾ ਹੈ ਜਿਨ੍ਹਾਂ ਸ਼ਿਕਾਇਤ ਨੂੰ ਨਿਪਟਾਰੇ ਲਈ ਡੀਐੱਸਪੀ ਕਲਾਨੌਰ, ਘੁੰਮਣ ਕਲਾਂ ਕੁਲਵਿੰਦਰ ਸਿੰਘ ਨੂੰ ਭੇਜੀ ਸੀ ਜੋ ਮਾਲ ਮਹਿਕਮੇ ਦੀ ਨਿਸ਼ਾਨਦੇਹੀ ਰਿਪੋਰਟ ਉਪਰ ਕੋਈ ਕਾਰਵਾਈ ਕਰਨ ਤੋਂ ਇਨਕਾਰੀ ਹੈ ਅਤੇ ਸਿਆਸੀ ਦਬਾਅ ਹੇਠ ਖੁਲੇਆਮ ਦੱਖਲ ਨੂੰ ਨਾ ਮੰਨਣ ਵਾਲੇ ਦਾ ਪੱਖ ਲੈ ਰਿਹਾ ਹੈ।

ਬੱਖਤਪੁਰਾ ਨੇ ਹੋਰ ਕਿਹਾ ਕਿ ਜੇਕਰ ਸਬੰਧਤ ਥਾਣਾ ਮੁਖੀ ਅਤੇ ਡੀਐੱਸਪੀ ਨੇ ਇੱਕ ਹਫਤੇ ਦੇ ਅੰਦਰ ਅੰਦਰ ਉਸ ਦੇ ਦੱਖਲ ਨੂੰ ਲਾਗੂ ਨਾ ਕਰਵਾਇਆ ਤਾਂ ਸੰਯੁਕਤ ਕਿਸਾਨ ਮੋਰਚੇ ਵਲੋਂ ਡੀਐੱਸਪੀ ਦੇ ਵਿਰੁੱਧ ਧਰਨਾ ਦਿੱਤਾ ਜਾਵੇਗਾ। ਮੀਟਿੰਗ ਵਿੱਚ ਗੁਲਜ਼ਾਰ ਸਿੰਘ ਭੁੰਬਲੀ, ਗੁਰਵਿੰਦਰ ਸਿੰਘ, ਸਤਵੰਤ ਸਿੰਘ ਛੀਨਾ, ਗੁਰਵਿੰਦਰ ਸਿੰਘ ਬੱਬੀ, ਅਮਰ ਸਿੰਘ ਅਤੇ ਅਨੂਪ ਸਿੰਘ ਜ਼ਾਮਿਲ ਸਨ।

# ਏ ਡੀ ਸੀ ਪੇਂਡੂ ਵਿਕਾਸ ਤਰਨਤਾਰਨ ਵੱਲੋਂ ਮਿੰਨੀ ਜੰਗਲ ਦਾ ਨਿਰੀਖਣ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮਹਾਤਮਾ ਗਾਂਧੀ ਨਰੇਗਾ ਸਕੀਮ ਅਧੀਨ ਬਲਾਕ ਪੱਟੀ ਵਿਖੇ ਗ੍ਰਾਮ ਪੰਚਾਇਤ ਕੈਰੋਂ ਦੇ ਨਜ਼ਦੀਕ ਵਣ ਵਿਭਾਗ ਦੀ ਸਰਕਾਰੀ ਜ਼ਮੀਨ 2.5 ਏਕੜ ਵਿੱਚ ਤਿਆਰ ਕੀਤੇ ਜਾ ਰਹੇ ਮਿੰਨੀ ਜੰਗਲ ਅਤੇ ਬਣਾਈ ਜਾ ਰਹੀ ਨਰਸਰੀ ਦਾ ਰਵਿੰਦਰਪਾਲ ਸਿੰਘ ਸੰਧੂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਤਰਨ ਤਾਰਨ ਵੱਲੋਂ ਨਿਰੀਖਣ ਕੀਤਾ ਗਿਆ। ਬਲਾਕ ਅਫਸਰ ਵਣ ਰੇਂਜ, ਪੱਟੀ ਵੱਲੋਂ ਦੱਸਿਆ ਕਿ ਮਿੰਨੀ ਜੰਗਲ ਵਿੱਚ ਵੱਖ-2 ਕਿਸਮਾਂ ਜਿਵੇਂ ਬੋਹੜ, ਪਿੱਪਲ, ਧ੍ਰੇਕ, ਟਾਹਲੀ, ਅਮਰੂਦ, ਜਾਮਨ, ਅੰਬ, ਅਰਜੁਨ, ਕਦਮ, ਪਿਲਕਣ (ਛਾਂ-ਦਾਰ ਅਤੇ ਫੁੱਲਦਾਰ) ਪੌਦੇ ਲਗਾਏ ਗਏ ਹਨ ਅਤੇ ਤਿਆਰ ਕੀਤੀ ਜਾ ਰਹੀ ਨਰਸਰੀ ਵਿੱਚ ਤਿਆਰ ਹੋਣ ਵਾਲੇ 30,000 ਬੂਟੇ ਆਉਣ ਵਾਲੇ ਸੀਜਨ ਵਿੱਚ ਲਗਾਉਣ ਲਈ ਤਿਆਰ ਹੋ ਜਾਣਗੇ। ਨਿਰੀਖਣ ਦੌਰਾਨ ਕੰਮਾਂ ਵਿੱਚ ਪਾਇਆ ਗਿਆ ਕਿ ਪਿੰਡਾਂ ਦੇ ਜਾਬ ਕਾਰਡ ਹੋਲਡਰਾਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ। ਵਧੀਕ ਡਿਪਟੀ ਕਮਿਸਨਰ (ਪੇਂਡੂ ਵਿਕਾਸ) ਨਿਰਦੇਸ਼ ਦਿੱਤੇ ਗਏ ਕਿ ਮਿੰਨੀ ਜੰਗਲ ਵਿੱਚ ਸੰਘਣੇ ਅਤੇ ਮੀਆਂਵਾਕੀ ਤਕਨੀਕ ਨਾਲ ਬੂਟੇ ਲਗਾਏ ਜਾਣ ਤਾਂ ਜੋ ਮਿੰਨੀ ਜੰਗਲ ਤਿਆਰ ਕਰਨ ਦੇ ਮਨੋਰਥ ਨੂੰ ਹਦਾਇਤਾਂ ਅਨੁਸਾਰ ਤਿਆਰ ਕੀਤੇ ਜਾ ਸਕੇ ਅਤੇ ਤਿਆਰ ਕੀਤੀ ਜਾ ਰਹੀ ਨਰਸਰੀ ਦੀ ਪ੍ਰਗਤੀ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਜਾਰੀ ਕੀਤੀਆ ਗਈਆਂ ਤਾਂ ਜੋ ਇਸ ਨਰਸਰੀ ਵਿੱਚ ਤਿਆਰ ਕੀਤੇ ਜਾ ਰਹੇ ਪੌਦਿਆਂ ਨੂੰ ਨੇੜਲੇ ਸੀਜ਼ਨ ਵਿੱਚ ਵੱਖ-2 ਸਰਕਾਰੀ ਥਾਂਵਾਂ 'ਤੇ ਲਗਾਉਣ ਲਈ ਵਰਤਿਆ ਜਾ ਸਕੇ ਅਤੇ ਇਨ੍ਹਾਂ ਕੰਮਾਂ ਨੂੰ ਸਮਾਂ ਬੱਧ ਟੀਚੇ ਅਨੁਸਾਰ ਮੁਕੰਮਲ ਕੀਤਾ ਜਾਵੇ।

# ਚੇਅਰਮੈਨ ਰਮਨ ਬਹਿਲ ਨੇ ਗੁਰਦਾਸਪੁਰ ਵਾਸੀਆਂ ਨੂੰ ਦਿੱਤਾ ਵੱਡਾ ਤੋਹਫਾ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਗੁਰਦਾਸਪੁਰ ਵਾਸੀਆਂ ਨੂੰ ਬਹੁਤ ਵੱਡਾ ਤੋਹਫਾ ਮਿਲਣ ਜਾ ਰਿਹਾ ਹੈ। ਬਹਿਲ ਨੇ ਗੁਰਦਾਸਪੁਰ ਵਾਸੀਆਂ ਨਾਲ ਕੀਤੇ ਆਪਣੇ ਵਾਅਦੇ ਨੂੰ ਨਿਭਾਉਂਦਿਆਂ ਸ਼ਹਿਰ ਅੰਦਰ ਬੰਦ ਪਏ ਪੁਰਾਣੇ ਸਿਵਲ ਹਸਪਤਾਲ ਨੂੰ ਮੁੜ ਸ਼ੁਰੂ ਕਰਨ ਦੀ ਪੰਜਾਬ ਸਰਕਾਰ ਕੋਲੋਂ ਮਨਜ਼ੂਰੀ ਦਿਵਾ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਬੰਦ ਪਏ ਇਸ ਹਸਪਤਾਲ ਨੂੰ 30 ਬੈਡੱਡ ਅਰਬਨ ਕਮਿਊਨਿਟੀ ਹੈਲਥ ਸੈਂਟਰ ਦਾ ਦਰਜਾ ਦੇ ਦਿੱਤਾ ਗਿਆ ਹੈ ਅਤੇ ਹੁਣ ਇੱਥੇ 24 ਘੰਟੇ ਐਮਰਜੈਂਸੀ ਸੇਵਾਵਾਂ ਮਿਲਣ ਦੇ ਨਾਲ ਗਾਇਨੀ ਸਮੇਤ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰ ਤਾਇਨਾਤ ਕੀਤੇ ਜਾਣਗੇ। ਅੱਜ ਪੁਰਾਣੇ ਹਸਪਤਾਲ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਗੁਰਦਾਸਪੁਰ ਵਾਸੀਆਂ ਨਾਲ ਇਹ ਖੁਸ਼ਖਬਰੀ ਸਾਂਝੀ ਕਰਦਿਆਂ ਬਹਿਲ ਨੇ ਕਿਹਾ ਕਿ ਗੁਰਦਾਸਪੁਰ ਸ਼ਹਿਰ ਵਿੱਚ ਹਸਪਤਾਲ ਮੁੜ ਸ਼ੁਰੂ ਕਰਨ ਦੇ ਫੈਸਲੇ ਨਾਲ ਉਨ੍ਹਾਂ ਨੂੰ ਦਿਲੀ ਸਕੂਨ ਮਿਲਿਆ ਹੈ ਕਿਉਂਕਿ ਹੁਣ ਸ਼ਹਿਰ ਵਾਸੀਆਂ ਨੂੰ ਆਪਣੇ ਇਲਾਜ ਲਈ ਦੂਰ ਨਹੀਂ ਜਾਣਾ ਪਵੇਗਾ। ਉਨ੍ਹਾਂ ਕਿਹਾ ਕਿ ਸਾਲ 2016 ਵਿੱਚ ਜਦੋਂ ਅਕਾਲੀ-ਭਾਜਪਾ ਸਰਕਾਰ ਨੇ ਗੁਰਦਾਸਪੁਰ ਸ਼ਹਿਰ ਵਿੱਚੋਂ ਸਿਵਲ ਹਸਪਤਾਲ ਨੂੰ ਬੰਦ ਕਰਕੇ ਸ਼ਹਿਰੋਂ ਬਾਹਰ ਕੱਢ ਦਿੱਤਾ ਗਿਆ ਸੀ ਤਾਂ ਉਹ ਓਦੋਂ ਤੋਂ ਹੀ ਸਿਹਤ ਸਹੂਲਤਾਂ ਨੂੰ ਲੈ ਕੇ ਫਿਕਰਮੰਦ ਸਨ। ਉਨ੍ਹਾਂ ਕਿਹਾ ਕਿ ਪੁਰਾਣੇ ਹਸਪਤਾਲ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਨੂੰ ਲੈ ਕੇ ਓਨ੍ਹਾਂ ਨੇ ਆਪਣੇ ਸਾਥੀਆਂ ਨਾਲ ਕਈ ਵਾਰ ਧਰਨੇ ਪ੍ਰਦਰਸਨੀ ਵੀ ਕੀਤੇ ਸਨ। ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਨੇ ਗੁਰਦਾਸਪੁਰ ਵਾਸੀਆਂ ਨਾਲ ਪੁਰਾਣੇ ਹਸਪਤਾਲ ਨੂੰ ਮੁੜ ਸ਼ੁਰੂ ਕਰਨ ਦਾ ਵਾਅਦਾ ਵੀ ਕੀਤਾ ਸੀ। ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਨੇ ਪੂਰੇ ਜ਼ੋਰਦਾਰ ਢੰਗ ਨਾਲ ਗੁਰਦਾਸਪੁਰ ਵਾਸੀਆਂ ਦੀ ਇਸ ਮੰਗ ਨੂੰ ਸਰਕਾਰ ਅੱਗੇ ਰੱਖਿਆ ਅਤੇ ਲਗਾਤਾਰ ਇਸ ਮਸਲੇ ਦੀ ਪੈਰਵੀ ਕੀਤੀ। ਅਰਵਿੰਦ ਕੇਜਰੀਵਾਲ, ਮੁੱਖ ਮੰਤਰ ਮਾਨ, ਸਿਹਤ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਗੁਰਦਾਸਪੁਰ ਵਾਸੀਆਂ ਦੀ ਇਸ ਜਾਇਜ ਮੰਗ ਨੂੰ ਪੂਰਾ ਕਰਕੇ ਵੱਡੀ ਸਹੂਲਤ ਦਿੱਤੀ ਹੈ। ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਗੁਰਦਾਸਪੁਰ ਦੇ ਪੁਰਾਣੇ ਹਸਪਤਾਲ ਨੂੰ 30 ਬੈਡਿਡ ਅਰਬਨ ਕਮਿਊਨਿਟੀ ਹੈਲਥ ਸੈਂਟਰ ਦਾ ਦਰਜਾ ਦੇ ਦਿੱਤਾ ਹੈ ਜਿਸ ਨਾਲ ਇਥੇ 24 ਘੰਟੇ ਐਮਰਜੈਂਸੀ ਸੇਵਾਵਾਂ, ਜੱਚਾ-ਬੱਚਾ ਵਾਰਡ ਸਮੇਤ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਪੱਤਰ ਜਾਰੀ ਕਰ ਦਿੱਤਾ ਗਿਆ ਹੈ ਅਤੇ ਜਲਦੀ ਹੀ ਇਸ ਉੱਪਰ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਬਹੁਤ ਜਲਦੀ ਗੁਰਦਾਸਪੁਰ ਵਾਸੀਆਂ ਨੂੰ ਪੁਰਾਣੇ ਹਸਪਤਾਲ ਤੋਂ ਫਿਰ ਤੋਂ ਸਿਹਤ ਸਹੂਲਤਾਂ ਮਿਲਣੀਆਂ ਸ਼ੁਰੂ ਹੋ ਜਾਣਗੀਆਂ। ਪ੍ਰੈੱਸ ਕਾਨਫਰੰਸ ਦੌਰਾਨ ਸਿਵਲ ਸਰਜਨ ਡਾ. ਕੁਲਵਿੰਦਰ ਕੌਰ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸਕੱਤਰ ਭਾਰਤ ਭੂਸ਼ਨ, ਸਹਾਇਕ ਸਿਵਲ ਸਰਜਨ ਡਾ. ਭਾਰਤ ਭੂਸ਼ਨ, ਡਾ. ਰੋਮੀ ਰਾਜਾ, ਡਾ. ਚੇਤਨਾ, ਯੋਗੇਸ਼, ਹਿਤੇਸ਼ ਕੁਮਾਰ, ਭਾਰਤੀ ਸ਼ਰਮਾ, ਐੱਸ. ਐੱਨ. ਵਾਲੀਆ, ਸੁਖਦੇਵ ਰਾਜ, ਅਨਿਲ ਭੰਡਾਰੀ ਤੋਂ ਇਲਾਵਾ ਹੋਰ ਮੋਹਤਬਰ ਵੀ ਹਾਜ਼ਰ ਸਨ।

# ਦਿਲਰਾਜ ਸਿੰਘ ਸਰਕਾਰੀਆ ਮੁੜ ਬਣੇ ਚੇਅਰਮੈਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** : ਆਪ ਦੀ ਸਰਕਾਰ ਨੇ ਆਪਣੀ ਸਰਕਾਰ ਦੀ ਧੌਂਸ ਜਮਾਉਂਦਿਆਂ ਅੱਜ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਵਿਖੇ ਕਾਂਗਰਸ ਪਾਰਟੀ ਦੇ ਚੇਅਰਮੈਨ ਦਿਲਰਾਜ ਸਿੰਘ ਸਰਕਾਰੀਆ ਵਿਰੁੱਧ ਬੇਭਰੋਸਗੀ ਦਾ ਮਤਾ ਲਿਆਂਦਾ। ਇਸ ਮਤੇ 'ਚ ਦਿਲਰਾਜ ਸਿੰਘ ਸਰਕਾਰੀਆ ਨੇ ਆਪਣੇ ਵਿਰੋਧੀ ਕਸ਼ਮੀਰ ਸਿੰਘ ਖਿਆਲਾ ਨੂੰ 4 ਵੋਟਾਂ ਦੇ ਵੋਟਾਂ ਦੇ ਫਰਕ ਨਾਲ ਹਰਾਇਆ। ਦਿਲਰਾਜ ਸਿੰਘ ਸਰਕਾਰੀਆ ਨੇ ਅੱਜ ਕਾਂਗਰਸ ਦੀ ਲਾਜ ਰੱਖੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੂੰਹ 'ਤੇ ਕਾਂਗਰਸ ਦੀ ਇਹ ਜਿੱਤ ਕਰਾਰੀ ਚਪੇੜ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਦਿਲਰਾਜ ਸਿੰਘ ਸਰਕਾਰੀਆ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਨੂੰ ਬੇਭਰੋਸਗੀ ਦਾ ਮਤਾ ਜਿੱਤ ਕੇ ਦੁਬਾਰਾ ਚੇਅਰਮੈਨ ਬਣਨ 'ਤੇ ਵਧਾਈ ਦਿੰਦਿਆਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਇਹ ਚੋਣ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਅਕਾਲੀ ਦਲ ਬਾਦਲ ਨੇ ਮਿਲ ਕੇ ਲੜੀ। 5 ਅਕਾਲੀ ਦਲ ਦੇ ਅਤੇ 5 ਆਪ ਦੇ ਮੈਂਬਰ ਸਨ, ਜੋ ਖਿਆਲਾ ਨੂੰ ਭੁਗਤੇ। ਕੱਕੜ ਨੇ ਕਿਹਾ ਆਪ ਦੀ ਸਰਕਾਰ ਵਿੱਚ ਕਾਂਗਰਸ ਦੀ ਇਸ ਜਿੱਤ ਨਾਲ ਕਾਂਗਰਸੀ ਵਰਕਰਾਂ ਦੇ ਹੌਂਸਲੇ ਹੋਰ ਵਧੇ ਹਨ । ਕੱਕੜ ਨੇ ਉਨ੍ਹਾਂ ਸਭ ਮੈਂਬਰਾਂ ਧੰਨਵਾਦ ਕੀਤਾ, ਜਿਨ੍ਹਾਂ ਦਿਲਰਾਜ ਸਿੰਘ ਸਰਕਾਰੀਆ ਨੂੰ ਵੋਟ ਪਾਈ। ਇਸ ਮੌਕੇ ਰਵੀ ਪੀ ਏ ਸਰਕਾਰੀਆ, ਬੂਆ ਸਿੰਘ ਸੰਧੂ ਓ ਐਸ ਡੀ ਸਰਕਾਰੀਆ, ਗੁਰਦੇਵ ਸਿੰਘ ਸ਼ੂਹਰਾ ਮੈਂਬਰ, ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ, ਸਰਪੰਚ ਮੇਜਰ ਸਿੰਘ ਕੱਕੜ, ਸਰਪੰਚ ਰੇਸ਼ਮ ਸਿੰਘ ਬੱਚੀਵਿੰਡ, ਸਰਪੰਚ ਲਖਵਿੰਦਰ ਸਿੰਘ ਭਿੱਟੇਵੱਢ, ਸਰਪੰਚ ਦਿਲਬਾਗ ਸਿੰਘ ਮਿਆਦੀਆਂ, ਦਿਲਬਾਗ ਸਿੰਘ ਖਿਆਲਾ ਮੈਂਬਰ, ਰਿੰਕੂ ਚੋਗਾਵਾਂ, ਮੇਜਰ ਸਿੰਘ ਚੋਗਾਵਾਂ, ਸ਼ਾਹ, ਸਰਪੰਚ ਬੱਬੂ ਕਾਵੇਂ, ਸਰਪੰਚ ਨਿਰਵੈਲ ਸਿੰਘ ਚੋਗਾਵਾਂ, ਸਰਪੰਚ ਅਮਨ ਕੋਹਾਲਾ, ਸਰਪੰਚ ਦਲਬੀਰ ਸਿੰਘ ਕੋਹਾਲੀ ਆਦਿ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸਰਹੱਦੀ ਪਿੰਡ ਝਬਕਰਾ ਤੋਂ ਮਿਸ਼ਨ 'ਅਬਾਦ' ਦਾ ਆਗਾਜ਼



**ਗੁਰਦਾਸਪੁਰ (ਜਨਕ ਮਹਾਜਨ)**-ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਨਵੀਂ ਪਹਿਲਕਦਮੀ ਕਰਦਿਆਂ ਸਰਹੱਦੀ ਖੇਤਰ ਦੇ ਸਰਬਪੱਖੀ ਵਿਕਾਸ ਲਈ ਮਿਸ਼ਨ 'ਅਬਾਦ' (ਐਬਸੀਲਿਊਟ ਬਾਰਡਰ ਏਰੀਆ ਡਿਵੈਲਪਮੈਂਟ) ਦਾ ਅਗਾਜ਼ ਸਰਹੱਦੀ ਪਿੰਡ ਝਬਕਰਾ ਤੋਂ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਸ਼ਨ ਅਬਾਦ ਤਹਿਤ ਪਿੰਡ ਝਬਕਰਾ ਵਿੱਚ ਲਗਾਏ ਵਿਸ਼ੇਸ਼ ਕੈਂਪ ਵਿੱਚ ਸਰਹੱਦੀ ਪਿੰਡ ਝਬਕਰਾ ਤੋਂ ਇਲਾਵਾ ਮਕੌੜਾ, ਮਰਾੜਾ, ਐਮਾਂ, ਦਬੁਰਜੀ, ਜੋਗਰ, ਭਰਿਆਲ, ਤੂਰ, ਕਾਨਾ, ਫਰੀਦਪੁਰ ਅਤੇ ਚਿੱਟੀ ਪਿੰਡਾਂ ਦੇ ਵਸਨੀਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਕੈਂਪ ਦੌਰਾਨ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਪਹੁੰਚਾਉਣ ਦੇ ਨਾਲ ਉਨਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ। ਕੈਂਪ ਦੌਰਾਨ ਵਿਧਾਨ ਸਭਾ ਹਲਕਾ ਦੀਨਾਨਗਰ ਤੋਂ ਉੱਘੇ ਜਨਤਕ ਆਗੂ ਸ਼ਮਸ਼ੇਰ ਸਿੰਘ ਤੋਂ ਇਲਾਵਾ ਐੱਸ.ਡੀ.ਐੱਮ. ਦੀਨਾਨਗਰ ਡਾ. ਵਰੁਣ ਕੁਮਾਰ, ਭਾਰਤੀ ਫ਼ੌਜ ਦੇ ਮੇਜਰ ਹਰੀ ਰਾਮ, ਲੈਫਟੀਨੈਂਟ ਸਿਮਰਪ੍ਰੀਤ ਸਿੰਘ, ਸੰਜੇ ਕੁਮਾਰ ਸੈਕੰਡ ਇਨ ਕਮਾਂਡ ਬੀ. ਐੱਸ. ਐੱਫ. 58 ਬਟਾਲੀਅਨ, ਮੁਕੇਸ਼ ਯਾਦਵ ਅਸਿਸਟੈਂਟ ਕਮਾਂਡੇਟ ਬੀ. ਐੱਸ. ਐੱਫ, ਤਹਿਸੀਲਦਾਰ ਦੀਨਾਨਗਰ ਪਰਮਪ੍ਰੀਤ ਸਿੰਘ ਗੁਰਾਇਆ, ਨਾਇਬ ਤਹਿਸੀਲਦਾਰ ਅਭਿਸ਼ੇਕ ਵਰਮਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਸਭ ਤੋਂ ਪਹਿਲਾਂ ਮਿਸ਼ਨ ਅਬਾਦ ਤਹਿਤ ਲੱਗੇ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਨਿਰੀਖਣ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਕੈਂਪ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਵਿਕਾਸ ਦੇ ਕੰਮਾਂ, ਮਨਰੇਗਾ ਨਾਲ ਸਬੰਧਤ ਕੰਮਾਂ, ਬਾਰਡਰ ਏਰੀਆ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਰੂਰਲ ਏਰੀਆ ਸਰਟੀਫਿਕੇਟ, ਪੈਨਸ਼ਨ ਨਾਲ ਸਬੰਧਤ ਸੁਵਿਧਾਵਾਂ, ਸਿਹਤ ਵਿਭਾਗ ਨਾਲ ਸਬੰਧਤ ਸੁਵਿਧਾਵਾਂ, ਅਧਾਰ ਕਾਰਡ ਸੁਵਿਧਾ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨਾਲ ਸਬੰਧਤ ਸਹੂਲਤਾਂ ਦਾ ਲਾਭ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਹੋਰ ਵਿਭਾਗਾਂ ਨਾਲ ਸਬੰਧਤ ਮਸਲੇ ਵੀ ਸੁਣੇ ਗਏ। ਮਿਲਟਰੀ/ ਪੈਰਾ ਮਿਲਟਰੀ/ਪੁਲਸ ਅਧਿਕਾਰੀਆਂ ਵੱਲੋਂ ਫ਼ੌਜ/ਪੁਲਸ ਵਿੱਚ ਭਰਤੀ ਸਬੰਧੀ ਸਰਹੱਦੀ ਖੇਤਰ ਦੇ ਨੌਜਵਾਨਾਂ ਨੂੰ ਜਾਣਕਾਰੀ ਦਿੱਤੀ ਗਈ। ਓਧਰ ਸਰਹੱਦੀ ਪਿੰਡ ਝਬਕਰਾ ਦੇ ਵਸਨੀਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਇਸ ਪਹਿਲ ਕਦਮੀ ਦਾ ਸਵਾਗਤ ਕਰਦਿਆਂ ਕਿਹਾ ਕਿ ਜਿਹੜੇ ਕੰਮਾਂ ਲਈ ਉਨ੍ਹਾਂ ਨੂੰ ਗੁਰਦਸਪੁਰ ਜਾ ਕੇ ਦਫ਼ਤਰਾਂ ਦੇ ਗੇੜੇ ਮਾਰਨੇ ਪੈਣੇ ਸਨ ਅੱਜ ਉਹ ਕੰਮ ਉਨ੍ਹਾਂ ਦੇ ਪਿੰਡ ਹੀ ਹੋ ਗਏ। ਪਿੰਡ ਜੌਗਰ ਦੇ ਵਿਦਿਆਰਥੀ ਅੰਮ੍ਰਿਤਪਾਲ ਦਾ ਮੌਕੇ 'ਤੇ ਹੀ ਜਾਤੀ ਸਰਟੀਫਿਕੇਟ ਬਣ ਗਿਆ। ਇਸੇ ਤਰਾਂ ਹੋਰ ਵੀ ਬਹੁਤ ਸਾਰੇ ਵਿਅਕਤੀਆਂ ਨੂੰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਦਾ ਲਾਭ ਮੌਕੇ 'ਤੇ ਹੀ ਦਿੱਤਾ ਗਿਆ। ਉਘੇ ਜਨਤਕ ਆਗੂ ਸ਼ਮਸ਼ੇਰ ਸਿੰਘ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀ ਇਸ ਪਹਿਲਕਦਮੀ ਦਾ ਸਵਾਗਤ ਕੀਤਾ ਹੈ।

# ਸਾਬਕਾ ਵਿਧਾਇਕ ਭਲਾਈਪੁਰ ਬਣੇ ਵਾਈਸ ਪ੍ਰਧਾਨ




**ਬਿਆਸ (ਬਲਰਾਜ ਸਿੰਘ ਰਾਜਾ)**-ਹਲਕਾ ਬਾਬਾ ਬਕਾਲਾ ਸਾਹਿਬ ਦੇ ਸਾਬਕਾ ਵਿਧਾਇਕ ਸਰਦਾਰ ਸੰਤੋਖ ਸਿੰਘ ਭਲਾਈਪੁਰ ਕਾਂਗਰਸ ਪਾਰਟੀ ਵਲੋਂ ਅੰਮ੍ਰਿਤਸਰ ਦਿਹਾਤੀ ਦੇ ਸੀਨੀਅਰ ਵਾਈਸ ਪਧਾਨ ਬਣਾਏ ਜਾਣ 'ਤੇ ਭਲਾਈਪੁਰ ਨੇ ਸੋਨੀਆ ਗਾਂਧੀ, ਰਾਹੁਲ ਗਾਂਧੀ, ਕਾਂਗਰਸ ਦੇ ਪ੍ਰਧਾਨ ਮੁਕਲ ਅਰਜਨ ਖਾੜਕੇ, ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ।

# ਡੈਮੋਕਰੇਟਿਕ ਆਫਿਸਰਜ਼ ਫਰੰਟ ਨੇ ਮਾਰੀ ਬਾਜ਼ੀ, ਵਿਰੋਧੀ ਹੋਏ ਚਿੱਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )** ਗੁਰੂ ਨਾਨਕ ਦੇਵ ਯੂਨੀਵਰਸਿਟੀ ਆਫਿਸਰ ਐਸੋਸੀਏਸ਼ਨ ਦੀਆਂ ਅੱਜ ਹੋਈਆਂ ਚੋਣਾਂ ਵਿਚ ਰਜ਼ਨੀਸ਼ ਭਾਰਦਵਾਜ ਦੀ ਪਾਰਟੀ 'ਡੈਮੋਕਰੇਟਿਕ ਆਫਿਸਰਜ਼ ਫਰੰਟ' ਜਿਸ ਦਾ ਚੋਣ ਨਿਸ਼ਾਨ 'ਗੁਲਾਬ ਦਾ ਫੁੱਲ' ਹੈ, ਨੇ ਵਿਰੋਧੀ ਧਿਰ ਨੂੰ ਕਰਾਰੀ ਮਾਤ ਦਿੱਤੀ। ਜ਼ਿਕਰਯੋਗ ਹੈ ਕਿ ਰਜ਼ਨੀਸ਼ ਭਾਰਦਵਾਜ ਯੂਨੀਵਰਸਿਟੀ ਨੇ ਆਫਿਸਰਜ਼ ਐਸੋਸੀਏਸ਼ਨ ਦੀ ਪ੍ਰਧਾਨ ਦੀ ਚੋਣ ਵਿਚ 59 ਵੋਟਾਂ ਲੈ ਕੇ ਵਿਰੋਧੀ ਉਮੀਦਵਾਰ ਤੀਰਥ ਸਿੰਘ ਨੂੰ ਮਾਤ ਦਿੱਤੀ। ਇਥੇ ਜ਼ਿਕਰਯੋਗ ਹੈ ਕਿ ਰਜ਼ਨੀਸ਼ ਭਾਰਵਾਜ ਨੇ ਆਪਣੇ ਨਾਂਅ ਨੂੰ ਰਿਕਾਰਡ ਬੁੱਕ ਵਿਚ ਕਾਇਮ ਰੱਖਿਆ ਹੈ, ਉਹ ਯੂਨੀਵਰਸਿਟੀ ਦੇ ਸਭ ਤੋਂ ਛੋਟੀ ਉਮਰ ਦੇ ਕਾਰਜਕਾਰਨੀ ਮੈਂਬਰ, ਸਭ ਤੋਂ ਛੋਟੀ ਉਮਰ ਦੇ ਨਾਨ-ਟੀਚਿੰਗ ਸਕੱਤਰ, ਸਭ ਤੋਂ ਛੋਟੀ ਉਮਰ ਦੇ ਨਾਨ-ਟੀਚਿੰਗ ਦਾ ਪ੍ਰਧਾਨ ਅਤੇ ਹੁਣ ਯੂਨੀਵਰਸਿਟੀ ਅਫਸਰ ਐਸੋਸੀਏਸ਼ਨ ਵਿਚ ਸਭ ਤੋਂ ਛੋਟੀ ਉਮਰ ਦਾ ਪ੍ਰਧਾਨ ਬਣਨ ਦਾ ਉਨ੍ਹਾ ਨੂੰ ਮਾਣ ਵੀ ਯੂਨੀਵਰਸਿਟੀ ਦੇ ਅਫਸਰਾਂ ਨੇ ਉਨ੍ਹਾ ਨੂੰ ਬਖਸ਼ਿਆ ਹੈ। ਉਨ੍ਹਾ ਨੇ ਆਪਣੀ ਅਤੇ ਪਾਰਟੀ ਦੀ ਇਸ ਜਿੱਤ 'ਤੇ ਅਫਸਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਬਿਨਾਂ ਕਿਸੇ ਭੇਦਭਾਵ ਤੋਂ ਹਰ ਵਰਗ, ਹਰ ਕੇਡਰ, ਹਰ ਅਫਸਰ ਨੂੰ ਨਾਲ ਲੈ ਕੇ ਰੁਕੇ ਹੋਏ ਕੰਮਾਂ ਨੂੰ ਕਰਵਾਉਣਗੇ। ਉਨ੍ਹਾ ਦੱਸਿਆ ਕਿ ਡੈਮੋਕਰੇਟਿਕ ਆਫਿਸਰਜ਼ ਫਰੰਟ ਦੇ ਉਪ ਪ੍ਰਧਾਨ ਉਮੀਦਵਾਰ ਜਗੀਰ ਸਿੰਘ, ਸੰਯੁਕਤ ਸਕੱਤਰ ਵਿਪਨ ਕੁਮਾਰ ਅਤੇ ਕਾਰਜਕਾਰਨੀ ਦੇ ਮੈਂਬਰ ਗੁਰਮੀਤ ਥਾਪਾ ਅਤੇ ਰਾਜੇਸ਼ ਕੁਮਾਰ ਵੀ ਚੋਣ ਜਿੱਤ ਗਏ ਹਨ। ਉਨ੍ਹਾਂ ਦੀ ਜਿੱਤ ਦੇ ਮੌਕੇ ਮਨਵਿੰਦਰ ਸਿੰਘ, ਜਗੀਰ ਸਿੰਘ, ਵਿਪਨ ਕੁਮਾਰ, ਸਤੀਸ਼ ਕੁਮਾਰ, ਗੁਰਮੀਤ ਥਾਪਾ, ਰਜ਼ਨੀਸ਼, ਸੁਖਵਿੰਦਰ ਸਿੰਘ ਲਾਲੀ, ਰਾਜੇਸ਼ ਕੁਮਾਰ, ਬਲਬੀਰ ਸਿੰਘ, ਹਰਜੀਤ ਸਿੰਘ, ਹਰਵਿੰਦਰ ਕੌਰ, ਅਮਨ ਅਰੋੜਾ, ਨਰੇਸ਼ ਕੁਮਾਰ, ਅਸ਼ਵਨੀ ਕੁਮਾਰ, ਸਰਬਜੀਤ ਕੌਰ, ਪ੍ਰਿਆ ਅਨਮੋਲ, ਹਰਦੀਪ ਕੌਰ ਅਤੇ ਕੁਲਜਿੰਦਰ ਸਿੰਘ ਬੱਲ ਸਮੇਤ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਅਫਸਰ ਅਤੇ ਕਰਮਚਾਰੀ ਹਾਜ਼ਰ ਸਨ।

# ਸਾਲਵੇਸ਼ਨ ਆਰਮੀ ਚਰਚ ਤੋਂ ਸ਼ੋਭਾ ਯਾਤਰਾ 23 ਨੂੰ

**ਗੁਰਦਾਸਪੁਰ (ਜਨਕ ਮਹਾਜਨ)**-ਪਿੰਡ ਭੁੱਲੇਚੱਕ ਦੀ ਚਰਚ ਕਮੇਟੀ ਵਲੋਂ ਵੱਡੇ ਦਿਨ ਤੇ ਨਵੇਂ ਸਾਲ ਦੀ ਆਮਦ ਨੂੰ ਲੈ ਕੇ ਦੀ ਸਾਲਵੇਸ਼ਨ ਆਰਮੀ ਚਰਚ (ਮੁਕਤੀ ਫੌਜ) ਤੋਂ 23 ਦਸੰਬਰ ਨੂੰ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚਰਚ ਦੇ ਪ੍ਰਧਾਨ ਸ਼ਾਮ ਮਸੀਹ, ਪਾਦਰੀ ਪ੍ਰੇਮ ਮਸੀਹ, ਕੈਪਟਨ ਮਨਜੀਤ, ਕੇਵਲ ਮਸੀਹ, ਬਲਵੀਰ ਮਸੀਹ, ਲਾਡੀ ਮਸੀਹ, ਲੱਕੀ ਮਸੀਹ, ਭਾਰਤ ਮਸੀਹ, ਬਲਕਾਰ ਮਸੀਹ, ਬਬਲੂ ਮਸੀਹ, ਸੋਨੂੰ ਮਸੀਹ ਅਤੇ ਬੰਟੀ ਮਸੀਹ ਆਦਿ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪਿੰਡ ਦੀ ਸੰਗਤ ਤੇ ਚਰਚ ਕਮੇਟੀ ਦੇ ਸਹਿਯੋਗ ਨਾਲ ਹਰ ਸਾਲ ਵਾਂਗ ਇਸ ਵਾਰ ਵੀ ਪ੍ਰਭੂ ਯਿਸੂ ਮਸੀਹ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼ੋਭਾ ਯਾਤਰਾ 23 ਦਸੰਬਰ ਨੂੰ ਸਵੇਰੇ ਪਿੰਡ ਦੀ ਚਰਚ ਤੋਂ 10 ਵਜੇ ਰਵਾਨਾ ਹੋਵੇਗੀ ਅਤੇ ਭੁੱਲੇਚੱਕ ਕਲੋਨੀ, ਪੰਧੇਰ ਮੋੜ ਆਦਿ ਪਿੰਡਾਂ ਤੋਂ ਹੁੰਦੀ ਹੋਈ ਆਰੰਭਿਕ ਅਸਥਾਨ ਤੇ ਸਮਾਪਤ ਹੋਵੇਗੀ। ਉਨ੍ਹਾਂ ਦੱਸਿਆ ਕਿ ਸ਼ੋਭਾ ਯਾਤਰਾ ਨੂੰ ਲੈ ਕੇ ਪਿੰਡ ਅੰਦਰ ਵੱਡੇ ਪੱਧਰ ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਪ੍ਰਤੀ ਸੰਗਤਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

# ਸਿਆਣੇ ਤੇ ਸੂਝਵਾਨ ਲੋਕਾਂ ਦਾ ਰਾਜਨੀਤੀ ਤੋਂ ਮੋਹ ਭੰਗ ਹੋਣ ਲੱਗਾ: ਹੈਪੀ ਕੋਟਲੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਾਮਾਜ ਸੇਵੀ ਆਗੂ ਮਨਿੰਦਰ ਸਿੰਘ ਹੈਪੀ ਕੋਟਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇਂ ਰਾਜਨੀਤੀ ਲੰਮੇ ਸਮੇਂ ਤੋਂ ਭਾਵ ਰਾਜਿਆਂ ਮਹਾਰਾਜਿਆਂ ਤੋਂ ਚਲਦੀ ਆ ਰਹੀ ਹੈ ਅਤੇ ਰਾਜਨੀਤੀ ਵਿੱਚ ਸੇਵਾ ਦੀ ਭਾਵਨਾ ਰੱਖਣ ਵਾਲੇ ਸਿਆਣੇ ਸੂਝਵਾਨ ਲੋਕ ਰਾਜਨੀਤੀ ਦਾ ਹਿੱਸਾ ਬਣਦੇ ਆ ਰਹੇ ਹਨ ਪਰ ਅੱਜ ਦੀ ਰਾਜਨੀਤੀ ਤੋਂ ਸਿਆਣੇ ਅਤੇ ਸੂਝਵਾਨ ਲੋਕਾਂ ਦਾ ਮੋਹ ਭੰਗ ਹੁੰਦਾ ਜਾ ਰਿਹਾ ਹੈ। ਜੇਕਰ ਪਿਛਲੇ ਸਮੇਂ ਦੀ ਗੱਲ ਕਰੀਏ ਤਾਂ ਪਿੰਡਾਂ, ਕਸਬਿਆਂ, ਸ਼ਹਿਰਾਂ ਭਾਵ ਜ਼ਮੀਨੀ ਪੱਧਰ 'ਤੇ ਰਾਜਨੀਤੀ ਦਾ ਹਿੱਸਾ ਬਣਦੇ ਲੋਕਾਂ ਨੂੰ ਸੇਵਾਦਾਰ ਆਖਿਆ ਜਾਂਦਾ ਸੀ। ਆਮ ਲੋਕ ਇਨ੍ਹਾਂ ਰਾਜਨੀਤਿਕ ਲੋਕਾਂ ਦਾ ਮਾਣ ਸਤਿਕਾਰ ਵੀ ਕਰਦੇ ਸਨ ਪਰ ਇਸ ਦੇ ਉਲਟ ਅੱਜ ਦੀ ਰਾਜਨੀਤਕ ਲੋਕ ਆਪਣੀਆਂ ਜੇਬਾਂ ਭਰਨ ਦੀ ਖਾਤਰ ਰਾਜਨੀਤੀ ਨੂੰ ਕਿੱਤਾ ਜਾਣ ਕੇ ਵੱਖ-ਵੱਖ ਪਾਰਟੀਆਂ 'ਚ ਜਾ ਕੇ ਆਪਣਾ ਕੰਮ ਚਲਾਉਣ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਵੱਡੇ ਰਾਜਨੇਤਾਵਾਂ ਦੀ ਗੱਲ ਕਰੀਏ ਤਾਂ ਸਮਾਜ ਅੰਦਰ ਕੁਝ ਹੋਰ ਹੀ ਨਿਕਲ ਕੇ ਆਉਂਦਾ ਹੈ ਕਿ ਆਪਣੇ ਆਪ ਨੂੰ ਸਾਫ-ਸੁਥਰੇ ਅਕਸ ਵਾਲੇ ਅਖਵਾਉਣ ਵਾਲੇ ਰਾਜਨੇਤਾ ਵੀ ਕੁਰੱਪਸ਼ਨ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਹਨ ਤੇ ਆਪਣੇ ਆਪ ਨੂੰ ਬੇਦੋਸ਼ੇ ਅਖਵਾਉਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੇ ਹਨ। ਇਨ੍ਹਾਂ ਰਾਜਨੀਤਕ ਲੋਕਾਂ ਦੀ ਅਗਵਾਈ ਹੇਠ ਹੁੰਦੀਆਂ ਪੰਚਾਂ, ਸਰਪੰਚਾਂ, ਲਬਲਾਕ ਸੰਮਤੀ ਮੈਂਬਰਾਂ, ਨਗਰ ਨਿਗਮ, ਨਗਰਪਾਲਿਕਾ ਦੀਆਂ ਚੋਣਾਂ 'ਚ ਲੋਕਤੰਤਰ ਦਾ ਘਾਣ ਕਰਕੇ ਆਪਣੀ ਮਰਜ਼ੀ ਮੁਤਾਬਿਕ ਆਪਣੇ ਚਹੇਤਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਕੋਲੋਂ ਆਪਣੀ ਮਰਜ਼ੀ ਨਾਲ ਕੰਮ ਕਰਵਾਏ ਜਾਂਦੇ ਹਨ।

ਅੱਜ ਕਾਫੀ ਹੱਦ ਤੱਕ ਇਨ੍ਹਾਂ ਲੀਡਰਾਂ ਵੱਲੋਂ ਬਣਾਏ ਗਏ ਆਗੂਆਂ ਵੱਲੋਂ ਅਪਣਾ ਦਬਦਬਾ ਬਣਾ ਕੇ ਗਲਤ ਕੰਮ ਕਰਵਾਏ ਜਾਂਦੇ ਹਨ ਜਿਸ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਰਾਜਨੇਤਾਵਾਂ ਵੱਲੋਂ ਇਸ ਪਾਈ ਹੋਈ ਪਿਰਤ 'ਤੇ ਚੱਲਦੇ ਹੋਏ ਇਨ੍ਹਾਂ ਛੋਟੇ ਲੀਡਰਾਂ ਵੱਲੋਂ ਵੀ ਕੋਈ ਕਸਰ ਨਹੀਂ ਛੱਡੀ ਜਾਂਦੀ। ਹਰੇਕ ਕੰਮ 'ਚ ਭਾਵ, ਛੋਟੇ ਮੋਟੇ ਸੱਥਾਂ ਥਾਣਿਆਂ 'ਤੇ ਹੋਣ ਵਾਲੇ ਫੈਸਲਿਆਂ 'ਤੇ ਵੀ ਇਨ੍ਹਾਂ ਆਗੂਆਂ ਦੀ ਆਪਣੇ ਮੁਨਾਫੇ 'ਤੇ ਟੇਕ ਟਿਕੀ ਰਹਿੰਦੀ ਹੈ ਤੇ ਆਪਣੇ ਮੁਨਾਫੇ ਦੇ ਲਈ ਹੀ ਜ਼ਿਆਦਾ ਫਿਕਰਮੰਦ ਰਹਿੰਦੇ ਹਨ ਤੇ ਸਿਆਸਤ ਦੀ ਕੀਤੀ ਹੋਈ ਸ਼ੁਰੂਆਤ ਤੋਂ ਜ਼ਰਾ ਵੀ ਪਾਸੇ ਨਹੀਂ ਜਾਂਦੇ। ਅੱਜ ਦੇ ਰਾਜਨੇਤਾ ਅਪਣੇ ਮੁਨਾਫੇ ਦੀ ਖਾਤਰ ਵੱਡੇ ਪੱਧਰ 'ਤੇ ਅਪਣੀ ਰਾਜਨੀਤੀ ਚਮਕਾਉਣ ਦੀ ਖਾਤਿਰ ਕਿਸੇ ਵੀ ਹੱਦ ਤੱਕ ਜਾਣ ਤੋਂ ਨਹੀਂ ਝਿਜਕਦੇ। ਰਾਜਨੀਤਕ ਲੋਕਾਂ ਦੀ ਗੱਲ ਕਰੀਏ ਤਾਂ ਚੰਗੇ ਕਿਰਦਾਰ ਅਤੇ ਚੰਗੇ ਕੱਦ ਵਾਲੇ ਚੰਦ ਹੀ ਲੀਡਰ ਹਨ ਜਿਨ੍ਹਾਂ ਵੱਲੋਂ ਰਾਜਨੀਤੀ ਤੋਂ ਕਿਨਾਰਾ ਕੀਤਾ ਹੋਇਆ ਹੈ ਅਤੇ ਪੰਜਾਬ ਦੀ ਰਾਜਨੀਤੀ 'ਚ ਭਾਗ ਲੈਣਾ ਮੁਨਾਸਿਬ ਨਹੀਂ ਸਮਝਿਆ ਜਾ ਰਿਹਾ। ਜੇਕਰ ਰਾਜਨੀਤਕ ਲੋਕ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਨਾ ਆਏ ਤਾਂ ਆਉਣ ਵਾਲੇ ਸਮੇਂ ਦੌਰਾਨ ਲੋਕਾਂ ਦਾ ਵੀ ਇਨ੍ਹਾਂ ਰਾਜਨੀਤਕ ਲੋਕਾਂ ਤੋਂ ਮੋਹ ਭੰਗ ਹੋ ਜਾਵੇਗਾ। ਆਮ ਲੋਕ ਇਨ੍ਹਾਂ ਨੂੰ ਮੂੰਹ ਨਹੀਂ ਲਾਉਣਗੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਸਾਲਾਨਾ ਸਮਾਰੋਹ ਆਯੋਜਿਤ



**ਅੰਮ੍ਰਿਤਸਰ 16 ਦਸੰਬਰ (ਜਸਬੀਰ ਸਿੰਘ ਪੱਟੀ)**-ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਚਲਾਏ ਜਾ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਅੰਮ੍ਰਿਤਸਰ ਵਿਖੇ ਸਕੂਲ ਦੇ ਗੁਰੂ ਅਰਜਨ ਦੇਵ ਆਡੀਟੋਰੀਅਮ ਵਿਖੇ ਨਰਸਰੀ ਜਮਾਤਾਂ ਦਾ ਸਾਲਾਨਾ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਅਵਸਰ ਤੇ ਜਸਪਾਲ ਸਿੰਘ ਐਡੀ: ਆਨਰੇਰੀ ਸੱਕਤਰ, ਸਤਵੰਤ ਕੌਰ, ਨਰਿੰਦਰ ਕੌਰ ਭੱਲਾ, ਡਾ: ਅਰਮਪਾਲੀ ਕੌਰ ਪ੍ਰਿੰਸੀਪਲ ਸਰਕਾਰੀ ਸੀ: ਸੈ: ਸਕੂਲ ਕਟੜਾ ਕਰਮ ਸਿੰਘ ਨੇ ਵਿਸ਼ੇਸ਼ ਮਹਿਮਾਨ ਅਤੇ ਹਰਲੀਨ ਕੌਰ ਨੇ ਖਾਸ ਮਹਿਮਾਨ ਵਜੋਂ ਹਾਜ਼ਰੀ ਭਰੀ। ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਮੈਂਬਰ ਇੰਚਾਰਜ ਪ੍ਰੋ. ਹਰੀ ਸਿੰਘ ਅਤੇ ਰਬਿੰਦਰ ਸਿੰਘ ਭੱਲਾ ਮੈਂਬਰ ਇੰਚਾਰਜ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ। ਸਕੂਲ ਦੇ ਪ੍ਰਿੰਸੀਪਲ ਡਾ: ਧਰਮਵੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਨੇ ਸਕੂਲ ਦੀਆਂ ਪ੍ਰਗਤੀ ਰਿਪੋਰਟ ਪੜ੍ਹ ਕੇ ਮਾਪਿਆਂ ਨੂੰ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦਾ ਆਰੰਭ ਛੋਟੇ-ਛੋਟੇ ਬੱਚਿਆਂ ਦੁਆਰਾ ਸਿੱਖੀ ਬਾਣੇ ਵਿੱਚ ਤਿਆਰ ਹੋ ਕੇ ਸ਼ਬਦ ਗਾਇਨ ਨਾਲ ਹੋਇਆ। ਉਪਰੰਤ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਸੁਆਗਤੀ ਗੀਤ ਅਤੇ ਨਾਚ ਪੇਸ਼ ਕੀਤਾ ਗਿਆ। ਬੱਚਿਆਂ ਨੇ ਰੰਗ-ਬਿਰੰਗੀਆਂ ਪੋਸ਼ਾਕਾਂ ਪਹਿਨ ਕੇ ਬਹੁਤ ਉਤਸ਼ਾਹ ਨਾਲ ਨਾਚ ਵਿੱਚ ਭਾਗ ਲਿਆ। ਫੈਂਸੀ ਡਰੈਸ ਵਿੱਚ ਪਿਆਰੇ-ਪਿਆਰੇ ਬੱਚਿਆਂ ਨੇ ਕੇਕ, ਗੁਗਲ ਬਾਬਾ, ਪ੍ਰੈਸ਼ਰ ਕੁੱਕਰ ਅਤੇ ਸਪਾਈਡਰਮੈਨ ਬਣ ਕੇ ਸਭ ਦਾ ਮਨ ਮੋਹ ਲਿਆ। ਪੱਛਮੀ ਡਾਂਸ ਪੇਸ਼ ਕਰਕੇ ਬੱਚਿਆਂ ਨੇ ਸਾਰੇ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਪ੍ਰੋਗਰਾਮ ਵਿੱਚ ਸ਼ਾਮਲ ਵਿਸ਼ੇਸ਼ ਮਹਿਮਾਨਾਂ ਅਤੇ ਖਾਸ ਮਹਿਮਾਨਾਂ ਨੇ ਬੱਚਿਆਂ ਦੇ ਇਸ ਉਪਰਾਲੇ ਦੀ ਖੂਬ ਸ਼ਲਾਘਾ ਕੀਤੀ । ਪ੍ਰੋਗਰਾਮ ਦੌਰਾਨ ਜਸਪਾਲ ਸਿੰਘ ਐਡੀ: ਆਨਰੇਰੀ ਸੱਕਤਰ, ਸਤਵੰਤ ਕੌਰ, ਨਰਿੰਦਰ ਕੌਰ ਭੱਲਾ, ਡਾ: ਅਰਮਪਾਲੀ ਕੌਰ ਪ੍ਰਿੰਸੀਪਲ ਸਰਕਾਰੀ ਸੀ: ਸੈ: ਸਕੂਲ ਕਟੜਾ ਕਰਮ ਸਿੰਘ ਅਤੇ ਹਰਲੀਨ ਕੌਰ ਨੂੰ ਸਕੂਲ ਵੱਲੋਂ ਸਨਮਾਨਿਤ ਕੀਤਾ ਗਿਆ। ਨਰਸਰੀ ਵਿੰਗ ਦੀ ਮੁੱਖ ਅਧਿਆਪਕਾ ਕਿਰਨਜੋਤ ਕੌਰ ਅਤੇ ਮਨਵਿੰਦਰ ਕੌਰ ਭੁੱਲਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅਧਿਆਪਕਾਂ ਅਤੇ ਬੱਚਿਆਂ ਦੀ ਮਿਹਨਤ ਦੀ ਖੂਬ ਸ਼ਲਾਘਾ ਕੀਤੀ।

# 11 ਕੇਵੀ. ਏ. ਪੀ. ਫੀਡਰ ਦਾ ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਉਦਘਾਟਨ

**ਪਠਾਨਕੋਟ, (ਦਵਿੰਦਰ ਸਿੰਘ)**-ਬਹੁਤ ਹੀ ਭਾਗਾਂ ਭਰਿਆ ਦਿਨ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਖੇਤਰ ਦੀਆਂ ਸਮੱਸਿਆਵਾਂ 'ਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਅਤੇ ਅੱਜ 11-ਕੇਵੀ. ਏ. ਪੀ. ਫੀਡਰ ਦਾ ਉਦਘਾਟਨ ਕਰਨ ਮਗਰੋਂ ਖੇਤਰ ਦੇ ਕਰੀਬ 15 ਤੋਂ 20 ਪਿੰਡਾਂ ਦੀ ਬਿਜਲੀ ਦੀ ਸਮੱਸਿਆ ਹੱਲ ਹੋਵੇਗੀ, ਮੈਂ ਧੰਨਵਾਦੀ ਹਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਜਿਨ੍ਹਾਂ ਵਿਧਾਨ ਸਭਾ ਹਲਕਾ ਭੋਆ ਅਤੇ ਪੰਜਾਬ ਅੰਦਰ ਸੇਵਾ ਕਰਨ ਦਾ ਮੌਕਾ ਦਿੱਤਾ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ 66-ਕੇ. ਵੀ. ਬਨੀ ਲੋਧੀ ਵਿਖੇ ਨਵੇਂ 11-ਕੇ. ਵੀ. ਏ. ਪੀ. ਫੀਡਰ ਦੇ ਉਦਘਾਟਨ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਪਾਲ ਐਕਸੀਅਨ ਪਾਵਰਕਾਮ ਸਿਟੀ ਪਠਾਨਕੋਟ, ਗਗਨ ਭਾਸਕਰ ਐਕਸੀਅਨ ਪਾਵਰਕਾਮ ਗ੍ਰਾਮੀਣ ਪਠਾਨਕੋਟ, ਬੋਧ ਰਾਜ ਐੱਸਡੀਓ ਸਰਨਾ, ਚੇਤਨ ਮਨਹਾਸ ਐਸਡੀਓ ਮਨਹਾਸ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਵਿਜੈ ਕੁਮਾਰ ਕਟਾਰੂਚੱਕ ਮੀਡੀਆ ਇੰਚਾਰਜ ਜ਼ਿਲ੍ਹਾ ਪਠਾਨਕੋਟ, ਗੁਰਦਿਆਲ ਸਿੰਘ ਸੈਣੀ, ਸਰਪੰਚ ਕਸ਼ਮੀਰ ਸਿੰਘ, ਰੋਬਿਨ ਸਿੰਘ, ਵਿਕਾਸ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ। ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਸ਼੍ਰੀ ਕਟਾਰੂਚੱਕ ਨੇ ਦੱਸਿਆ ਕਿ ਪਹਿਲਾਂ ਏ. ਪੀ. ਕੀੜੀਆਂ ਫੀਡਰ ਸਰਨਾ ਬਿਜਲੀ ਘਰ ਤੋਂ ਚਲਦਾ ਸੀ ਜਿਸ ਦੀ ਲੰਬਾਈ ਕਰੀਬ 40 ਕਿਲੋਮੀਟਰ ਬਣਦੀ ਹੈ ਜਿਸ ਦੇ ਚਲਦਿਆਂ ਅਗਰ ਹਨੇਰੀ ਕਾਰਨ ਜਾਂ ਕਿਸੇ ਹੋਰ ਖਰਾਬੀ ਕਰਕੇ ਬਿਜਲੀ ਬੰਦ ਹੁੰਦੀ ਸੀ ਤਾਂ ਖੇਤਰ ਦੇ ਕਰੀਬ 40 ਪਿੰਡਾਂ ਨੂੰ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਅੱਜ ਇਨ੍ਹਾਂ ਕਰੀਬ 40 ਪਿੰਡਾਂ ਵਿੱਚੋਂ ਕਰੀਬ 15-20 ਪਿੰਡਾਂ ਨੂੰ ਹੁਣ ਏ. ਪੀ. ਫੀਡਰ ਮੰਗਿਆਲ ਨਾਲ ਜੋੜਿਆ ਗਿਆ ਜਿਸ ਦੇ ਚਲਦਿਆਂ ਉਪਰੋਕਤ ਅੱਧੇ ਪਿੰਡਾਂ ਨੂੰ ਵੱਖ ਸਪਲਾਈ ਦਿੱਤੀ ਗਈ ਹੈ ਜਿਸ ਦੇ ਚਲਦਿਆਂ ਲਾਈਨ ਤੇ ਬਿਜਲੀ ਦਾ ਲੋਡ ਘੱਟ ਹੋਵੇਗਾ ਅਤੇ ਖੇਤਰ ਦੇ ਪਿੰਡਾਂ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਹੋਵੇਗੀ। ਉਨ੍ਹਾਂ ਕਿਹਾ ਕਿ ਪਹਿਲਾ ਕਿਸਾਨਾਂ ਨੂੰ ਬਿਜਲੀ ਕੱਟਾਂ ਕਰਕੇ ਮੋਟਰਾਂ ਦੇ ਨਾ ਚੱਲਣ ਦੀ ਸਮੱਸਿਆ ਆ ਰਹੀ ਸੀ ਹੁਣ ਬਿਜਲੀ ਦੀ ਪੂਰਨ ਤੌਰ 'ਤੇ ਸਪਲਾਈ ਹੋਣ ਕਰਕੇ ਕਿਸਾਨਾਂ ਨੂੰ ਵੀ ਬਿਜਲੀ ਕੱਟਾਂ ਤੋਂ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਖੇਤਰ ਅੰਦਰ ਬਿਜਲੀ ਦੀ ਸੰਪੂਰਨ ਸਪਲਾਈ ਲਈ ਕਰੀਬ 100 ਟਰਾਂਸਫਾਰਮਰ ਲਗਾਏ ਗਏ ਹਨ ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਸ ਤੋਂ ਪਹਿਲਾਂ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਸੜਕਾਂ ਦੀ ਕਾਫੀ ਹਾਲਤ ਖਸਤਾ ਸੀ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਵੱਲੋਂ ਕਰੀਬ 80 ਕਿਲੋਮੀਟਰ ਸੜਕਾਂ ਦੀ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਹੁਣ ਸੀਜਨ ਨਹੀਂ ਹੈ ਮਾਰਚ ਅੰਦਰ ਇਨ੍ਹਾਂ ਸੜਕਾਂ ਦਾ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਜਾਵੇਗਾ ਅਤੇ ਹਲਕੇ ਨੂੰ ਵਧੀਆ ਸੜਕਾਂ ਦਾ ਨਿਰਮਾਣ ਕਰਕੇ ਦਿੱਤਾ ਜਾਵੈਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨੂੰ 300 ਯੂਨਿਟ ਫ੍ਰੀ ਦੇਣ ਦੀ ਘੋਸ਼ਣਾ ਕੀਤੀ ਸੀ ਅਤੇ ਅੱਜ ਭਾਰੀ ਸੰਖਿਆ ਵਿੱਚ ਲੋਕਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਰਡਰ ਖੇਤਰ ਅੰਦਰ ਦੋ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਜਿਨ੍ਹਾਂ ਤੋਂ ਲੋਕ ਅੱਜ ਸਿਹਤ ਸੁਵਿਧਾਵਾਂ ਲੈ ਰਹੇ ਹਨ ਅਤੇ 26 ਜਨਵਰੀ ਨੂੰ ਖੇਤਰ ਅੰਦਰ ਹੋਰ ਨਵੇਂ 6 ਆਮ ਆਦਮੀ ਕਲੀਨਿਕ ਹੋਰ ਖੋਲ੍ਹੇ ਜਾਣਗੇ। ਇਸ ਤਰ੍ਹਾਂ ਜ਼ਿਲ੍ਹਾਂ ਪਠਾਨਕੋਟ ਅੰਦਰ ਕੁਲ 11 ਆਮ ਆਦਮੀ ਕਲੀਨਿਕ ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਪ੍ਰਦਾਨ ਕਰਨਗੇ। ਜ਼ਿਕਰਯੋਗ ਹੈ ਕਿ ਮੰਤਰੀ ਵੱਲੋਂ ਇਸ ਮਗਰੋਂ ਖੇਤਰ ਦੇ ਪਿੰਡ ਮਲਪੁਰ ਅਤੇ ਮੰਗਿਆਲ ਵਿਖੇ ਵੀ ਧੰਨਵਾਦ ਦੌਰਾ ਕੀਤਾ ਗਿਆ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਦਾ ਹੱਲ ਕੀਤਾ ਗਿਆ।

## ਪਿੰਡ ਮੱਲਪੁਰ ਤੇ ਮੰਗਿਆਲ 'ਚ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਕੀਤਾ ਹੱਲ



17-Dec Page 12.qxd 12/16/2022 9:56 PM Page 1



# ਕੁੱਲ ਹਿੰਦ ਕਿਸਾਨ ਸਭਾ ਦੀ ਰਾਸ਼ਟਰੀ ਕਾਨਫਰੰਸ 'ਚ ਐਮ ਐਸ ਪੀ ਅਤੇ ਕਿਸਾਨੀ ਕਰਜ਼ੇ ਦੀ ਮੁਆਫੀ ਲਈ ਸੰਘਰਸ਼ ਕਰਨ ਦਾ ਦਿੱਤਾ ਹੋਕਾ

## * 5 ਅਪ੍ਰੈਲ ਨੂੰ ਦਿੱਲੀ 'ਚ ਮਜ਼ਦੂਰਾਂ, ਕਿਸਾਨਾਂ ਵੱਲੋਂ ਪਾਰਲੀਮੈਂਟ ਵੱਲ ਕੀਤਾ ਜਾਵੇਗਾ ਮਾਰਚ



**ਤ੍ਰਿਸ਼ੂਰ ( ਕੇਰਲਾ) ( ਸੁਰਜੀਤ ਸਿੰਘ ਢੇਰ )** - ਕੁੱਲ ਹਿੰਦ ਕਿਸਾਨ ਸਭਾ ਦੀ 35 ਵੀਂ ਰਾਸ਼ਟਰੀ ਕਾਨਫਰੰਸ ਦੇ ਤੀਜੇ ਦਿਨ ਜਥੇਬੰਦੀ ਦੇ ਜਨਰਲ ਸਕੱਤਰ ਸਾਥੀ ਹਨਨ ਮੁੱਲਾ ਵੱਲੋਂ ਡੈਲੀਗੇਟ ਹਾਊਸ ਵਿੱਚ ਪੇਸ਼ ਕੀਤੀ ਰਿਪੋਰਟ ਦੇ ਖਰੜੇ 'ਤੇ ਵੱਖ-ਵੱਖ ਰਾਜਾਂ ਦੇ ਕਿਸਾਨ ਆਗੂਆਂ ਨੇ ਬਹਿਸ 'ਚ ਹਿੱਸਾ ਲਿਆ ਅਤੇ ਖੇਤੀ ਦੇ ਕਾਲੇ ਕਾਨੂੰਨਾਂ ਵਿਰੁੱਧ ਲੜੇ ਅਤੇ ਜਿੱਤੇ ਕਿਸਾਨ ਅੰਦੋਲਨ 'ਚ ਨਿਭਾਈ ਭੂਮਿਕਾ ਸੰਬੰਧੀ ਦੱਸਿਆ। ਇਸ ਤੋਂ ਇਲਾਵਾ ਕਿਸਾਨ ਆਗੂਆਂ ਨੇ ਆਪਣੇ ਰਾਜਾਂ 'ਚ ਖੇਤੀ ਅਤੇ ਇਸ ਧੰਦੇ ਨਾਲ ਜੁੜੇ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ 'ਤੇ ਵੀ ਚਰਚਾ ਕੀਤੀ। ਅੱਜ ਕਾਨਫਰੰਸ 'ਚ ਵੱਖ-ਵੱਖ ਮਤਿਆਂ 'ਤੇ ਚਰਚਾ ਕਰਦਿਆਂ ਇਸਤਰੀ ਕਿਸਾਨਾਂ ਦਾ ਖੇਤੀਬਾੜੀ ਦੇ ਧੰਦੇ ਸਮੇਤ ਸਹਾਇਕ ਧੰਦਿਆਂ 'ਚ ਯੋਗਦਾਨ ਦੀ ਗੱਲ ਕੀਤੀ ਗਈ। ਇਸ ਤੋਂ ਬਿਨਾਂ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਦੇਣ ਸੰਬੰਧੀ , ਕਿਰਤ ਕਾਨੂੰਨਾਂ 'ਚ ਮਜ਼ਦੂਰ ਵਿਰੋਧੀ ਕਾਨੂੰਨੀ ਸੋਧਾਂ ਵਿਰੁੱਧ , ਦੇਸ਼ ਦੇ 13 ਕਰੋੜ ਦੇ ਲਗਭਗ ਆਦਿਵਾਸੀਆਂ ਅਤੇ ਕਬੀਲਿਆਂ ਦੇ ਜੀਵਨ ਅਤੇ ਸੰਪਤੀ ਦੀ ਰਾਖੀ ਲਈ ਫੋਰੈਸਟ ਰਾਈਟਸ ਐਕਟ ਬਣਾਉਣ ਦੀ ਮੰਗ ਕੀਤੀ। ਕਾਨਫਰੰਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੁੱਲ ਹਿੰਦ ਕਿਸਾਨ ਸਭਾ ਦੇ ਸਕੱਤਰ ਹਨਨ੍ਹ ਮੁਲਾਹਾ ਨੇ ਕਿਹਾ ਕਿ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਤੋਂ ਬਾਅਦ ਹੁਣ ਕਿਸਾਨੀ ਫਸਲਾਂ ਲਾਭਕਾਰੀ ਦੇਣ ਲਈ ਕੇਂਦਰ ਸਰਕਾਰ ਨੂੰ ਮਜਬੂਰ ਕੀਤਾ ਜਾਵੇਗਾ। ਡਾਕਟਰ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਨਾਲ ਕਿਸਾਨਾਂ ਦੇ ਅੱਛੇ ਦਿਨ ਆ ਸਕਦੇ ਹਨ। ਹੁਣ ਅਗਲੇ ਅੰਦੋਲਨ ਐਮ ਐਸ ਪੀ ਅਤੇ ਕਿਸਾਨੀ ਕਰਜ਼ੇ ਦੀ ਮੁਆਫੀ ਲਈ ਤੈਅ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਦੇਸ਼ ਦੇ ਕਿਸਾਨਾਂ ਲਈ ਵਾਅਦਾ ਖਿਲਾਫੀ ਕੀਤੀ ਹੈ। ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ 4 ਲੱਖ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਸਰਕਾਰ ਨੇ ਹੁਣ ਖੁਦਕੁਸ਼ੀਆਂ ਦੇ ਸਰਕਾਰੀ ਅੰਕੜੇ ਵੀ ਬੰਦ ਕਰ ਦਿੱਤੇ ਹਨ। ਇਸ ਮੌਕੇ ਦੇਸ਼ 'ਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੀਤੇ ਅੰਦੋਲਨਾਂ ਨੇ ਕਿਹਾ ਕਿ ਇਹ ਕਾਨਫਰੰਸ ਦੇਸ਼ ਦੇ ਕਿਸਾਨਾਂ ਲਈ ਮੀਲ ਪੱਥਰ ਸਾਬਤ ਹੋਵੇਗੀ। ਇਸ ਆਲ ਇੰਡੀਆ ਕਾਨਫਰੰਸ 'ਚ ਪੰਜਾਬ ਦੀ ਪ੍ਰਤੀਨਿਧਤਾ ਸਾਥੀ ਰੂਪ ਬਸੰਤ ਸਿੰਘ ਬੜੈਚ , ਸਾਥੀ ਬਲਜੀਤ ਸਿੰਘ ਗਰੇਵਾਲ , ਮੇਜਰ ਸਿੰਘ ਪੁੰਨਾਵਾਲ , ਦਵਿੰਦਰਜੀਤ ਸਿੰਘ ਢਿੱਲੋਂ , ਬਲਵੀਰ ਸਿੰਘ ਜਾਡਲਾ , ਗੁਰਦਰਸ਼ਨ ਸਿੰਘ ਖਾਸਪੁਰ , ਧਰਮਪਾਲ ਸੀਲ , ਗੁਰਨੇਕ ਸਿੰਘ ਭੱਜਲ , ਸਵਰਨਜੀਤ ਸਿੰਘ ਦਲਿਓ , ਸਤਨਾਮ ਸਿੰਘ ਬੜੈਚ , ਸੁਰਜੀਤ ਸਿੰਘ ਢੇਰ , ਆਸ਼ਾ ਨੰਦ , ਬੀਬੀ ਕੰਵਲਜੀਤ ਕੌਰ ਅੰਮ੍ਰਿਤਸਰ 'ਤੇ ਅਧਾਰਤ ਡੈਲੀਗੇਸ਼ਨ ਕਰ ਰਿਹਾ ਹੈ।

'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਖਬਰਾਂ ਲਿਖੇ ਜਾਣ ਤੱਕ ਵੱਖ-ਵੱਖ ਸੂਬਿਆਂ ਦੇ ਕਿਸਾਨ ਆਗੂਆਂ ਵੱਲੋਂ ਬਹਿਸ ਜਾਰੀ ਸੀ। ਅੱਜ ਪੰਜਾਬ ਦੇ ਡੈਲੀਗੇਟ ਧਰਮ ਪਾਲ ਸੀਲ ਨੇ ਬਹਿਸ 'ਚ ਹਿੱਸਾ ਲਿਆ। ਇਸ ਮੌਕੇ ਦੇਰ ਸ਼ਾਮ ਤੱਕ ਬਹਿਸ ਜਾਰੀ ਰਹਿਣ ਦਾ ਅਨੁਮਾਨ ਹੈ।

ਇਸ ਕਾਨਫਰੰਸ ਨੂੰ ਸੀਟੂ ਦੇ ਕੇਂਦਰੀ ਪ੍ਰਧਾਨ ਹੇਮ ਲਤਾ ਨੇ ਵੀ ਭਰਾਤਰੀ ਸੰਦੇਸ਼ ਦਿੰਦਿਆਂ ਕਿਹਾ ਕਿ ਦੇਸ਼ ਦੇ ਮਜ਼ਦੂਰ ਕਿਸਾਨ 5 ਅਪ੍ਰੈਲ ਨੂੰ ਦਿੱਲੀ 'ਚ ਵੱਡੀ ਰੈਲੀ ਕਰਨਗੇ, ਜਿਸ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਜਾ ਚੁੱਕੀਆਂ ਹਨ। ਕੇਂਦਰੀ ਆਗੂ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ

# ਸੀ ਟੀ ਵਰਲਡ ਸਕੂਲ 'ਚ ਦੰਦਾਂ ਦਾ ਚੈਕਅੱਪ ਕੈਂਪ ਲਗਾਇਆ







**ਜਲੰਧਰ -(ਸ਼ੈਲੀ ਐਲਬਰਟ)-:** ਸੀ ਟੀ ਵਰਲਡ ਸਕੂਲ ਅਤੇ ;ਡੈਂਟਲ ਸਟੂਡੀਓ ਵੱਲੋਂ ਦੰਦਾਂ ਦਾ ਚੈਕਅੱਪ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਦੰਦਾਂ ਬਾਰੇ ਜਾਗਰੂਕਤਾ ਭਾਸ਼ਣ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਦੰਦਾਂ ਦੀਆਂ ਆਮ ਸਮੱਸਿਆਵਾਂ, ਬਿਮਾਰੀਆਂ, ਖਾਸ ਕਰਕੇ ਦੰਦਾਂ ਦੇ ਸੜਨ ਅਤੇ ਮਸੂੜਿਆਂ ਦੀਆਂ ਬਿਮਾਰੀਆਂ ਅਤੇ ਇਨ੍ਹਾਂ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਗਰੂਕ ਕੀਤਾ ਗਿਆ। ਵਿਦਿਆਰਥੀਆਂ ਨੂੰ ਖਾਣ-ਪੀਣ ਦੇ ਪੈਟਰਨ ਅਤੇ ਭੋਜਨ ਦੇ ਵਿਕਲਪਾਂ ਬਾਰੇ ਜਾਣੂ ਕਰਵਾਇਆ ਗਿਆ ਜੋ ਦੰਦਾਂ ਦੇ ਸੜਨ ਦਾ ਕਾਰਨ ਬਣ ਸਕਦੇ ਹਨ। ਵਿਦਿਆਰਥੀਆਂ ਨੂੰ ਦੰਦਾਂ ਦੇ ਡਾਕਟਰਾਂ ਨਾਲ ਗੱਲਬਾਤ ਕਰਨ ਅਤੇ ਮੂੰਹ ਦੀਆਂ ਬਿਮਾਰੀਆਂ ਬਾਰੇ ਜਾਣਕਾਰੀ ਹਾਸਲ ਕਰਨ ਦੇ ਭਰਪੂਰ ਮੌਕੇ ਮਿਲੇ। ਡੈਂਟਲ ਟੀਮ ਨੇ ਮੌਖਿਕ ਸਫਾਈ ਅਤੇ ਇਸਦੇ ਲਾਭਾਂ ਤੇ ਧਿਆਨ ਕੇਂਦਰਿਤ ਕੀਤਾ ਜਿਸ ਵਿੱਚ ਨਿਯਮਿਤ ਤੌਰ 'ਤੇ ਬੁਰਸ਼ ਕਰਨਾ ਅਤੇ ਫਲਾਸ ਕਰਨਾ ਸ਼ਾਮਲ ਹੈ। ਕੈਂਪ ਵਿੱਚ ਡਾ: ਨਿਖਿਲ ਸੋਢੀ ਅਤੇ ਡਾ: ਕਾਜਲ ਦੋਵੇਂ ਡੈਂਟਲ ਸਰਜਨ ਸ਼ਾਮਲ ਸਨ । ਉਸਨੇ ਦਿਖਾਇਆ ਕਿ ਕਿਵੇਂ ਸਟਿੱਕੀ ਭੋਜਨ ਦੰਦਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਦੰਦਾਂ ਦੀ ਨਿਯਮਤ ਜਾਂਚ ਕਰਵਾਉਣ ਦੀ ਲੋੜ ਹੈ। ਮਾਹਿਰਾਂ ਨੇ ਹਾਨੀਕਾਰਕ ਐਸਿਡ ਦੇ ਸੰਭਾਵੀ ਗਠਨ ਵੱਲ ਵੀ ਇਸ਼ਾਰਾ ਕੀਤਾ, ਜੋ ਉਦੋਂ ਵਿਕਸਤ ਹੁੰਦੇ ਹਨ ਜਦੋਂ ਬੈਕਟੀਰੀਆ (ਪਲਾਕ) ਮੂੰਹ ਵਿੱਚ ਚੀਨੀ ਦੇ ਸੰਪਰਕ ਵਿੱਚ ਆਉਂਦੇ ਹਨ, ਜਿਸਦੇ ਨਤੀਜੇ ਵਜੋਂ ਦੰਦਾਂ ਦਾ ਸੜ ਜਾਂਦਾ ਹੈ। ਦੰਦਾਂ ਦੀ ਜਾਂਚ ਦੇ ਮੁਕੰਮਲ ਹੋਣ 'ਤੇ ਹਰੇਕ ਵਿਦਿਆਰਥੀ ਨੂੰ ਸਮੱਸਿਆ ਦਾ ਨਿਦਾਨ ਅਤੇ ਸਿਫਾਰਸ਼ ਕੀਤੀ ਦੰਦਾਂ ਦੇ ਇਲਾਜ ਦੀ ਯੋਜਨਾ ਬਾਰੇ ਸੰਖੇਪ ਰਿਪੋਰਟ ਦਿੱਤੀ ਗਈ ਸੀ। ਸੀਟੀ ਵਰਲਡ ਸਕੂਲ ਦੀ ਪ੍ਰਿੰਸੀਪਲ ਮਧੂ ਸ਼ਰਮਾ ਨੇ ਡੈਂਟਲ ਸਟੂਡੀਓ, ਜਲੰਧਰ ਦੇ ਦੰਦਾਂ ਦੇ ਪੇਸ਼ੇਵਰਾਂ ਅਤੇ ਸਹਿਯੋਗੀ ਸਟਾਫ਼ ਮੈਂਬਰਾਂ ਦਾ ਸਕੂਲ ਦੀ ਨੈਤਿਕ ਅਤੇ ਨਿਰਸਵਾਰਥ ਸੇਵਾ ਕਰਨ ਲਈ ਧੰਨਵਾਦ ਕੀਤਾ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਵਿਦਿਆਰਥੀਆਂ ਨੂੰ ਸਿਹਤ ਪ੍ਰਤੀ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਆਪਣੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣ ਤਾਂ ਜੋ ਉਹ ਬਿਹਤਰ ਨਾਗਰਿਕ ਬਣ ਸਕਣ ਅਤੇ ਦੂਜਿਆਂ ਦੀ ਮਦਦ ਕਰ ਸਕਣ। ਦੇਸ਼ ਅੱਗੇ ਵਧ ਰਿਹਾ ਹੈ ਅਤੇ ਭਵਿੱਖ ਵਿੱਚ ਅਜਿਹੀਆਂ ਹੋਰ ਪਹਿਲਕਦਮੀਆਂ ਕਰਨ ਅਤੇ ਭਾਈਚਾਰੇ ਦੀ ਬਿਹਤਰੀ ਵਿੱਚ ਯੋਗਦਾਨ ਪਾਉਣ ਦਾ ਵਾਅਦਾ ਕੀਤਾ ਹੈ।

# ਪਰਵਾਸੀ ਪੰਜਾਬੀ ਸ਼ਾਇਰ ਰਵਿੰਦਰ ਸਹਿਰਾਂ ਦੀ ਦੇਸ਼ ਭਗਤ ਹਾਲ ਦੀ ਫੇਰੀ

**ਜਲੰਧਰ (ਕੇਸਰ)**—ਪਰਵਾਸੀ ਪੰਜਾਬੀ ਸ਼ਾਇਰ ਰਵਿੰਦਰ ਸਹਿਰਾ ਜਿਨ੍ਹਾਂ ਦਾ ਜੁਝਾਰ ਵਿਦਰੋਹੀ ਕਾਵਿ ਧਾਰਾ ਵਿੱਚ ਵੱਡਾ ਨਾਮ ਹੈ, ਦਾ ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪਧਾਰਨ 'ਤੇ ਕਮੇਟੀ ਵੱਲੋਂ ਸਵਾਗਤ ਕੀਤਾ ਗਿਆ। ਅੱਜਕੱਲ੍ਹ ਅਮਰੀਕਾ ਵੱਸਦੇ ਸ਼ਾਇਰ ਸਹਿਰਾ ਇਨ੍ਹੀਂ ਦਿਨੀਂ ਆਪਣੇ ਵਤਨ ਪਰਤੇ ਹਨ। ਆਪਣੇ ਜ਼ਰੂਰੀ ਵਕਤ ਵਿੱਚੋਂ ਉਨ੍ਹਾਂ ਨੇ ਦੇਸ਼ ਭਗਤਾਂ ਦੀ ਯਾਦਗਾਰ ਆ ਕੇ ਕਮੇਟੀ ਮੈਂਬਰਾਂ ਨਾਲ ਕੁਝ ਵਕਤ ਗੁਜ਼ਾਰਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ ਤੇ ਮੈਂਬਰ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਰਵਿੰਦਰ ਸਹਿਰਾ ਤੇ ਸ੍ਰੀਮਤੀ ਸਹਿਰਾ ਦਾ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਦੇ ਕੇ ਸਨਮਾਨ ਕੀਤਾ। ਇੱਕ ਸੰਖੇਪ ਪਰ ਮਹੱਤਵਪੂਰਨ ਸਮਾਗਮ ਵਿੱਚ ਸਹਿਰਾ ਨੇ ਆਪਣੇ ਸਾਹਿਤਕ ਸਫ਼ਰ ਨਾਲ ਸਬੰਧਤ ਗੱਲਬਾਤ ਕੀਤੀ ਅਤੇ ਕੁਝ ਕਾਵਿ ਰਚਨਾਵਾਂ ਵੀ ਸੁਣਾਈਆਂ। ਇਸ ਮੌਕੇ 'ਤੇ ਵਿਦਵਾਨ ਸ਼ਾਇਰ ਪ੍ਰੋ. ਕੁਲਵੰਤ ਸਿੰਘ ਔਜਲਾ ਅਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਜਨ ਲਾਸਾਨੀ ਨੇ ਵੀ ਗੱਲਬਾਤ ਵਿੱਚ ਹਿੱਸਾ ਲਿਆ। ਰਵਿੰਦਰ ਸਹਿਰਾ ਤੇ ਉਨ੍ਹਾਂ ਦੀ ਸੁਪਤਨੀ ਨੇ ਅਗਲੀ ਵੇਰ ਗਦਰੀ ਬਾਬਿਆਂ ਦੇ ਮੇਲੇ ਵਿੱਚ ਸ਼ਿਰਕਤ ਕਰਨ ਦਾ ਵੀ ਭਰੋਸਾ ਦਿਵਾਇਆ।



# ਪੰਜਾਬ ਅੰਦਰ ਲੰਪੀ ਸਕਿਨ ਬਿਮਾਰੀ ਨੇ 17575 ਗਊਆਂ ਦੀ ਲਈ ਜਾਨ-ਧੀਮਾਨ



**ਮਾਹਿਲਪੁਰ - ( ਸਫਰੀ )** ਦੇਸ਼ ਵਿਚ ਕਹਿਣ ਨੂੰ ਗਊ ਪੂਜਨੀਕ ਹੈ ਅਤੇ ਵਿਗਿਆਨਕ ਤੌਰ 'ਤੇ ਗਊ ਦਾ ਦੁੱਧ ਸਭ ਤੋਂ ਵੱਡਾ ਪੋਸ਼ਟਿਕ ਆਹਾਰ ਹੈ। ਪਰ ਜਿਸ ਤਰ੍ਹਾਂ ਦੇਸ਼ ਵਿਚ ਗਾਵਾਂ ਉੱਤੇ ਜ਼ੁਲਮ ਹੁੰਦੇ ਵੇਖੇ ਜਾਂਦੇ ਹਨ, ਬੜੇ ਸ਼ਰਮਨਾਕ ਹਨ। ਪ੍ਰੀਵੇਨਸ਼ਨ ਆਫ ਕਰੂਐਲਟੀ ਟੂ ਐਨੀਮਲ ਐਕਟ 1960 ਅਤੇ ਐਨੀਮਲ ਵੈਲਫੇਅਰ ਬੋਰਡ ਸਭ ਕਾਗਜ਼ੀ ਸਿੱਧ ਹੋ ਰਹੇ ਹਨ। ਜਦੋਂ ਕਿ ਜਾਨਵਰਾਂ ਦੀ ਰੱਖਿਆ ਅਤੇ ਸੁਰੱਖਿਆ ਲਈ ਹਾਲੇ ਬਹੁਤ ਕੁਝ ਕੀਤਾ ਜਾਣ ਸਮੇਂ ਦੀ ਲੋੜ ਹੈ। ਦੇਸ਼ ਵਿਚ ਲੰਪੀ ਸਕਿਨ ਬੀਮਾਰੀ ਨੇ ਜਿਥੇ ਪਸ਼ੂਆਂ ਨੂੰ ਸਾਰੇ ਦੇਸ਼ ਵਿਚ ਆਪਣਾ ਸ਼ਿਕਾਰ ਬਣਾਇਆ ਹੈ ਤੇ ਉਸ ਨਾਲ ਦੁੱਧ ਅਤੇ ਇਨ੍ਹਾਂ ਦੀ ਮੌਤ ਕਾਰਨ ਹੋਰ ਆਰਥਿਕ ਨੁਕਸਾਨ ਹੋਇਆ ਹੈ। ਉਸ ਬਾਰੇ ਸਰਕਾਰ ਦੀ ਚੁੱਪੀ ਅਨੇਕਾਂ ਸਵਾਲ ਖੜੇ ਕਰਦੀ ਹੈ। ਸਰਕਾਰੀ ਅੰਕੜੇ ਸਾਫ ਵਿਆਖਿਆ ਕਰਦੇ ਹਨ ਹਨ, ਗਊਆਂ ਨੂੰ ਲੰਪੀ ਸਕਿਨ ਬੀਮਾਰੀ ਤੋਂ ਬਚਾਉਣ ਲਈ ਵੱਡੀਆਂ ਅਣਗਹਿਲੀਆਂ ਵਰਤੀਆਂ ਗਈਆਂ ਹਨ। ਪਸ਼ੂ ਪਾਲਣ ਵਿਭਾਗ ਅੰਦਰ ਅਜਾਦੀ ਦੇ 75 ਸਾਲ ਬਾਅਦ ਵੀ ਇਨਸਫਰਾ ਸਟਰਕਚਰ ਦੀ ਵੱਡੀ ਘਾਟ ਹੈ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੂਚਨਾ ਅਧਿਕਾਰ ਐਕਟ 2005 ਦੇ ਤਹਿਤ ਡਾਇਰੈਕਟੋਰੇਟ ਪਸ਼ੂ ਪਾਲਣ ਵਿਭਾਗ ਪੰਜਾਬ ਤੋਂ ਪ੍ਰਾਪਤ ਸੂਚਨਾ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਪੂਰੇ ਪੰਜਾਬ ਅੰਦਰ ਲੰਪੀ ਸਕਿਨ ਬੀਮਾਰੀ ਨਾਲ 17575 ਗਊਆਂ ਦੀ ਜਾਨ ਗਈ ਅਤੇ ਹਰ ਰੋਜ਼ 166 ਗਊਆਂ ਪ੍ਰਭਾਵਿਤ ਹੋਈਆਂ ਅਤੇ ਕੁਲ 01 ਮਈ 2022 ਤੋਂ ਲੈ ਕੇ 15 ਸਤੰਬਰ 2022 ਤੱਕ 174052 ਗਊਆਂ ਪ੍ਰਭਾਵਿਤ ਹੋਈਆਂ। ਉਨ੍ਹਾਂ ਅੱਗੇ ਦੱਸਿਆ ਕਿ ਹਰ ਰੋਜ਼ ਲੰਪੀ ਸਕਿਨ ਬੀਮਾਰੀ ਤੋਂ ਪੀੜਤ 1252 ਪਸ਼ੂ ਠੀਕ ਹੋਏ ਅਤੇ ਕੁਲ ਠੀਕ ਹੋਈਆਂ ਦੀ ਗਿਣਤੀ 113925 ਹਨ। ਕੁਲ ਪੂਰੇ ਪੰਜਾਬ ਅੰਦਰ 916420 ਪੀੜਤ ਪਸ਼ੂਆਂ ਨੂੰ ਵੇਕਸੀਨੇਸ਼ਨ ਕੀਤੀ। ਜਿਥੇ ਕਿ ਅੰਮ੍ਰਿਤਸਰ ਵਿਚ 57567, ਬਰਨਾਲਾ ਵਿਚ 38997,ਬਠਿੰਡਾ ਵਿਚ 46077, ਫਰੀਦਕੋਟ ਵਿਚ 29725, ਫਤਿਹਗੜ੍ਹ ਸਾਹਿਬ ਵਿਚ 25890, ਫਾਜਿਲਕਾ ਵਿਚ 38088, ਫਿਰੋਜ਼ਪੁਰ 'ਚ 27809, ਗੁਰਦਾਸਪੁਰ 60254,ਹੁਸ਼ਿਆਰਪੁਰ ਵਿਚ 66863,ਜਲੰਧਰ ਵਿਚ 61781,ਕਪੂਰਥਲਾ ਵਿਚ 25264, ਲੁਧਿਆਣਾ ਵਿਚ 89163, ਮਾਨਸਾ ਵਿਚ 24490,ਮੋਗਾ ਵਿਚ 39792,ਮੁਕਤਸਰ ਵਿਚ 37285, ਐਸਬੀਐਸ ਨਗਰ ਵਿਚ 22818,ਪਠਾਨਕੋਟ ਵਿਚ 27076,ਪਟਿਆਲਾ ਵਿਚ 50853,ਰੂਪਨਗਰ ਵਿਚ 24820,ਐਸਏਐਸ ਨਗਰ ਵਿਚ 16873, ਸੰਗਰੂਰ ਵਿਚ 68284,ਤਰਨਤਾਰਨ ਵਿਚ 32831 ਆਦਿ ਦੀ ਵੈਕਸੀਨੇਸ਼ਨ ਕੀਤੀ ਗਈ। ਇਸ ਤਰ੍ਹਾਂ ਕੁੱਲ 926596 ਵੈਕਸੀਨ ਪ੍ਰਾਪਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਕੁਲ ਵੈਟਨਰੀ ਇੰਸਪੈਕਟਰਾਂ ਦੀਆਂ ਕੁਲ 2010 ਵਿਚੋਂ 662 ਅਸਾਮੀਆਂ ਖਾਲੀ ਹਨ ਅਤੇ 1348 ਭਰੀਆਂ ਹੋਈਆਂ ਹਨ। ਅੰਕੜਿਆਂ ਨੂੰ ਅਸਲ ਵਿਚ ਵੇਖਣ 'ਤੇ ਪਤਾ ਲਗਦਾ ਹੈ ਕਿ ਪਸ਼ੂ ਪਾਲਣ ਵਿਭਾਗ ਦਾ ਬਹੁਤ ਬੁਰਾ ਹਾਲ ਹੈ। ਸਰਕਾਰੀ ਅਣਗਹਿਲੀਆਂ ਪਸ਼ੂਆਂ ਦੇ ਕੀਮਤੀ ਜੀਵਨ ਨਾਲ ਖਿਲਵਾੜ ਕਰ ਰਹੀਆਂ ਹਨ ਤੇ ਇਨ੍ਹਾਂ ਦਾ ਖਮਿਆਜਾ ਬੇਜ਼ੁਬਾਨ ਸਾਰੇ ਜਾਨਵਰਾਂ ਨੂੰ ਭੁਗਤਣਾ ਪੈ ਰਿਹਾ ਹੈ। ਲੋਕਾਂ ਵਲੋਂ ਕਾਰਪੋਰੇਸ਼ਨ ਕਾਓ ਸੈਸ ਦਿੱਤਾ ਜਾ ਰਿਹਾ ਹੈ ਤੇ ਪੰਜਾਬ ਸਰਕਾਰ ਉਸ ਪੈਸੇ ਨੂੰ ਦਬਾ ਕੇ ਬੈਠੀ ਹੈ। ਸਭ ਤੋਂ ਮਾੜੀ ਗੱਲ ਹੈ ਕਿ ਵਿਧਾਨਕਾਰ ਵੀ ਚੁੱਪ ਕਰਕੇ ਬੈਠੇ ਹਨ। ਇਹ ਪੈਸਾ ਹਰ ਹਫਤੇ ਮਿਲਣਾ ਚਾਹੀਦਾ ਹੈ।

# ਇੰਨੋਸੈਂਟ ਹਾਰਟਸ ਦਾ ਸਾਇੰਸ ਮਾਡਲ ਖੇਤਰੀ ਵਿਗਿਆਨ ਪ੍ਰਦਰਸ਼ਨੀ 'ਚ ਰਾਸ਼ਟਰੀ ਪੱਧਰ ਲਈ ਚੁਣਿਆ




**ਜਲੰਧਰ (ਸ਼ੈਲੀ ਐਲਬਰਟ):-** ਇੰਨੋਸੈਂਟ ਹਾਰਟਸ ਦੇ ਭੌਤਿਕ ਵਿਗਿਆਨ ਦੇ ਅਧਿਆਪਕ ਅਮਿਤ ਕੁਮਾਰ ਦੀ ਅਗਵਾਈ ਹੇਠ ਅੱਠਵੀਂ ਜਮਾਤ ਦੇ 2 ਵਿਦਿਆਰਥੀਆਂ ਕੁੰਜ ਭਾਰਤੀ ਅਤੇ ਅਥਰਵ ਭਾਰਦਵਾਜ ਦੁਆਰਾ ਤਿਆਰ ਕੀਤਾ ਗਿਆ ਵਿਗਿਆਨ ਮਾਡਲ ਬਰਡ ਆਈ ਸੀ.ਬੀ.ਐੱਸ.ਈ. ਖੇਤਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਰਾਸ਼ਟਰੀ ਪੱਧਰ ਲਈ ਚੁਣਿਆ ਗਿਆ। ਇਹ ਪ੍ਰਦਰਸ਼ਨੀ ਬੀਸੀਐਮ ਆਰੀਆ ਸਕੂਲ ਲੁਧਿਆਣਾ ਵਿਖੇ ਕਰਵਾਈ ਗਈ ਸੀ। ਜਿਸ ਵਿੱਚ ਸੀ.ਬੀ.ਐੱਸ.ਈ. ਵੱਲੋਂ ਟੈਕਨਾਲੋਜੀ ਅਤੇ ਟੁਆਏ ਵਿਸ਼ੇ ਤੇ ਦੋ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਸੀ.ਬੀ.ਐੱਸ.ਈ. ਦੀਆਂ ਹਦਾਇਤਾਂ ਅਨੁਸਾਰ ਜੂਨੀਅਰ ਅਤੇ ਸੀਨੀਅਰ ਵਰਗ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਵਾਤਾਵਰਣ ਦੀ ਸੰਭਾਲ ਦੇ ਅਨੁਕੂਲ ਸਮੱਗਰੀ ਅਤੇ ਖੂਬਸੂਰਤੀ ਤਕਨੀਕਾਂ ਦੀ ਵਰਤੋਂ ਕੀਤੀ। ਇਸ ਪ੍ਰਦਰਸ਼ਨੀ ਵਿੱਚ 74 ਦੇ ਕਰੀਬ ਸਕੂਲਾਂ ਨੇ ਭਾਗ ਲਿਆ।ਇੰਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਦਾ ਪ੍ਰੋਜੈਕਟ ਸਬ-ਥੀਮ ਟਰਾਂਸਪੋਰਟ ਅਤੇ ਇੰਨੋਵੇਸ਼ਨ ਪਹਿਲੇ ਸਥਾਨ ਤੇ ਰਿਹਾ, ਜਿਸ ਦੀ ਜੱਜਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ। ਇਸ ਪ੍ਰੋਜੈਕਟ ਨੂੰ ਹੁਣ ਰਾਸ਼ਟਰੀ ਪੱਧਰ ਦੇ ਮੁਕਾਬਲੇ ਲਈ ਭੇਜਿਆ ਜਾਵੇਗਾ। ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਅਧਿਆਪਕ ਅਮਿਤ ਕੁਮਾਰ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਸਫਲਤਾ ਤੇ ਵਧਾਈ ਦਿੱਤੀ ਅਤੇ ਅਗਲੇ ਪੜਾਅ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ 'ਚਾਨਣ ਮੁਨਾਰਾ' ਮੁਹਿੰਮ ਸੰਬੰਧੀ ਕਰਵਾਇਆ ਪ੍ਰੋਗਰਾਮ



**ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ)**-ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾ ਅਥਾਰਟੀ, ਐਸ ਏ ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਦਿਲਬਾਗ ਸਿੰਘ ਜੌਹਲ, ਜ਼ਿਲ੍ਹਾ ਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਪਰਾਜੀਤਾ ਜੋਸ਼ੀ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵੱਲੋਂ 'ਚਾਨਣ ਮੁਨਾਰਾ' ਮੁਹਿੰਮ ਦੇ ਸੰਬੰਧ 'ਚ ਟ੍ਰੇਨਿੰਗ-ਕਮ-ਓਰੀਐਨਟੇਸ਼ਨ ਪ੍ਰੋਗਰਾਮ ਕੀਤਾ ਗਿਆ, ਜਿਸ ਦੌਰਾਨ ਪੈਨਲ ਐਡਵੋਕੇਟਾਂ ਅਤੇ ਪੀ ਐਲ ਵੀਜ਼ ਨੂੰ ਡੀ ਵੀ ਐਕਟ, ਹਿੰਦੂ ਮੈਰਿਜ ਐਕਟ, ਐਨ ਡੀ ਪੀ ਐਸ ਐਕਟ, ਪੋਕਸੋ ਐਕਟ, ਆਰਮਜ਼ ਐਕਟ, ਐਕਸਾਈਜ਼ ਐਕਟ, ਪਬਲਿਕ ਯੂਟੀਲਿਟੀ ਸਰਵਿਸਿਜ਼, ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਮੇਨਟੀਨੈਂਸ ਆਫ਼ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨਜ਼ ਐਕਟ ਆਦਿ ਬਾਰੇ ਜਾਗਰੂਕ ਕੀਤਾ ਗਿਆ ਅਤੇ ਪੈਨਲ ਐਡਵੋਕੇਟ ਅਤੇ ਪੀ ਐਲ ਵੀ ਟੀਮ ਪਿੰਡ ਹਰੀਪੁਰ, ਬਲਾਕ ਹੁਸ਼ਿਆਰਪੁਰ-2 ਦੇ ਪਿੰਡ ਵਾਸੀਆਂ ਦੇ ਮੈਂਬਰਾਂ ਦੀ ਜਾਣਕਾਰੀ ਇਕੱਠੀ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਗਏ। ਇਸ ਸੈਮੀਨਾਰ ਦੌਰਾਨ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਵਲੋਂ ਮਿਤੀ 11.02.2023 ਨੂੰ ਲਗਾਈ ਜਾਣੀ ਵਾਲੀ ਨੈਸ਼ਨਲ ਲੋਕ ਅਦਾਲਤ ਦੇ ਬਾਰੇ ਦੱਸਿਆ ਗਿਆ। ਇਸ ਤੋਂ ਇਲਾਵਾ ਪਿੰਡ ਹਰੀ ਪੁਰ, ਬਲਾਕ ਹੁਸ਼ਿਆਰਪੁਰ-2 ਦੇ ਸਰਪੰਚ ਬਲਵੀਰ ਸਿੰਘ ਨਾਲ ਉਪਰੋਕਤ ਮੁਹਿੰਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਗੱਲਬਾਤ ਕੀਤੀ ਗਈ ਅਤੇ ਕਿਹਾ ਗਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪਰ ਦੀ ਪੈਨਲ ਐਡਵੋਕੇਟ ਅਤੇ ਪੀ ਐਲ ਵੀ ਟੀਮ ਦਾ ਪਿੰਡ ਵਾਸੀਆਂ ਨਾਲ ਰਾਬਤਾ ਬਣਾ ਕੇ ਜਾਣਕਾਰੀ ਇਕੱਠੀ ਕਰਨ 'ਚ ਸਹਿਯੋਗ ਦਿੱਤਾ ਜਾਵੇ।

# 'ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਦੇ ਬੱਚੇ ਗਏ ਪਿਕਨਿਕ ਟੂਰ 'ਤੇ'



**ਕਰਤਾਰਪੁਰ (ਹਰਮੇਸ ਦੱਤ)**-ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਬੀਰਇੰਦਰ ਸਿੰਘ ਪੰਨੂੰ ਨੇ ਖਾਸ ਤੌਰ 'ਤੇ ਜਮਾਤ ਨਰਸਰੀ ਤੋਂ ਚੌਥੀ ਜਮਾਤ ਦੇ ਬੱਚਿਆਂ ਨੂੰ ਪਿਕਨਿਕ ਮਨਾਉਂਣ ਲਈ ਜਾਨੇ-ਮਾਨੇ ਪਾਰਕ ਨਿੱਕੂ ਪਾਰਕ ਜਲੰਧਰ ਭੇਜ ਕੇ ਬੱਚਿਆਂ ਦੇ ਅੰਤਰ ਭਾਵਾਂ ਨੂੰ ਚਿਹਰੇ 'ਤੇ ਖੇੜੇ ਰੂਪੀ ਲਿਆਉਂਣ ਦਾ ਬਾਖੂਬ ਯਤਨ ਕੀਤਾ। ਨਿੱਕੂ ਪਾਰਕ ਬੱਚਿਆਂ ਨੇ ਕਪ-ਪਲੇਟ ਝੂਲਾ, ਆਈਸਕਰੀਮ ਝੂਲਾ, ਬਰੇਕਡਾਂਸ ਝੂਲਾ, ਸੀ-ਸਾ ਝੂਲਾ, ਟੈਡੀ ਝੂਲਾ, ਬਲੂਨ ਝੂਲਾ ਅਤੇ ਹੋਰ ਅਨੇਕ ਪ੍ਰਕਾਰ ਦੇ ਝੂਲਿਆਂ ਆਨੰਦ ਲਿਆ। ਅਧਿਆਪਕਾਂ ਨੇ ਵੀ ਬੱਚਿਆਂ ਨਾਲ ਪੀਂਘਾਂ ਵੀ ਝੂਟੀਆਂ। ਰਿਫਰੈਸ਼ਮੈਂਟ ਵਿੱਚ ਬੱਚਿਆਂ ਨੂੰ ਬਿਸਕੁਟ, ਫਰੂਟੀਆਂ ਅਤੇ ਟਿੱਕੀਆਂ ਦਿੱਤੀਆਂ ਗਈਆਂ।

ਬੱਚਿਆਂ ਦੇ ਨਾਲ ਮੈਡਮ ਰਜਿੰਦਰ ਕੌਰ ਮੱਲ੍ਹੀ, ਮੈਡਮ ਗਗਨਪ੍ਰੀਤ ਕੌਰ, ਮੈਡਮ ਰੇਖਾ ਗੌਤਮ, ਮੈਡਮ ਨਵਪ੍ਰੀਤ ਕੌਰ, ਮੈਡਮ ਕੁਲਜੀਤ ਕੌਰ, ਮੈਡਮ ਇੰਦਰਜੀਤ ਕੌਰ ਅਤੇ ਮੈਡਮ ਰਾਜਵਿੰਦਰ ਕੌਰ ਗਏ।

# ਗੁ: ਸਿੰਘ ਸ਼ਹੀਦਾਂ ਸੋਹਾਣਾ 'ਚ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਪੂਰਵਕ ਮਨਾਇਆ

**ਮੁਹਾਲੀ, ( ਗੁਰਜੀਤ ਬਿੱਲਾ )** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ 'ਚ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚੌਥੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ 'ਚ ਸ਼ੇਰੇ ਪੰਜਾਬ ਕਵੀਸ਼ਰੀ ਜਥੇ ਨੇ ਬਾਬਾ ਫਤਹਿ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਸਰਵਣ ਕਰਵਾਉਂਦੇ ਹੋਏ ਦੱਸਿਆ ਕਿ ਬਾਬਾ ਫਤਹਿ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਨ 1699 ਈ. 'ਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਭਾਈ ਅਮਰਜੀਤ ਸਿੰਘ ਖਾਲਸਾ ਦੇ ਰਾਗੀ ਜਥੇ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਭਾਈ ਸੰਦੀਪ ਸਿੰਘ ਸ਼੍ਰੋਮਣੀ ਪ੍ਰਚਾਰਕ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਵੱਲੋਂ ਛੋਟੀ ਉਮਰੇ ਸਮੇਂ ਦੀ ਜ਼ਾਲਮ ਮੁਗਲ ਹਕੂਮਤ ਦੇ ਜਬਰ ਅਤੇ ਜ਼ੁਲਮ ਖਿਲਾਫ ਸਰਹਿੰਦ ਵਿਖੇ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਦੇਣ ਦੇ ਪ੍ਰਸੰਗ ਨੂੰ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂੰ ਕਰਾਇਆ। ਇਸ ਤੋਂ ਇਲਾਵਾ ਭਾਈ ਬਹਾਦਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਸ਼ੇਰ ਏ ਪੰਜਾਬ ਕਵੀਸ਼ਰੀ ਜਥਾ, ਭਗੜਾਨੇ ਵਾਲਿਆਂ ਦਾ ਕਵੀਸ਼ਰੀ ਜਥਾ, ਭਾਈ ਗੁਰਿੰਦਰ ਸਿੰਘ, ਭਾਈ ਹਰੇਕਮ ਜੋਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਜੋਤ ਸਿੰਘ, ਭਾਈ ਹਰਪ੍ਰੀਤ ਸਿੰਘ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਹਰਬਖਸ਼ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।




# ਜ਼ਿਲ੍ਹਾ ਰੈੱਡ ਕਰਾਸ ਨੇ ਸੀਨੀਅਰ ਸੈਕੰਡਰੀ ਸਕੂਲ ਨੂੰ ਦਿੱਤੀਆਂ 710 ਹਾਈਜੀਨ ਕਿੱਟਾਂ



**ਕਪੂਰਥਲਾ ( ਰਵਿੰਦਰ ਸਿੰਘ)**-ਰੈਡ ਕਰਾਸ ਸੁਸਾਇਟੀ ਕਪੂਰਥਲਾ ਦੀ ਚੇਅਰਪਰਸਨ ਡਾ. ਪ੍ਰੀਤ ਕੰਵਲ ਵਲੋਂ ਘੰਟਾਘਰ ਸਕੂਲ ਵਿੱਚ 710 ਹਾਈਜੀਨ ਕਿੱਟਾਂ ਦੀ ਵੰਡ ਕੀਤੀ। ਚੇਅਰਪਰਸਨ ਨੇ ਆਖਿਆ ਇਨ੍ਹਾਂ ਕਿੱਟਾਂ ਦੀ ਵੰਡ ਕਰਕੇ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਜਾਣੂੰ ਕਰਵਾਇਆ। ਡਾ.ਪ੍ਰੀਤ ਕਵੰਲ ਨੇ ਹਾਜਰ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹਾਂ ਕਿੱਟਾਂ ਵਿਚ ਨਹਾਉਣ ਤੇ ਕੱਪੜੇ ਧੋਣ ਵਾਲਾ ਸਾਬਣ, ਕੋਕੋਨਟ ਤੇਲ, ਬੁਰਸ, ਟੂਥ ਪੇਸਟਾਂ, ਸੈਨੇਟਾਈਜਰ , ਨੈਪਕਿਨ ਸ਼ਾਮਿਲ ਹੈ। ਡਾ. ਕੰਵਲ ਨੇ ਆਖਿਆ ਕਿ ਸਾਨੂੰ ਆਪਣੇ ਸਰੀਰਕ ਹਾਈਜੀਨ ਵੱਲ ਧਿਆਨ ਦੇਣ ਦੀ ਲੋੜ ਹੈ, ਤਾਂਕਿ ਬਿਮਾਰੀਆਂ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਰੈੱਡ ਕਰਾਸ ਵਲੋਂ ਲੋੜਵੰਦਾਂ ਦੀ ਮਦਦ ਲਈ ਤਿਆਰ ਹੈ। ਰੈੱਡ ਕਰਾਸ ਵਲੋਂ ਲੋੜਵੰਦਾਂ ਦੇ ਇਲਾਜ, ਵਿਦਿਆਰਥਣਾਂ ਦੀ ਪੜ੍ਹਾਈ, ਸਵੈ ਰੁਜਗਾਰ ਲਈ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਹਾਈਜੀਨ ਕਿੱਟਾਂ ਦੀ ਵੰਡ ਕਪੂਰਥਲਾ ਅਤੇ ਫਗਵਾੜਾ ਸਿਵਲ ਹਸਪਤਾਲ ਵਿੱਚ ਵੀ ਕੀਤੀਆਂ ਗਈਆਂ। ਇਸ ਮੌਕੇ ਸੈਕਟਰੀ ਰੈੱਡ ਕਰਾਸ ਆਰ.ਸੀ ਬਿਰਹਾ,ਪ੍ਰਿੰਸੀਪਲ ਗੁਰਚੇਤਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਧਿਆਪਕ ਅਤੇ ਹਾਜਰ ਸਨ।

# ਬੇਲਾ ਕਾਲਜ ਦੁਆਰਾ ਗੋਦ ਲਏ ਪਿੰਡਾਂ 'ਚ ਵੱਖ ਵੱਖ ਗਤੀਵਿਧੀਆਂ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ 'ਉੱਨਤ ਭਾਰਤ ਸਕੀਮ' ਤਹਿਤ ਗੋਦ ਲਏ ਪਿੰਡਾਂ 'ਚ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਦੀ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਬੇਲਾ ਕਾਲਜ ਨੇ ਪਿੰਡ ਬੇਲਾ, ਭੈਰੋਂ ਮਾਜਰਾ, ਬਲਰਾਮ ਪੁਰ, ਫਿਰੋਜ਼ਪੁਰ, ਅਤੇ ਜਟਾਣਾ ਪਿੰਡ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਨੁਸਾਰ ਗੋਦ ਲਏ ਹਨ। ਇਸ ਤਹਿਤ ਬੇਲਾ ਕਾਲਜ ਦੇ ਐਨ.ਐਸ.ਐਸ ਦੇ ਇੰਚਾਰਜ ਸਹਾਇਕ ਪ੍ਰੋ. ਸੁਨੀਤਾ ਰਾਣੀ ਅਤੇ ਸਹਾਇਕ ਪ੍ਰੋ. ਅਮਰਜੀਤ ਸਿੰਘ ਨੇ ਲਗਭਗ 100 ਵਲੰਟੀਅਰਾਂ ਦੁਆਰਾ ਇਨ੍ਹਾਂ ਪਿੰਡਾਂ 'ਚ ਸਫਾਈ ਅਭਿਆਨ, ਮੱਛਰਾਂ ਦੀ ਰੋਕਥਾਮ ਲਈ ਦਵਾਈ ਸਪਰੇਅ, ਪੌਦੇ ਲਗਾਉਣਾ ਅਤੇ ਜਾਗਰੂਕ ਪ੍ਰੋਗਰਾਮ ਕਰਵਾਏ ਗਏ। ਬਲਰਾਮ ਪੁਰ ਪਿੰਡ 'ਚ ਇਸ ਮੁਹਿੰਮ ਦੌਰਾਨ ਸਾਬਕਾ ਪ੍ਰਿੰਸੀਪਲ ਪ੍ਰੋ. ਸੁਰਮੁੱਖ ਸਿੰਘ ਨੇ ਲੈਕਚਰ ਦੁਆਰਾ ਸਕੂਲ ਦੇ ਵਿਦਿਆਰਥੀਆਂ ਅਤੇ ਵਲੰਟੀਆਰਾਂ ਨੂੰ ਸਮਾਜ ਦੇ ਕੰਮਾਂ ਲਈ ਜਾਗਰੂਕ ਕੀਤਾ ਅਤੇ ਪਿੰਡਾਂ 'ਚ ਵਲੰਟੀਅਰਾਂ ਵੱਲੋਂ ਕੀਤੇ ਕੰਮਾਂ ਦੀ ਸਰਾਹਨਾ ਕੀਤੀ।



# ਹਰਿਆਣਾ 'ਚ ਪੁਜਾਰੀ ਪੁਰੋਹਿਤ ਵੈਲਫੇਅਰ ਬੋਰਡ ਦੀ ਸਥਾਪਨਾ ਸਵਾਗਤਯੋਗ ਪਹਿਲ : ਪੰਡਿਤ ਨਿਪੁੰਨ ਸ਼ਰਮਾ

**ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ)**-ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨਿਪੁੰਨ ਸ਼ਰਮਾ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੁਜਾਰੀਆਂ ਲਈ ਭਲਾਈ ਬੋਰਡ ਦੀ ਸਥਾਪਨਾ ਦਾ ਐਲਾਨ ਕਰਕੇ ਇਤਿਹਾਸਕ ਕਦਮ ਚੁੱਕਿਆ ਹੈ। ਜਦੋਂ ਪੂਰੇ ਦੇਸ਼ 'ਚ ਇੱਕ ਵਿਸ਼ੇਸ਼ ਫਿਰਕੇ ਦੀਆਂ ਜੇਬਾਂ ਭਰਨ ਲਈ ਸਰਕਾਰੀ ਖਜ਼ਾਨੇ ਨੂੰ ਲੁੱਟਣ ਦੀ ਦੌੜ ਚੱਲ ਰਹੀ ਹੈ, ਅਜਿਹੇ ਵਿੱਚ ਪੁਜਾਰੀਆਂ ਦੇ ਹਿੱਤਾਂ ਦੀ ਚਿੰਤਾ ਰੱਖਣ ਵਾਲੇ ਹਰਿਆਣਾ ਦੇ ਮੁੱਖ ਮੰਤਰੀ ਨੇ ਇੱਕ ਆਦਰਸ਼ ਪੇਸ਼ ਕੀਤਾ ਹੈ । ਇਸ ਬੋਰਡ ਦੀ ਸਥਾਪਨਾ ਹਿੰਦੂ ਧਰਮ ਅਤੇ ਇਸ ਦੀ ਸਰਪ੍ਰਸਤੀ ਕਰਨ ਵਾਲੇ ਪੁਜਾਰੀਆਂ ਦੇ ਵਿਕਾਸ ਲਈ ਇੱਕ ਅਹਿਮ ਕਦਮ ਸਾਬਤ ਹੋਵੇਗੀ। ਅਸੀਂ ਹਰਿਆਣਾ ਦੇ ਮੁੱਖ ਮੰਤਰੀ ਦੇ ਇਸ ਕਦਮ ਦੀ ਵਧਾਈ ਦਿੰਦੇ ਹਾਂ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਹਰਿਆਣਾ ਸਰਕਾਰ ਦੀ ਤਰਜ਼ 'ਤੇ ਚੱਲ ਰਹੀ ਹੈ। ਪੁਜਾਰੀਆਂ ਦੇ ਵਿਕਾਸ ਲਈ ਚਲਾਏ ਜਾਂਦੇ ਪ੍ਰੋਗਰਾਮਾਂ ਨੂੰ ਵੀ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਵੀ ਉਪਰੋਕਤ ਬੋਰਡ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਪੁਜਾਰੀ ਵੀ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਚੰਗੇ ਢੰਗ ਨਾਲ ਕਰ ਸਕਣ। ਸ਼ਰਮਾ ਨੇ ਕਿਹਾ ਕਿ ਜ਼ਿਆਦਾਤਰ ਪੁਜਾਰੀਆਂ ਦੀ ਹਾਲਤ ਤਰਸਯੋਗ ਹੈ, ਜਿਸ ਕਾਰਨ ਉਹ ਆਪਣੇ ਪਰਵਾਰਾਂ ਦੀ ਸੁਚੱਜੇ ਢੰਗ ਨਾਲ ਦੇਖਭਾਲ ਕਰਨ ਤੋਂ ਅਸਮਰੱਥ ਹਨ। ਸ਼ਰਮਾ ਨੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਭਗਵੰਤ ਮਾਨ ਸਰਕਾਰ ਇਸ ਮਾਮਲੇ ਦਾ ਜਲਦ ਤੋਂ ਜਲਦ ਨੋਟਿਸ ਲੈਂਦਿਆਂ ਇੱਕ ਬੋਰਡ ਦਾ ਗਠਨ ਕਰੇਗੀ, ਜਿਸ ਰਾਹੀਂ ਪੰਜਾਬ ਦੇ ਪੁਜਾਰੀਆਂ ਅਤੇ ਹੋਰ ਪੁਜਾਰੀਆਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

# ਰੇਲ ਗੱਡੀ ਦੀ ਫੇਟ ਵੱਜਣ ਕਾਰਨ ਮੌਤ

**ਫਿਲੌਰ (ਨਿਰਮਲ)-** ਰੇਲਵੇ ਪੁਲਸ ਚੌਂਕੀ ਦੇ ਥਾਣੇਦਾਰ ਮਦਨ ਲਾਲ ਅਤੇ ਸਿਪਾਹੀ ਕਮਲਜੀਤ ਸਿੰਘ ਨੇ ਦੱਸਿਆ ਕਿ ਫਿਲੌਰ ਰੇਲਵੇ ਸਟੇਸ਼ਨ ਨੇੜੇ ਕਿਲ੍ਹੇ ਵਾਲੇ ਫਾਟਕ ਕੋਲ ਇਕ 35-36 ਸਾਲਾਂ ਮੋਨੇ ਵਿਅਕਤੀ ਦੀ ਲਾਸ਼ ਮਿਲੀ। ਜਿਸ ਦੀ ਮੌਤ ਕਿਸੇ ਨਾਮਲੂਮ ਰੇਲ ਗੱਡੀ ਦੀ ਫੇਟ ਵੱਜਣ ਕਾਰਨ ਹੋਈ ਹੈ। ਮ੍ਰਿਤਕ ਦੀਆਂ ਦਾੜ੍ਹੀ ਮੁੱਛਾਂ ਕਤਰਾਵੀਆਂ ਹਨ, ਕਾਲੀ ਜੈਕਟ, ਚਿੱਟੀ ਕਮੀਜ, ਕਾਲੀ ਪੈਂਟ ਪਾਈ ਹੋਈ ਹੈ। ਲਾਸ਼ ਦੀ ਪਹਿਚਾਣ ਨਹੀਂ ਹੋ ਸਕੀ, ਲਾਸ਼ 72 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਰੱਖ ਕੇ ਉਸ ਦੇ ਵਾਰਸਾਂ ਦਾ ਪਤਾ ਲਗਾਉਣ ਦੇ ਯਤਨ ਕੀਤੇ ਜਾ ਰਹੇ ਹਨ।

# ਪ੍ਰਭਾਵਸ਼ਾਲੀ ਤੇ ਯਾਦਗਾਰੀ ਹੋ ਨਿੱਬੜਿਆ ਮਾਤਾ ਸਾਹਿਬ ਕੌਰ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ



**ਟਾਂਡਾ ਉੜਮੁੜ ( ਓਂਕਾਰ ਸਿੰਘ ਜਸਵਿੰਦਰ ਸੰਧੂ )**ਮਾਤਾ ਸਾਹਿਬ ਕੌਰ ਇੰਟਰਨੈਸਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਦਾ ਸਲਾਨਾ ਇਨਾਮ ਵੰਡ ਸਮਾਰੋਹ ਸਕੂਲ ਦੇ ਕੰਪਲੈਕਸ ਵਿਖੇ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਅਤੇ ਸਕੂਲ ਪ੍ਰਿੰਸੀਪਲ ਸ਼ਾਰਦਾ ਦੱਤ ਦੀ ਅਗਵਾਈ ਵਿਚ ਬੜਾ ਪ੍ਰਭਾਵਸ਼ਾਲੀ ਤੇ ਯਾਦਗਾਰੀ ਹੋ ਨਿੱਬੜਿਆ। ਸਮਾਰੋਹ ਦਾ ਉਦਘਾਟਨ ਮੁੱਖ ਮਹਿਮਾਨ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕੀਤਾ ਅਤੇ ਸ਼ਮ੍ਹਾਂ ਰੌਸ਼ਨ ਵਿਸ਼ੇਸ਼ ਮਹਿਮਾਨ ਜਗਤ ਪੰਜਾਬੀ ਸਭਾ ਟੋਰਾਂਟੋ ਕੈਨੇਡਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਤੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਨੇ ਕੀਤੀ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਵਜੋਂ ਆਪ ਸ਼ਹਿਰੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ, ਜ਼ਿਲ੍ਹਾ ਯੂਥ ਪ੍ਰਧਾਨ ਚੌਧਰੀ ਰਾਜਵਿੰਦਰ ਸਿੰਘ ਰਾਜਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ, ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਰਾਹੁਲ ਖੰਨਾ, ਵਿਕਾਸ ਜਸਰਾ, ਅਖਿਲ ਵਾਲਮੀਕਿ ਧਰਮ ਸਮਾਜ ਪੰਜਾਬ ਦੇ ਚੇਅਰਮੈਨ ਗਗਨ ਭੱਟੀ, ਨਿਖਲੇਸ ਜਸਰਾ ਨੈਨੂ, ਅਤਵਾਰ ਸਿੰਘ ਪਲਾਚੱਕ, ਸਰਬਜੀਤ ਸਿੰਘ ਵਿੱਕੀ, ਪਲਵਿੰਦਰ ਸਿੰਘ ਗੋਲਡੀ, ਸਰਪੰਚ ਸੁਰਜੀਤ ਸਿੰਘ ਡੱਡੀਆਂ, ਸਰਪੰਚ ਜਸਵੀਰ ਸਿੰਘ ਦਬੁਰਜੀ, ਪ੍ਰੇਮ ਪਡਵਾਲ, ਵਿੱਕੀ ਮਹਿੰਦਰੂ, ਹੈਡਮਾਸਟਰ ਨਰਿੰਦਰ ਅਰੋੜਾ ਸ਼ਾਮਿਲ ਹੋਏ। ਸਮਾਰੋਹ ਦਾ ਆਰੰਭ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਸ਼ਬਦ ਗਾਇਨ ਅਤੇ ਦੇਸ਼ ਭਗਤੀ ਗੀਤਾਂ ਉਪਰੰਤ ਵੱਖ-ਵੱਖ ਗਰੁੱਪਾਂ ਵਿੱਚ ਵਿਦਿਆਰਥੀਆਂ ਨੇ ਸਕਿੱਟਾਂ ਰਾਹੀਂ ਜਾਤਾਂ ਧਰਮਾਂ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰੇ ਨੂੰ ਬੜਾਵਾ ਦੇਣ ਅਤੇ ਦਰਖਤਾਂ ਦੀ ਹੋ ਰਹੀ ਕਟਾਈ ਤੋਂ ਧਰਤੀ ਨੂੰ ਹੋ ਰਹੇ ਨੁਕਸਾਨ ਬਾਰੇ ਜਾਣੂ ਕਰਵਾਉਂਦੇ ਹੋਏ ਦਰਖੱਤਾਂ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ। ਸਮਾਰੋਹ ਦੌਰਾਨ ਸਕੂਲੀ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਦੇ ਹੋਏ ਫੈਂਸੀ ਡਰੈੱਸ ਵਿੱਚ ਆਪਣੇ ਪੰਜਾਬੀ ਪਹਿਰਾਵੇ ਤੇ ਪੰਜਾਬੀ ਸੱਭਿਅਤਾ ਨੂੰ ਅਪਨਾਉਣ ਦੀ ਪ੍ਰੇਰਨਾ ਦੇਣ ਤੋਂ ਇਲਾਵਾ ਗੁਜਰਾਤੀ, ਮਰਾਠੀ, ਰਾਜਸਥਾਨੀ, ਹਿਮਾਚਲੀ ਅਤੇ ਨੇਪਾਲੀ ਪਹਿਰਾਵਿਆਂ ਵਿੱਚ ਸਟੇਜ ਤੇ ਆ ਕੇ ਦਰਸ਼ਕਾਂ ਨੂੰ ਤਾਰੀਫ ਕਰਨ 'ਤੇ ਮਜਬੂਰ ਕਰ ਦਿੱਤਾ। ਇਸ ਤੋਂ ਇਲਾਵਾ ਗਿੱਧਾ, ਭੰਗੜਾ, ਡਾਂਸ ਆਦਿ ਪੇਸ਼ ਕਰਦੇ ਹੋਏ ਵਿਦਿਆਰਥੀਆਂ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਸ਼ਾਰਦਾ ਦੱਤ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹਦੇ ਹੋਏ ਦੱਸਿਆ ਕਿ ਸਕੂਲ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਦੇ ਨਾਲ-ਨਾਲ ਖੇਡਾਂ, ਯੋਗਾ, ਡਰਾਇੰਗ, ਲਿਖਣ, ਗ੍ਰੀਟਿੰਗ ਕਾਰਡ, ਬਾਲ ਕਵਿਤਾਵਾਂ, ਵੂਸੋ ਮੁਕਾਬਲੇ ਕਰਵਾਕੇ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਢੁਕਵੇਂ ਮੌਕੇ ਪ੍ਰਦਾਨ ਕਰਨ ਤੋਂ ਇਲਾਵਾ ਨਸ਼ਿਆਂ ਜਿਹੀਆਂ ਬੁਰੀਆਂ ਅਲਾਮਤਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਸਮਾਰੋਹ ਵਿੱਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਅਜੋਕੇ ਯੁੱਗ ਵਿਚ ਗੁਰੂ ਦੇ ਸਹਿਯੋਗ ਬਿਨਾਂ ਹੋਣਹਾਰ ਵਿਦਿਆਰਥੀ ਵੀ ਉੱਚ ਮੁਕਾਮ ਨੂੰ ਹਾਸਲ ਨਹੀਂ ਕਰ ਸਕਦੇ ਇਸ ਲਈ ਹਰ ਵਿਦਿਅਕ ਅਦਾਰਿਆਂ ਦੇ ਅਧਿਆਪਕਾਂ ਨੂੰ ਬੱਚਿਆਂ ਦੇ ਉੱਜਵਲ ਭਵਿੱਖ ਲਈ ਪੂਰੀ ਮਿਹਨਤ ਅਤੇ ਲਗਨ ਨਾਲ ਆਪਣਾ ਫਰਜ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਦੀ ਵਧੀਆ ਕਾਰਗੁਜਾਰੀ ਸਦਕਾ ਪੜ੍ਹਾਈ ਅਤੇ ਖੇਡਾਂ ਦਾ ਮਿਆਰ ਦਿਨ-ਬ-ਦਿਨ ਉਚਾਈਆਂ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਕਿਹਾ ਕਿ ਜੇਕਰ ਹਰ ਵਿਦਿਆਰਥੀ ਆਪਣੇ ਅਧਿਆਪਕ ਨੂੰ ਗੁਰੂ ਦਾ ਦਰਜਾ ਦਿੰਦੇ ਹੋਏ ਉਸਦੇ ਦਰਸਾਏ ਮਾਰਗ 'ਤੇ ਚੱਲੇ ਤਾਂ ਉਹ ਹਰੇਕ ਮੁਸ਼ਕਿਲ ਤੋਂ ਮੁਸ਼ਕਿਲ ਮੰਜਿਲ ਨੂੰ ਵੀ ਹਾਸਲ ਕਰ ਸਕਦਾ ਹੈ। ਖੇਡਾਂ ਅਤੇ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਆਏ ਹੋਏ ਮੁੱਖ ਮਹਿਮਾਨਾਂ ਨੇ ਸਰਟੀਫਿਕੇਟ ਤੇ ਟਰਾਫੀਆਂ ਦੇ ਕੇ ਸਨਮਾਨਿਤ ਕਰਦੇ ਹੋਏ ਵਧਾਈ ਦਿੱਤੀ। ਸਟੇਜ ਸੰਚਾਲਨ ਮੈਡਮ ਕੋਮਲ ਸਰੋਆ ਨੇ ਬਖੂਬੀ ਨਿਭਾਇਆ। ਇਸ ਮੌਕੇ 'ਤੇ ਹਰਦੀਪ ਸਿੰਘ ਖੁੱਡਾ, ਪ੍ਰੋ. ਨਵਦੀਪ ਸਿੰਘ, , ਮਨੀਸ਼ ਸੋਂਧੀ, ਬਲਜੀਤ ਸਿੰਘ ਕਮਲ ਧੀਰ, ਮਨਦੀਪ ਸਿੰਘ, ਸੇਵਾ ਸਿੰਘ, ਅਵਤਾਰ ਸਿੰਘ ਸਕੂਲ ਕੋਆਰਡੀਨੇਟਰ ਅੰਜੂ ਬਾਲਾ, ਵਾਈਸ ਪ੍ਰਿੰਸੀਪਲ ਪਰਮਜੀਤ ਕੌਰ, ਜਸਵਿੰਦਰ ਕੌਰ, ਦਮਨਜੀਤ ਕੌਰ, ਤਰਨਜੀਤ ਕੌਰ ਜਸਵੀਰ ਕੌਰ ਅਤੇ ਹੋਰ ਹਾਜਰ ਸਨ।

## ਵਰ੍ਹੇਗੰਢ ਮੁਬਾਰਕ



ਮੇਹਰ ਸਿੰਘ ਤੇ ਸਰਬਜੀਤ ਕੌਰ ਤਲਵੰਡੀ (ਤਰਨ ਤਾਰਨ) ਨੇ ਵਿਆਹ ਦੀ 30ਵੀਂ ਵਰ੍ਹੇਗੰਢ ਮਨਾਈ।



ਹਰਵਿੰਦਰ ਸਿੰਘ ਭੁੰਗਰਨੀ ਤੇ ਜਸਵੀਰ ਕੌਰ ਵਾਸੀ ਭੁੰਗਰਨੀ ਨੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।

# ਸਾਥੀ ਲਾਲ ਸਿੰਘ ਧਨੌਲਾ ਨਮਿਤ ਸ਼ਰਧਾਂਜਲੀ ਸਮਾਗਮ ਭਲਕੇ

**ਬਹਿਰਾਮ (ਅਵਤਾਰ ਕਲੇਰ)** ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਪ੍ਰੈੱਸ ਬਿਆਨ ਰਾਹੀਂ ਕਿਹਾ ਹੈ ਕਿ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸਾਥੀ ਲਾਲ ਸਿੰਘ ਧਨੌਲਾ ਦਾ 9 ਦਸੰਬਰ ਨੂੰ ਦਿਲ ਦੀ ਧੜਕਣ ਰੁਕਣ ਕਾਰਨ ਦਿਹਾਂਤ ਹੋ ਗਿਆ। ਉਨ੍ਹਾਂ ਨਮਿਤ ਸ਼ਰਧਾਂਜਲੀ ਸਮਾਗਮ 18 ਦਸੰਬਰ ਨੂੰ ਪਿੰਡ ਧਨੌਲਾ ਵਿਖੇ ਹੋਵੇਗਾ, ਜਿਸ ਵਿੱਚ ਕੇਂਦਰੀ ਤੇ ਸੂਬਾਈ ਆਗੂ ਵਿਸ਼ੇਸ਼ ਤੌਰ 'ਤੇ ਪੁੱਜਣਗੇ। ਉਨ੍ਹਾਂ ਸੂਬਾ ਵਰਕਿੰਗ ਕਮੇਟੀ ਮੈਂਬਰਾਂ ਨੂੰ ਠੀਕ 12 ਵਜੇ ਪੁੱਜਣ ਦੀ ਅਪੀਲ ਕੀਤੀ।

# ਐੱਨ ਆਰ ਆਈ ਢੇਸੀ ਨੇ ਗੋਲਡ ਮੈਡਲ ਜਿੱਤਣ ਵਾਲੇ ਚਾਰ ਪਹਿਲਵਾਨਾਂ ਨੂੰ ਬਦਾਮ ਭੇਟ ਕੀਤੇ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ )** -ਪਹਿਲਵਾਨ ਸ਼ਿੰਗਾਰਾ ਸਿੰਘ ਢੇਸੀ ਦੇ ਪਿਤਾ ਹਰਭਜਨ ਸਿੰਘ ਢੇਸੀ ਵਲੋਂ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਦੇ ਵੱਖ-ਵੱਖ ਮੁਕਾਬਲਿਆਂ 'ਚ ਗੋਲਡ ਮੈਡਲ ਜਿੱਤਣ ਵਾਲੇ ਚਾਰ ਪਹਿਲਵਾਨਾਂ ਨੂੰ ਬਦਾਮਾਂ ਦਾ ਤੋਹਫਾ ਦੇ ਕੇ ਹੌਸਲਾ ਅਫਜਾਈ ਕੀਤੀ ਗਈ। ਇਸ ਦੌਰਾਨ ਰਜਿੰਦਰ ਸਿੰਘ ਰਿਐਤ ਕਨੇਡਾ ਵਲੋਂ ਪਹਿਲਵਾਨਾਂ ਨੂੰ ਫੱਲ ਵੰਡੇ ਗਏ। ਆਯੋਜਿਤ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਪੁਰੇਵਾਲ ਖੇਡਾਂ ਦੇ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਕਨੇਡਾ ਤੋਂ ਸਾਮਲ ਹੋਏ। ਹਰਭਜਨ ਸਿੰਘ ਢੇਸੀ ਨੇ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਵਲੋਂ ਪਹਿਲਵਾਨਾਂ ਨੂੰ ਦਿੱਤੀ ਜਾ ਰਹੀ ਵਧੀਆ ਸਿਖਲਾਈ ਦੀ ਸ਼ਲਾਘਾ ਕੀਤੀ ਅਤੇ ਜੇਤੂ ਪਹਿਲਵਾਨਾਂ ਦੀ ਹੌਸਲਾ ਅਫਜਾਈ ਕਰਦਿਆਂ ਉਹਨਾਂ ਨੂੰ ਹੋਰ ਮਿਹਨਤ ਕਰਕੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਆ। ਰਜਿੰਦਰ ਸਿੰਘ ਰਿਐਤ ਨੇ ਵੀ ਅਕੈਡਮੀ ਦੇ ਸੰਚਾਲਕ ਪੀ.ਆਰ. ਸੋਂਧੀ ਸਾਬਕਾ ਇੰਟਰਨੈਸ਼ਨਲ ਕਸ਼ਸਤੀ ਕੋਚ, ਪਹਿਲਵਾਨ ਅਮਰੀਕ ਸਿੰਘ ਮੇਹਲੀ ਤੇ ਰਵਿੰਦਰ ਨਾਥ ਕੋਚ ਵਲੋਂ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਗੁਰਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਹੋਣਹਾਰ ਪਹਿਲਵਾਨਾਂ ਦੀ ਹੌਸਲਾ ਅਫਜਾਈ ਕਰਨਾ ਇੱਕ ਚੰਗਾ ਉਪਰਾਲਾ ਹੈ। ਇਸ ਨਾਲ ਉਹਨਾਂ ਵਿਚ ਆਤਮ ਵਿਸ਼ਵਾਸ ਵੱਧਦਾ ਹੈ। ਇਸ ਮੌਕੇ ਸੱਬਾ ਸੰਘਾ, ਵਿਸ਼ਾਲ ਨੰਨ੍ਹਾ ਡੱਡਵਾਲ, ਕੁਲਤਾਰ ਸਿੰਘ ਹਕੀਮਪੁਰ ਤੋਂ ਇਲਾਵਾ ਪੰਜਾਬ ਰੈਸਲਿੰਗ ਐਸੋਸੀਏਸਨ ਦੇ ਪੀ.ਆਰ.ਓ. ਗੀਤ ਪ੍ਰੀਤ ਪਾਲ ਸਿੰਘ ਅਤੇ ਸਨਮਾਨਤ ਪਹਿਲਵਾਨ ਹਾਜਰ ਸਨ।



ਫਿਲੌਰ ਵਿਖੇ ਸਵ. ਤ੍ਰਿਪਤਾ ਭੱਲਾ ਦੀ ਯਾਦ 'ਚ ਉਹਨਾਂ ਦੇ ਪਤੀ ਮਹਿੰਦਰਪਾਲ ਭੱਲਾ, ਸਪੁੱਤਰ ਰਾਜੂ ਭੱਲਾ, ਸਨਮ ਭੱਲਾ, ਡਾ. ਮਿੰਟੂ ਸ਼ਰਮਾ, ਪੰਕਜ ਖੋਸਲਾ, ਸੌਰਭ ਖੋਸਲਾ ਲੰਗਰ ਵਰਤਾਉਂਦੇ ਹੋਏ। ( ਫੋਟੋ ਤੇ ਵੇਰਵਾ-ਬੀ ਐੱਸ ਕੈਨੈਡੀ)